੩੪ਵਾਂ ਸਾਲ

# ਵਰਿਆਮ

ਸਤੰਬਰ-੨੦੦੯

ਦਸਤਾਰਬੰਦੀ ਸਮਾਗਮ ੧੦ ਸਤੰਬਰ ੧੯੫੯ ਸ੍ਰੀ ਭੈਣੀ ਸਾਹਿਬ



ਸਤਿਗੁਰੂ ਜਗਜੀਤ ਸਿੰਘ ਗੁਰਗੱਦੀ ਅਰਧ ਸ਼ਤਾਬਦੀ ਵਿਸ਼ੇਸ਼ ਅੰਕ 50/-

Namdhari Elibrary NamdhariElibrary@gmail.com



...ਖੀ ੨੦੦੭। ਕੂਕਾ ਮੂਵਮੈਂਟ ਦਾ ਡੇਢ ਸ਼ਤਾਬਦੀ ਸਮਾਰੋਹ। ਸ੍ਰੀ ਭੈਣੀ ਸਾਹਿਬ ਵਿਚ ਸਫੈਦ ਪਰਚਮ
...ਤੇਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ। ਨਾਲ ਹਨ ਸੰਤ ਜਗਤਾਰ ਸਿੰਘ ਜੀ, ਸੇਵਕ ਰਛਪਾਲ ਸਿੰਘ,
ਸ. ਹ.ਸ. ਹੰਸਪਾਲ, ਬੀਬਾ ਸਾਹਿਬ ਕੌਰ ਅਤੇ ਸ੍ਰੀ ਮਾਤਾ ਚੰਦ ਕੌਰ ਜੀ।

Namdhari Elibrary Namdharielibrary@gmail.com



ਨੈਰੋਬੀ - ਕੀਨੀਆ ਦੇ ਹਵਾਈ ਅੱਡੇ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ (ਉਦੋਂ ਬਾਬਾ ਜੀ) ਜਗਜੀਤ ਸਿੰਘ ਜੀ ਦਾ ਸੁਆਗਤ ਕਰਦੇ ਹੋਏ ਭਾਰਤੀ ਹਾਈ ਕਮਿਸ਼ਨਰ ਅਤੇ ਸੰਗਤਾਂ।

Namdhari Elibrary NamdhariElibrary@gmail.com



ਗਵਾਲੀਅਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਨਮਾਨ ਕਰਦੇ ਹੋਏ ਸੰਸਾਰ ਪ੍ਰਸਿਧ ਸਰੋਦ ਨਵਾਜ਼ ਉਸਤਾਦ ਅਮਜਦ ਅਲੀ ਖਾਂ ਸਾਹਿਬ।



ਉਸਤਾਦ ਅਮਜਦ ਅਲੀ ਖਾਂ ਸਾਹਿਬ ਵਲੋਂ ਆਪਣੇ ਪਿਤਾ ਉਸਤਾਦ ਹਾਫਿਜ਼ ਅਲੀ ਖਾਂ ਸਾਹਿਬ ਦੀ ਯਾਦ ਵਿਚ ਗਵਾਲੀਅਰ ਵਿਖੇ ਸਥਾਪਤ ਕੀਤੇ ਸਰੋਦ ਘਰ ਦੇ ਉਦਘਾਟਨ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸਤਾਦ ਜੀ ਦੇ ਪਰਿਵਾਰ ਅਤੇ ਕਲਾਕਾਰਾਂ ਨਾਲ।

Namdhari Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਆਫਤਾਬੇ ਮੌਸੀਕੀ ਉਸਤਾਦ ਵਲਾਇਤ ਖਾਂ ਸਾਹਿਬ।



ਪ੍ਰਸਿਧ ਸੰਗੀਤ ਨਿਰਦੇਸ਼ਕ- ਸੰਤੂਰ ਵਾਦਕ ਪੰਡਿਤ ਸ਼ਿਵ ਕੁਮਾਰ ਸ਼ਰਮਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ

Namdhari Elibrary NamdhariElibrary@gmail.com



ਸੰਸਾਰ ਸੰਗੀਤ ਦੀ ਪ੍ਰਸਿਧ ਹਸਤੀ ਸਿਤਾਰ ਨਵਾਜ਼ ਪੰਡਿਤ ਰਵੀ ਸ਼ੰਕਰ ਸਤਿਗੁਰੂ ਜੀ ਦੀ
ਸੰਗਤ ਵਿਚ। ਨਾਲ ਹਨ ਸ. ਗੁਰਦੇਵ ਸਿੰਘ ਸਰੋਦ ਵਾਦਕ।



ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀਮਤੀ ਸੋਨੀਆ ਗਾਂਧੀ ਦੀ ਮੁਲਾਕਾਤ।
ਸ. ਹੰਸਪਾਲ, ਸੰਤ ਜਗਤਾਰ ਸਿੰਘ ਅਤੇ ਬੀਬਾ ਸਾਹਿਬ ਕੌਰ ਵੀ ਬੈਠੇ ਹਨ।

Namdhari Elibrary NamdhariElibrary@gmail.com

# ਵਰਿਆਮ


ਸਤੰਬਰ - ੨੦੦੯

ਜਿਲਦ-੩੪

ਅੰਕ- ੧੧



**ਸੰਪਾਦਕ**

**ਜਗਦੀਸ਼ ਸਿੰਘ 'ਵਰਿਆਮ'**

| | |
|---|---|
| ਫ਼ਤਰ ਦਾ ਪਤਾ: | Office Address : |
| ਾਸਿਕ ਵਰਿਆਮ | Monthly WARIAM |
| ਾਡੋਵਾਲੀ ਰੋਡ | |
| ਾਹਮਣੇ ਸੈਂਟਰਲ ਟਾਊਨ) | Ladowali Road. |
| ਲੰਧਰ- ੧੪੪੦੦੧ | Opp. Central Town, |
| | Jalandhar-144001 |
| ਨ-:੦੧੮੧- ੨੨੨੨੫੪੩ | Ph. :0181-2222543 (O) |
| ਰ : ੦੧੮੧-੨੪੫੬੨੮੯ | 0181-2456289 (R) |


**ਵਰਿਆਮ ਦੇ ਦਰ**

| | |
|---|---|
| ਹ ਅੰਕ | ੫੦-੦੦ |
| ਲਾਨਾ ਚੰਦਾ | ੨੦੦-੦੦ |
| ਸਾਲ ਲਈ | ੮੦੦-੦੦ |
| ਵਨ ਮੈਂਬਰ | ੨੦੦੦-੦੦ |
| ਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਾਈ ਡਾਕ ਰਾਹੀਂ | (ਸਾਲਾਨਾ) |

ਡਰਾਫਟ Monthly Wariam ਜਾਂ ਕੇਵਲ Wariam ਦੇ
ਤੇ ਹੀ ਭੇਜੇ ਜਾਣ।

**ਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ
ਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭
ੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ
ਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ
ਪ੍ਰਵਾਨ ਹੈ।

# ਤਤਕਰਾ


ਸੰਦੇਸ਼ ---------- ੨

ਮਹਿਕਿਆ ਪੁਸ਼ਪ ਬਹਾਰਾਂ ਦਾ —*ਜਗਦੀਸ਼ ਸਿੰਘ ਵਰਿਆਮ* --- ੩

ਗੱਲਾਂ ਨਰਿੰਦਰ ਸਿੰਘ ਯੁਗ ਮਰਯਾਦਾ ਵਾਲੇ ਦੀਆਂ —*ਜਗਦੀਸ਼ ਸਿੰਘ ਵਰਿਆਮ* ---------- ੫

ਸੰਤ ਵਾਸਦੇਵ ਸਿੰਘ ਭਮਰਾ —*ਜਗਦੀਸ਼ ਸਿੰਘ ਵਰਿਆਮ* ---- ੭

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਿਆਈ ਦੀ ਅੱਧੀ ਸਦੀ —*ਗੁਰਬਚਨ ਸਿੰਘ ਭੁੱਲਰ* ------- ੯

ਨਾਮਧਾਰੀ ਮਿਸ਼ਨ ਤੇ ਮਰਿਆਦਾ ਦੀ ਪ੍ਰਸੰਗਤਾ —*ਡਾ. ਜੋਗਿੰਦਰ ਸਿੰਘ* ---------- ੧੧

ਮਾਨਵੀ ਭਾਵਾਂ ਨੂੰ ਸਮਝਣ ਵਾਲੀ ਸ਼ਖਸੀਅਤ —*ਡਾ. ਜਸਪਾਲ ਸਿੰਘ ਰੰਧਾਵਾ* ---------- ੧੫

ਦੋ ਅਰਧ ਸ਼ਤਾਬਦੀਆਂ —*ਸੁਵਰਨ ਸਿੰਘ ਵਿਰਕ* -------- ੨੧

ਸ਼ਮਸ਼ੀਰ —*ਦਲਬੀਰ ਸਿੰਘ 'ਤਰਸ'* ---------- ੨੮

ਚੋਣਵੇਂ ਪੰਜਾਬੀ ਸ਼ਿਅਰ —*ਚਰਨ ਸੀਚੇਵਾਲਵੀ* ---------- ੩੩

ਪੰਜਾਬੀ ਸਾਹਿਤ ਲਈ ਵਰਦਾਨ- ਸਤਿਗੁਰੂ ਜਗਜੀਤ ਸਿੰਘ ਜੀ —*ਗੁਰਭੇਜ ਸਿੰਘ ਗੁਰਾਇਆ* -- ੩੪

ਭੇਟੀ, ਰਾਗ ਦੀ ਤ੍ਰਿਵੇਣੀ —*ਬਲਬੀਰ ਸਿੰਘ ਕੰਵਲ, ਲੰਡਨ* -- ੩੬

ਬੇਅੰਤ ਜੀ —*ਉਸਤਾਦ ਹਰਭਜਨ ਸਿੰਘ* ---------- ੪੫

ਤੁਮਰੀ ਮਹਿਮਾ ਬਰਨਿ ਨ ਸਾਕਉ —*ਬਲਜੀਤ ਸਿੰਘ ਰਾਗੀ* -- ੫੦

ਕਰਾਮਾਤ ਕਿ ਅਰਦਾਸ ? ---------- ੫੪

ਦੋ ਰਚਨਾਵਾਂ —*ਬਲਬੀਰ ਸਿੰਘ ਢਿਲੋਂ ਮੋਹਾਲੀ* -------- ੫੬

ਕਹਾਣੀਆਂ ਸਮਰਥ ਕੰਤ ਕੀਆਂ —*ਸਾਧੂ ਸਿੰਘ ਕਿਸਾਨ* ---- ੬੧

ਮਮਤਾ ਦੀ ਮੂਰਤ ਮਾਤਾ ਚੰਦ ਕੌਰ —*ਚੂਹੜ ਸਿੰਘ ਪਿੰਡ ਬੱਜੋਂ* - ੬੬

ਭੂਲੇ ਮਾਰਗੁ ਜਿਨਹਿ ਬਤਾਇਆ —*ਸੂਬਾ ਬਲਵਿੰਦਰ ਸਿੰਘ 'ਭੱਲ'* ---------- ੬੭

ਵਰ੍ਹੇ ਪੰਜਾਹ ਕੰਮ ਅਥਾਹ —*ਮਾਸਟਰ ਅਮਰੀਕ ਸਿੰਘ* ------- ੭੩

ਵੱਡਾ ਜੇਤਸ਼ੀ —*ਤਾਰਾ ਸਿੰਘ ਅਨਜਾਣ* ---------- ੭੭

ਗੁਰ ਪਰਉਪਕਾਰੀ —*ਪ੍ਰੋ. ਕਿਰਪਾਲ ਸਿੰਘ ਕਸੇਲ* ---------- ੭੯

ਯੋਜਨਾ ਬਿਅੰਤ ਹੈ ਲਿਆਇਆ ਜਗਜੀਤ ਗੁਰ —*ਸੰਤ ਆਤਮਾ ਸਿੰਘ ਸਨਖਤਰਾ* ---------- ੮੦

ਨਾਮਧਾਰੀ ਹਾਕੀ ਦੀ ਸੰਖੇਪ ਵਾਰਤਾ —*ਰਛਪਾਲ ਸਿੰਘ* ------ ੮੪

Namdhari Hockey Team (Achievements) -- ੮੭

Namdhari Seeds ---------- ੮੮

ਸੁਖ ਸਾਗਰੁ ਗੁਰਦੇਉ ਹੈ —*ਕੁਲਵੰਤ ਕੌਰ (ਕੁੱਕੂ)* -------- ੯੩

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਡਿਨ ਪਹਿਲੂ —*ਗੁਰਸੇਵ ਸਿੰਘ ਢਿੱਲੋਂ* ---------- ੯੫

ਕਬਿੱਤ —*ਗੁਰਸੇਵ ਸਿੰਘ ਢਿੱਲੋਂ* ---------- ੯੭





Namdhari Elibrary NamdhariElibrary@gmail.com



एच. एस. हंसपाल
सदस्य
H. S. Hanspal
Member
ਐਚ. ਐਸ. ਹੰਸਪਾਲ
ਮੈਂਬਰ

सत्यमेव जयते

भारत सरकार
GOVERNMENT OF INDIA
राष्ट्रीय अल्पसंख्यक आयोग
NATIONAL COMMISSION FOR MINORITIES

# ਸੰਦੇਸ਼



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਦੀ ਆਤਮਾ ਬਲਵਾਨ ਰੱਖਣ ਲਈ ਉਹਨਾਂ ਕੋਲੋਂ ਲਗਾਤਾਰ ਨਾਮ ਸਿਮਰਨ ਕਰਵਾਇਆ ਹੈ। ਇਹ ਨਾਮ ਸਿਮਰਨ ਅਖੰਡ ਵਰਨੀਆਂ ਰਾਹੀਂ ਵੀ ਚੱਲ ਰਿਹਾ ਹੈ। ਆਪ ਜੀ ਨੇ ਗੁਰਬਾਣੀ ਦੇ ਲੱਖਾਂ ਹੀ ਅਖੰਡ ਪਾਠ ਕਰਵਾ ਕੇ ਰਾਸ਼ਟਰ ਤੇ ਅੰਤਰ-ਰਾਸ਼ਟਰੀ ਧਾਰਮਿਕ ਅਤੇ ਅਧਆਤਮਕ ਕਾਨਫਰੰਸਾਂ ਸਮੇਂ ਦਰਸ਼ਨ ਦੇ ਕੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ ਜੀ ਦੀ ਸਿੱਖੀ ਦਾ ਝੰਡਾ ਹੋਰ ਉਚੇਰਾ ਕੀਤਾ ਹੈ। ਸਾਬਤ ਸੂਰਤ ਸਿੱਖੀ ਦੀ ਪਛਾਣ, ਨਾਮਧਾਰੀ ਪਛਾਣ ਤੇ ਨਾਲ-ਨਾਲ ਗੁਰਮਤ ਸੰਗੀਤ ਲਈ ਬਖ਼ਸ਼ਸ਼ ਆਪ ਜੀ ਦੀ ਕਿਰਪਾ ਹੈ। ਆਪ ਜੀ ਨੇ ਗਊ ਰੱਖਿਆ ਅਤੇ ਉਸ ਦੀ ਨਸਲ ਸੁਧਾਰ ਤੋਂ ਇਲਾਵਾ ਬਾਗਬਾਨੀ ਅਤੇ ਖੇਤੀਬਾੜੀ ਵਿੱਚ ਕੀਟਨਾਸ਼ਕਾਂ ਤੋਂ ਬਿਨਾਂ ਹੀ ਵਧੀਆ ਉਪਜ ਦਾ ਰਾਹ ਦੱਸਿਆ ਹੈ ਅਤੇ ਵਿਸ਼ਵ ਵਿੱਚ ਨਾਮਧਾਰੀ ਸੀਡਜ਼ ਨੇ ਆਪਣੀ ਥਾਂ ਬਣਾਈ ਹੈ।

ਇਸਤਰੀਆਂ ਪ੍ਰਤੀ ਲੋਕਾਂ ਦੇ ਮਨ ਵਿੱਚ ਉਹਨਾਂ ਦਾ ਮਾਣ ਵਧਾਉਣ ਲਈ ਉਹਨਾਂ ਦੇ ਦਾਜ-ਦਹੇਜ ਰਹਿਤ ਸਾਦੇ ਅਨੰਦ ਕਾਰਜ, ਭਰੂਣ ਹੱਤਿਆ ਦੀ ਬਿਮਾਰੀ ਨੂੰ ਨੇੜੇ ਨਾ ਆਉਣ ਦੇਣ ਅਤੇ ਨਾਮਧਾਰੀ ਪੰਥ ਲਈ ਕਾਰਜ ਕਰਨ ਵਿੱਚ ਆਪ ਜੀ ਦੇ ਥਾਪੜੇ ਨੇ ਉਹਨਾਂ ਨੂੰ ਬਲਵਾਨ ਕੀਤਾ ਹੈ। ਆਪ ਜੀ ਨੇ ਕੌਮਾਤਰੀ ਪੱਧਰ ਤੇ ਸ਼ਾਕਾਹਾਰੀ, ਅਮਨ ਕਾਨਫਰੰਸਾਂ ਕਰਕੇ ਅਤੇ ਵਿਸ਼ਵ ਵਿੱਚ ਪ੍ਰਮੁੱਖ ਵਿਅਕਤੀਆਂ, ਹਸਤੀਆਂ ਨਾਲ ਬਚਨ ਬਿਲਾਸ ਕਰਕੇ ਸੰਸਾਰਕ ਸੁੱਖ ਲਈ ਰਾਹ ਦੱਸਿਆ ਹੈ। ਸੁਚੱਜੀ ਅਤੇ ਸੁੱਚੀ ਜੀਵਨ ਜਾਚ ਦੱਸ ਕੇ ਵਿਸ਼ਵ ਸ਼ਾਂਤੀ ਅਤੇ ਸ਼ੁੱਧ ਵਾਤਾਵਰਨ ਰੱਖਣ ਵਿੱਚ ਆਪ ਜੀ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਅਦਾਰਾ ਵਰਿਆਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਦੀ ਨਸ਼ੀਨੀ ਦੇ ੫੦ ਸਾਲ ਪੂਰੇ ਹੋਣ ਉਪਰੰਤ ਵਿਸ਼ੇਸ਼ ਅੰਕ ਕੱਢ ਰਿਹਾ ਹੈ। ਜਿੱਥੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਸ਼ਰਧਾਲੂ ਇਸ ਨਾਲ ਖੁਸ਼ੀ ਤੇ ਖੇੜੇ ਵਿੱਚ ਆਉਣਗੇ ਓਥੇ ਹੋਰ ਪਾਠਕਾਂ ਨੂੰ ਵੀ ਸ੍ਰੀ ਸਤਿਗੁਰੂ ਜੀ ਸੰਬੰਧੀ ਵੱਡੀ ਅਨਮੋਲ ਸਮਗਰੀ ਪੜ੍ਹਨ ਨੂੰ ਮਿਲੇਗੀ, ਜਿਸ ਨਾਲ ਸਤਿਗੁਰੂ ਜੀ ਪ੍ਰਤੀ ਉਹਨਾਂ ਦੇ ਸ਼ਰਧਾ ਸਤਿਕਾਰ ਵਿੱਚ ਵਾਧਾ ਹੋਵੇਗਾ ਅਤੇ ਜੀਵਨ ਜਿਉਣ ਲਈ ਉੱਤਮ ਸੇਧ ਮਿਲੇਗੀ।

ਹਰਵਿੰਦਰ ਸਿੰਘ ਹੰਸਪਾਲ

(ਹਰਵਿੰਦਰ ਸਿੰਘ ਹੰਸਪਾਲ )

लोक नायक भवन, (पांचवी मंजिल), खान मार्किट, नई दिल्ली-110 003



Namdhari Elibrary NamdhariElibrary@gmail.com

# ਮਹਿਕਿਆ ਪੁਸ਼ਪ ਬਹਾਰਾਂ ਦਾ



ਪੰਜਾਹ ਸਾਲ ਪਹਿਲਾਂ ਸੰਨ ੧੯੫੯ ਈਸਵੀ ਦਾ ਸਾਲ ਸੀ। ਨਾਮਧਾਰੀ ਸੰਸਾਰ ਭਾਰੀ ਜਦੋਂ ਜਹਿਦ ਵਿਚੋਂ ਲੰਘ ਰਿਹਾ ਸੀ। ਜਿਸ ਆਜ਼ਾਦੀ ਦੀ ਪ੍ਰਾਪਤੀ ਲਈ ਨਾਮਧਾਰੀ ਸੂਰਮੇ ਤੋਪਾਂ ਅੱਗੇ ਉਡ ਗਏ ਪਰ ਬਦੇਸ਼ੀ ਸੱਤਾ ਨੂੰ ਪਰਵਾਨ ਨਾ ਕੀਤਾ, ਜਿਸ ਆਜ਼ਾਦੀ ਵਾਸਤੇ ਨਾਮਧਾਰੀਆਂ ਦੇ ਮਹਿਬੂਬ ਚੀਨੀ ਵਾਲੇ ਪਾਤਸ਼ਾਹ ਸਮੁੰਦਰਾਂ ਤੋਂ ਪਾਰ ਜਲਾਵਤਨ ਕੀਤੇ ਗਏ, ਉਸ ਆਜ਼ਾਦੀ ਦੀ ਪ੍ਰਾਪਤੀ ਤੋਂ ੧੨ ਵਰ੍ਹੇ ਬਾਦ ਹੀ ਨਾਮਧਾਰੀ ਸਮਾਜ ਭਿਆਨਕ ਝਖੜ ਦੀ ਲਪੇਟ ਵਿਚ ਆ ਗਿਆ। ਆਜ਼ਾਦੀ ਮਿਲਣ ਤੋਂ ਬਾਅਦ ਅਜੇ ਦੇਸ਼ ਦੀ ਵੰਡ ਦੇ ਜ਼ਖ਼ਮ ਹਰੇ ਵੀ ਨਹੀਂ ਸਨ ਹੋਏ ਕਿ ਇਕ ਸਮੇਂ ਆਪਣੇ ਲਗਦੇ ਲੀਡਰਾਂ ਦੀ ਹਉਂ ਨੇ ਧੁੰਦੂਕਾਰ ਫੈਲਾ ਦਿੱਤਾ। ਬਹੁਤ ਕੁਝ ਹੋਇਆ, ਅੰਤ ਆਪਣੀ ਗੱਲ ਤੇ ਪਹਿਰਾ ਦਿੰਦਿਆਂ ਮਹਾਂ ਪ੍ਰਤਾਪੀ ਸੂਰਜ ਸਤਿਗੁਰੂ ਪ੍ਰਤਾਪ ਸਿੰਘ ਆਪਣੀਆਂ ਕਿਰਨਾਂ ਸਮੇਟ ਗਏ। ਇਹ ਨਿਸ਼ਚੇ ਹੀ ਮਹਾਂ ਅੰਧਕਾਰ ਦਾ ਸਮਾਂ ਸੀ। ਇਸ ਅੰਧਕਾਰ ਮਈ ਸਮੇਂ ਵਿਚੋਂ ਸਤਿਗੁਰੂ ਜਗਜੀਤ ਸਿੰਘ ਇਵੇਂ ਉਭਰੇ ਜਿਵੇਂ ਮੱਸਿਆ ਦੀ ਰਾਤ ਬਾਦ ਸੂਰਜ ਉਦੈ ਹੁਦਾ ਹੈ। ਜਦੋਂ ਕੋਈ ਵਿਅਕਤੀ ਡੂੰਘੇ ਪਾਣੀ ਵਿੱਚ ਡੁੱਬ ਰਿਹਾ ਹੁੰਦਾ ਹੈ ਤੇ ਸਵਾਏ ਮੌਤ ਦੇ ਉਸ ਕੁਝ ਨਹੀਂ ਮਹਿਸੂਸ ਹੁੰਦਾ। ਅਜਿਹੇ ਸਮੇਂ ਜੇ ਕੋਈ ਉਸ ਨੂੰ ਬਾਹੋਂ ਫੜ ਕੇ ਪਾਣੀ ਚੋਂ ਬਾਹਰ ਕੱਢ ਦੇਵੇ, ਨਵਾਂ ਜੀਵਨ ਨਵੀਆਂ ਹਵਾਵਾਂ ਅਤੇ ਚਾਨਣ ਵਿਚ ਜਿਵੇਂ ਉਹ ਮਨੁਖ ਮਹਿਸੂਸ ਕਰਦਾ ਹੈ, ਸਤਿਗੁਰੂ ਜਗਜੀਤ ਸਿੰਘ ਜੀ ਦੇ ਚਾਨਣ ਅਤੇ ਨਿੱਘ ਵਿਚ ਲੱਖਾਂ ਨਾਮਧਾਰੀਆਂ ਨੇ ਇਵੇਂ ਮਹਿਸੂਸ ਕੀਤਾ। ਇਹਨਾਂ ਮਨੋਭਾਵਾਂ ਨੂੰ ਸਾਡੇ ਬਜ਼ੁਰਗ ਮਿਤਰ ਸ੍ਰੀ ਪ੍ਰੀਤਮ ਸਿੰਘ ਕਵੀ ਨੇ ਆਪਣੀ ਇਕ ਪ੍ਰਸਿੱਧ ਰੁਬਾਈ ਵਿਚ ਇਵੇਂ ਬਿਆਨ ਕੀਤਾ ਹੈ।

ਵੰਨ ਸੁਵੰਨੇ ਰੂਪ ਧਾਰਦਾ ਜਗ ਜੁਗਾਂਤਰੋਂ ਆਇਆ। ਦਇਆ ਧਰਮ ਦੀਆਂ ਕਿਰਨਾਂ ਸੁੱਟ ਸੁੱਟ ਇਸ ਜੱਗ ਨੂੰ ਰੁਸ਼ਨਾਇਆ। ਸਦਕੇ ਉਸ ਦੇ ਪਿਆਰੇ ਦੇ ਸਾਨੂੰ ਲਾਵਾਰਸ ਨਹੀਂ ਕੀਤਾ। ਦੇ ਜਗਜੀਤ ਸਤਿਗੁਰੂ ਪਿਆਰਾ ਉਸ ਵਿਚ ਆਪ ਛੁਪਾਇਆ।

ਸੰਨ ੧੯੫੯ ਦੀ ਦਸ ਸਤੰਬਰ ਨੂੰ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰ ਬੰਦੀ ਸਮਾਗਮ ਨੂੰ ਅਸਾਂ ਆਪਣੀ ਅੱਖਾਂ ਨਾਲ ਵੇਖਿਆ ਹੈ। ਸ਼ਾਇਦ ਕਿਸੇ ਵੀ ਸਿਖ ਗੁਰੂ ਸਾਹਿਬ ਦੇ ਗੁਰੂ ਆਸਣ ਸੰਭਾਲਣ ਸਮੇਂ ਅਜਿਹਾ ਸਮਾਗਮ ਪਹਿਲੀ ਵਾਰ ਹੀ ਹੋਇਆ ਹੋਵੇ। ਸਿੱਖਾਂ ਹਿੰਦੂਆਂ ਦੀਆਂ ਸਾਰੀਆਂ ਸੰਪਰਦਾਵਾਂ, ਕਾਂਗਰਸ, ਅਕਾਲੀ, ਕਮਿਊਨਿਸਟ, ਸ਼ੋਸਲਿਸਟ ਜਨ ਸੰਘ ਪਾਰਟੀਆਂ ਦੇ ਸਭ ਧੜੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਵੇਂ ਧੜ੍ਹੇ (ਮਾਸਟਰ ਜੀ ਅਤੇ ਗਿਆਨੀ ਕਰਤਾਰ ਸਿੰਘ ਗਰੁੱਪ), ਰਾਧਾ ਸੁਆਮੀ ਮੱਤ ਦੇ ਮਹਾਂਪੁਰਖ, ਗਊ ਭਗਤ, ਸਰਕਾਰੀ ਅਤੇ ਵਰੋਧੀ ਪਾਰਟੀਆਂ, ਆਦਿ ਆਦਿ, ਸਭ ਦੇ ਵੱਡੇ ਨੇਤਾ ਵੀ ਪੁੱਜੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਤਿਕਾਰ ਸਹਿਤ ਦਸਤਾਰਾਂ ਭੇਟ ਕੀਤੀਆਂ

ਸਤਿਗੁਰੂ ਜਗਜੀਤ ਸਿੰਘ ਅਨੰਤ ਕਲਾਵਾਂ ਲੈ ਕੇ ਚੜ੍ਹੇ ਅਤੇ ਥੋੜ੍ਹੇ ਸਮੇਂ ਵਿਚ ਆਪਣੀ ਮਿਕਨਾਤੀਸੀ ਉਦਾਰ ਸ਼ਖਸੀਅਤ ਨਾਲ ਠੰਡ ਵਰਤਾ ਦਿੱਤੀ।

ਕੇਵਲ ਪੰਜ ਛੇ ਸਾਲ ਦੇ ਅਲਪ ਸਮੇਂ ਵਿਚ ਨੌਜਵਾਨਾਂ ਨੂੰ ਇਕ ਜਥੇਬੰਦੀ ਨਾਮਧਾਰੀ ਵਿਦਿਅਕ ਜੱਥੇ ਦੇ ਰੂਪ ਵਿਚ ਬਹੁਤ ਸਮਾਂ, ਸਰਮਾਇਆ ਅਤੇ ਉਦਮ ਬਖਸ਼ ਕੇ ਸਥਾਪਤ ਕੀਤਾ। ਅੱਜ ਕਲ ਨਾਮਧਾਰੀਆਂ ਦੀ ਸਮੁੱਚੀ ਲੀਡਰਸ਼ਿਪ ਇਸ ਵਿਦਿਅਕ ਜੱਥੇ ਵਿਚੋਂ ਹੀ ਆਈ ਹੈ। ਸ. ਹਰਵਿੰਦਰ ਸਿੰਘ ਹੰਸਪਾਲ, ਸ. ਇੰਦਰ ਸਿੰਘ ਨਾਮਧਾਰੀ ਵਰਗੇ ਪਾਰਲੀਮੈਂਟ ਦੇ ਮੈਂਬਰ ਹੋਣ, ਸਵ. ਸ. ਪ੍ਰੀਤਮ ਸਿੰਘ ਜੰਮੂ, ਸੁਵਰਨ ਸਿੰਘ ਵਿਰਕ ਅਤੇ ਵਰਤਮਾਨ ਪੰਚ ਸਰਪੰਚ ਆਪਣੇ ਇਲਾਕਿਆਂ ਵਿਚ ਉਚ ਸਿਆਸੀ ਪਦਵੀਆਂ ਤੇ ਹੋਣ ਦਾ ਮਾਣ ਪ੍ਰਾਪਤ ਕਰਨ ਵਾਲੇ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੋਹ ਪਾਸ਼ ਵਿਚ ਬੱਝੇ ਹੀ ਆਏ ਹਨ। ਜੇ ਨਾਮ ਲਿਖਣ ਲਗੀਏ ਤਾਂ ਬਹੁਤ ਵੱਡੀ ਸੂਚੀ, ਬਹੁਤ ਵੱਡੇ ਮਜ਼ਮੂਨ ਜਾਂ ਪੁਸਤਕ ਦਾ ਰੂਪ



Namdhari Elibrary NamdhariElibrary@gmail.com

ਧਾਰ ਸਕਦੀ ਹੈ। ਸੰਸਾਰ ਪੱਧਰ ਦੇ ਸੰਗੀਤਕਾਰ, ਕੀਰਤਨਕਾਰ, ਸਪੋਰਟਸਮੈਨ, ਆਰਕੀਟੈਕਟ, ਵਪਾਰੀ, ਪ੍ਰਬੰਧਕ, ਪਾਠੀ, ਵਿਆਖਿਆਕਾਰ, ਭਜਨੀਕ, ਸੇਵਾ ਲਈ ਤਤਪਰ ਦਾਨੀ, ਕਿਰਤੀ ਅਤੇ ਜ਼ਿੰਦਗੀ ਦੇ ਹੋਰ ਸ਼ੋਭਿਆਂ ਨਾਲ ਸਬੰਧਤ ਲੋਕ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੋਭਾ ਮੰਡਲ ਦੇ ਹੀ ਸਿਤਾਰੇ ਹਨ।

ਲੌਕਿਕ ਅਤੇ ਅਲੌਕਿਕ ਕਲਾਵਾਂ ਨਾਲ ਲੈਸ, ਅਨੰਤ ਖਜ਼ਾਨਿਆਂ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਸਭ ਤੋਂ ਵੱਡੀ ਅਤੇ ਸ਼ਕਤੀਸ਼ਾਲੀ ਨਿਧੀ ਹੈ ਨਾਮ ਸਿਮਰਨ ਦੀ। ਖਿਮਾ ਧੀਰਜ ਦਇਆ ਅਤੇ ਬਖਸ਼ਿਸ਼ ਦੇ ਉਹ ਮਹਾਨ ਭੰਡਾਰ ਹਨ ਅਤੇ ਰਸਾਤਲ ਵਿਚ ਡਿੱਗੇ ਜੀਵਾਂ ਨੂੰ ਬਾਹੋਂ ਫੜ ਕੇ ਬਾਹਰ ਕੱਢਣ ਦੀ ਉਹਨਾਂ ਨੂੰ ਬਾਣ ਹੈ। ਮਹਾਨ ਪੁਰਖਾਂ ਨੇ ਕੁਝ ਐਸੀਆਂ ਤਸ਼ਬੀਹਾ ਦਿੱਤੀਆਂ ਹਨ ਜਿਸ ਤੋਂ ਸਾਡੀ ਅਲਪਗਤਾ ਤੇ ਉਸ ਦੀ ਮਹਾਨਤਾ ਦੀ ਤੁਲਣਾ ਕਰਨ ਦਾ ਯਤਨ ਕੀਤਾ ਗਿਆ ਹੈ।

ਮਹਾਨ ਸਾਇੰਸਦਾਨ ਨਿਊਟਨ ਨੇ ਕਿਹਾ ਸੀ ਕਿ ਮੈਂ ਤਾਂ ਸਾਗਰ ਦੇ ਕੰਢੇ ਉਤੇ ਕੇਵਲ ਗੀਟੇ ਚੁਗਣ ਵਾਲੇ ਬਾਲਕ ਵਾਂਗ ਹਾਂ ਜਿਸ ਦੇ ਸਾਹਮਣੇ ਰਤਨਾਂ ਦਾ ਭਰਿਆ ਸਾਗਰ ਹੈ। ਬਾਬਾ ਜੀ– ਗੁਰੂ ਨਾਨਕ ਸਾਹਿਬ ਕਹਿੰਦੇ ਹਨ, "ਤੂ ਦਰਿਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤੁ ਲਹਾ'। ਸਾਡੇ ਮਹਾਨ ਇਤਿਹਾਸਕਾਰ ਕਵੀ ਭਾਈ ਸੰਤੋਖ ਸਿੰਘ ਕਹਿੰਦੇ ਹਨ ਕਿ ਗੁਰੂ ਦਾ ਜਸ ਤਾਂ ਮਿਸ਼ਰੀ ਦੇ ਪਹਾੜ ਵਾਂਗ ਹੈ ਮੈਂ ਕੀੜੀ ਉਸ ਚੋਂ ਕੀ ਚੁਣ ਸਕਦੀ ਹਾਂ। ਪ੍ਰਭੂ ਦਾ ਜਸ ਮਹਾਨ ਸਾਗਰ ਹੈ ਮੈਂ ਨਿਮਾਣੀ ਮਛਲੀ ਉਸ ਦੀ ਗਤੀ ਨਹੀਂ ਜਾਣ ਸਕਦੀ।

"ਗੁਰ ਕੋ ਜਸ ਹੈ ਸੈਲ ਨਬਾਤੇ॥ ਮੈ ਚੀਟੀ ਕਿਆ ਚੁਕ ਹੈ ਤਾਤੇ॥
ਪ੍ਰਭ ਕੋ ਜਸ ਹੈ ਸਿੰਧ ਮਹਾਨੇ॥ ਮੀਨ ਦੀਨ ਮਤਿ ਕਿਆ ਗਤਿ ਜਾਨੈ"

ਸਾਨੂੰ ਪਿਛਲੀ ਅਧੀ ਸਦੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਅਵਸਰ ਮਿਲਿਆ ਹੈ। ਦੋ ਗੱਲਾਂ ਦਾ ਥਹੁ ਨਹੀਂ ਪਾ ਸਕੇ। ਉਹਨਾਂ ਦੀ ਮਹਾਨਤਾ ਦਾ ਅਤੇ ਨਿਰਮਾਨਤਾ ਦਾ। ਉਹ ਰਹਿਮਤਾਂ ਦਾ ਇਕ ਐਸਾ ਵਗਦਾ ਦਰਿਆ ਹਨ ਜਿਸ ਦੇ ਆਰ ਪਾਰ ਦਾ ਕੋਈ ਪਤਾ ਨਹੀਂ। ਇਸ ਕਥਨ ਦੀ ਪੁਸ਼ਟੀ ਵਾਸਤੇ ਅਨੇਕਾਂ ਪ੍ਰਮਾਣ ਦਿੱਤੇ ਜਾ ਸਕਦੇ ਹਨ। ਉਹ ਮਹਾ ਮਹਿਮ ਸ਼ਖਸੀਅਤ ਦਾ ਮੁਲਾਂਕਣ ਸ਼ਬਦਾਂ ਵਿਚ ਸੰਭਵ ਨਹੀਂ। ਹਿਰਦੇ ਵਿਚ ਮਹਿਸੂਸ ਹੀ ਕੀਤਾ ਜਾ ਸਕਦੈ। ਇਥੇ ਅਸੀਂ ਭਾਈ ਗੁਰਦਾਸ ਜੀ ਦੇ ਸਬਦਾਂ ਦਾ ਸਹਾਰਾ ਲੈ ਕੇ ਆਪਣੀ ਗੱਲ ਕਹਿਣਾ ਚਾਹਾਂਗੇ

"ਏਕ ਉਪਕਾਰ ਕੇ ਵਿਥਾਰ ਕੋ ਨਾ ਪਾਰਾਵਾਰ ਕੋਟਿ ਉਪਕਾਰ ਸਿਮਰਨ ਉਨਮਾਨ ਹੈ।
ਦਯਾ ਨਿਧਿ, ਕ੍ਰਿਪਾ ਨਿਧਿ, ਸੋਭਾ ਨਿਧਿ ਮਹਿਮਾ ਨਿਧਾਨ ਗੰਮਤਾ ਨ ਕਾਹੂ ਆਨ ਹੈ।

ਪਾਠਕਾਂ ਦੀ ਸੇਵਾ ਵਿਚ ਨਵੰਬਰ ੨੦੦੮ ਵਿਚ ਵੀ ਇਸ ਵਿਸ਼ੇ ਤੇ ਇਕ ਵਿਸ਼ੇਸ਼ ਅੰਕ ਭੇਟ ਕੀਤਾ ਸੀ। ਇਹ ਅੰਕ ਛਾਪ ਕੇ ਵੀ ਸਾਡਾ ਜਤਨ ਤਾਂ ਗੁਲਹਿਰੀ ਵਲੋਂ ਰਾਮ ਸੇਤੂ ਵਿਚ ਹਿੱਸਾ ਪਾਉਣ ਵਾਂਗ ਹੈ।

ਇਸ ਅੰਕ ਵਿਚ ਵੱਖ ਵੱਖ ਸਾਹਿਤ ਸਰੂਪਾਂ, ਵਣਗੀਆਂ ਵਿਚ ਕੁਝ ਲਿਖਤਾਂ ਹਨ। ਉਹਨਾਂ ਸਭ ਦਾ ਕੇਂਦਰੀ ਬਿੰਦੂ ਸਤਿਗੁਰੂ ਜਗਜੀਤ ਸਿੰਘ ਜੀ ਹਨ। ਅਸੀਂ ਧੰਨਵਾਦੀ ਹਾਂ ਆਪਣੇ ਲੇਖਕ ਮਿੱਤਰਾਂ ਦਾ ਅਤੇ ਇਸ਼ਤਿਹਾਰਾਂ ਦੇ ਬਹਾਨੇ ਮਾਇਕ ਸਹਾਇਤਾ ਭੇਜਣ ਵਾਲਿਆਂ ਦਾ ਜਿਹਨਾਂ ਨੇ ਸਾਡੇ ਸੰਕਲਪ ਨੂੰ ਅਮਲੀ ਰੂਪ ਦੇਣ ਵਿਚ ਮਦਦ ਕੀਤੀ ਹੈ। ਸਮਸਿਆਵਾਂ ਅੜਿਕਿਆਂ ਦਾ ਜ਼ਿਕਰ ਨਹੀਂ ਕਰਾਂਗੇ। ਉਹ ਸਾਡੇ ਦੇਸ਼ ਦੀ ਵਿਆਪਕ ਸਮਸਿਆ ਹੈ। ਲੇਖਕ ਤਾਂ ਸ਼ਬਦਾਂ ਰਾਹੀਂ ਮਨੋਭਾਵ ਹੀ ਪਰਗਟ ਕਰ ਸਕਦਾ ਹੈ ਉਹ ਅੰਤਮ ਮੁਲਾਂਕਣ ਨਹੀਂ ਹੁੰਦਾ ਹੈ ਪਰ ਫੇਰ ਵੀ ਸ਼ਬਦ ਸਾਧਨ ਤਾਂ ਹਨ ਹੀ ਮੁਲਾਂਕਣ ਦਾ। ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੱਤਰ ਛਾਇਆ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਫੇਰ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਦੇ ਸ਼ਬਦਾਂ ਰਾਹੀਂ ਪ੍ਰਣਾਮ ਕਰਦੇ ਹਾਂ।

ਇਹ ਹੈ ਸੋਮਾ ਪਿਆਰਾਂ ਦਾ
ਖਿਮਾ ਸ਼ੀਲਤਾ ਸੱਚ ਸੱਚ ਸੰਜਮ ਘੇਰਾ, ਇਦੇ, ਦੀਦਾਰਾਂ ਦਾ
ਤਪਤ ਬੁੱਝੇ ਤਨ ਮਨ ਤੇ ਧਨ ਦੀ ਪਾ ਝਲਕਾ ਇਕ ਵਾਰਾਂ ਦਾ
ਦੁਖ ਭੁਲਦੇ, ਸੁਖ ਸਹਿਜ ਉਪਜਦੇ ਰਸ ਮਿਲਦਾ ਝਣਕਾਰਾਂ ਦਾ
ਸੂਖਮ, ਕੋਮਲ, ਸਦਾ ਸੁਗੰਧਤ ਮਹਿਰਮ ਦਿਲ ਦੀਆਂ ਤਾਰਾਂ ਦਾ
ਮਾਨੁੱਖਤਾ ਦੇ ਬੂਟੇ ਉਤੇ ਮਹਿਕਿਆ ਪੁਸ਼ਪ ਬਹਾਰਾਂ ਦਾ

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਗੱਲਾਂ ਨਰਿੰਦਰ ਸਿੰਘ ਯੁਗ ਮਰਯਾਦਾ ਵਾਲੇ ਦੀਆਂ



ਮੰਡੀ ਹਿਮਾਚਲ ਪ੍ਰਦੇਸ਼ 'ਚੋਂ ਛਪਦੇ ਹਿੰਦੀ ਮਾਸਕ ਪੱਤਰ 'ਯੁਗ ਮਰਯਾਦਾ' ਦੇ ਸੰਪਾਦਕ ਮਾਲਕ ਤੇ ਸੰਚਾਲਕ ਨਰਿੰਦਰ ਸਿੰਘ ਜੀ ੬੨ ਸਾਲ ਦੀ ਅਲਪ ਉਮਰ ਵਿਚ ਹੀ ਅਚਾਨਕ ੨੫ ਜੁਲਾਈ ੨੦੦੯ ਸਨਿਚਰਵਾਰ ਨੂੰ ਆਪਣੀ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਜਦੋਂ ਮੰਡੀ ਤੋਂ ਜਥੇਦਾਰ ਸਾਧਾ ਸਿੰਘ ਹੋਰਾਂ ਨੇ ਟੈਲੀਫੋਨ ਤੇ ਇਹ ਖਬਰ ਦਿੱਤੀ ਤਾਂ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਅਜੇ ਥੋਹੜੇ ਦਿਨ ਹੀ ਹੋਏ ਸਨ ਕਿ ਉਹ ਸ੍ਰੀ ਭੈਣੀ ਸਾਹਿਬ ਇਕ ਮੀਟਿੰਗ ਵਿਚ ਮਿਲੇ ਸਨ। ਸ. ਨਰਿੰਦਰ ਸਿੰਘ ਪਤਲੇ ਸਰੀਰ ਵਾਲੇ ਨਿਮੇ ਨਿਮੇ, ਧੀਮੇ ਧੀਮੇ ਤੇ ਮਿੱਠੇ ਮਿੱਠੇ ਬੋਲਾਂ ਵਿਚ ਬਹੁਤ ਮੁੱਲਵਾਨ ਬਚਨ ਕਰਨ ਵਾਲੇ ਵਿਅਕਤੀ ਸਨ। ਇਹ ਉਹਨਾਂ ਦਾ ਅਪਾਰ ਸਿਰੜ ਹੀ ਸੀ ਜੋ ਉਹ ਪ੍ਰਿੰਟਿੰਗ ਪ੍ਰੈਸ ਦੀ ਕਿਰਤ ਕਮਾਈ 'ਚੋਂ ਘਰ ਦਾ ਚੁੱਲਾ ਵੀ ਤਪਾਈ ਰੱਖਦੇ ਅਤੇ ਇਕ ਮਾਸਕ ਪੱਤਰ ਵੀ ਜਾਰੀ ਰੱਖਦੇ। ਦਰਅਸਲ 'ਯੁਗ ਮਰਯਾਦਾ' ਅਤੇ ਵਰਿਆਮ ਦੀ ਪੁਰਾਣੀ ਸਾਂਝ ਹੈ। ਅਸੀਂ ਨਾਮਧਾਰੀ ਵਿਦਿਅਕ ਜੱਥੇ ਦੇ ਸਾਲਾਨਾ ਸਮਾਗਮ ਤੇ ਗੁੜਗਾਉਂ ਫਾਰਮ ਤੇ ਜਾਣ ਵਾਸਤੇ ਦਿੱਲੀ ਪਹਾੜ ਗੰਜ ਦੀ ਨਾਮਧਾਰੀ ਧਰਮਸ਼ਾਲਾ ਵਿਚ ਇਕ ਰਾਤ ਇਕੱਠੇ ਸਾਂ ਜਦੋਂ ਨਰਿੰਦਰ ਸਿੰਘ ਨੇ ਵਿਚਾਰ ਰੱਖਿਆ ਕਿ ਉਹ ਹਿਮਾਚਲ ਪ੍ਰਦੇਸ਼ 'ਚੋਂ ਇਕ ਰਸਾਲਾ ਹਿੰਦੀ ਵਿਚ ਕੱਢ ਰਹੇ ਹਨ ਜੋ ਨਾ ਕੇਵਲ ਧਾਰਮਕ ਅਤੇ ਇਤਿਹਾਸਕ ਲੇਖਾਂ ਵਾਲਾ ਹੋਵੇਗਾ ਸਗੋਂ ਸਾਹਿਤਕ ਵੀ ਹੋਵੇਗਾ। ਉਸ ਵੇਲੇ ਇਹ ਹੈਰਾਨੀ ਵਾਲੀ ਗੱਲ ਸੀ ਕਿ ਧਾਰਮਕ ਪਰਚਾ ਸਾਹਿਤਕ ਕਿਵੇਂ ਹੋ ਸਕਦਾ ਹੈ? ਤੇ ਸੱਚ ਮੁੱਚ ਆਪਣੇ ਇਸ ਇਰਾਦੇ ਨੂੰ ਉਹਨਾਂ ਨੇ ਸੱਚ ਕਰ ਵਿਖਾਇਆ। ਉਹਨਾਂ ਦੇ ਉਸ ਸਮੇਂ ਦੇ ਸਹਿਯੋਗੀ ਸੰਤ ਸੁਰਿੰਦਰ ਸਿੰਘ ਗੰਭੀਰ ਸ਼ਿਮਲੇ ਵਾਲੇ ਸਨ। ਅਤੇ ਇਸ ਜੋੜੀ ਨੂੰ ਪਾਣ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਦਿਅਕ ਜੱਥੇ ਰਾਹੀਂ ਚੜ੍ਹਾਈ ਸੀ। ਸ੍ਰੀ ਭੈਣੀ ਸਾਹਿਬ ਵਿਚ ਨਰਿੰਦਰ ਸਿੰਘ ਜੀ ਬਹੁਤ ਕਮਾਲ ਦਾ ਬਾ ਦਲੀਲ ਭਾਸ਼ਣ ਕਰਦੇ ਅਤੇ ਇਸ ਜੱਥੇ ਦੇ ਉਹ ਸਕੱਤਰ ਵੀ ਰਹੇ। ਸਾਡੇ ਬਜ਼ੁਰਗ ਸਾਥੀ ਮਿੱਤਰ ਆਗੂ ਤੇ ਲੇਖਕ ਸਵਰਗੀ ਪ੍ਰੀਤਮ ਸਿੰਘ ਕਵੀ ਹੋਰਾਂ ਫੋਟੋਗਰਾਫੀ ਰਾਹੀਂ ਬਹੁਤ ਸਾਰੇ ਮਿੱਤਰਾਂ ਦੇ ਚਿੱਤਰ ਸਾਂਭ ਕੇ ਕਿਸੇ ਜ਼ਮਾਨੇ 'ਚ ਰੱਖੇ ਸਨ। ਨਰਿੰਦਰ ਸਿੰਘ ਦੀ ਇਕ ੧੯੮੦ ਵਿਚ ਖਿਚੀ ਤਸਵੀਰ ਦੇ ਪਿਛੇ ਕਵੀ ਜੀ ਨੇ ਲਿਖਿਆ ਹੈ "ਨਾਮਧਾਰੀ ਵਿਦਿਅਕ ਜੱਥੇ ਦੇ ਲਗਭਗ ਸਥਾਈ ਸਕੱਤਰ ਸੰਤ ਨਰਿੰਦਰ ਸਿੰਘ ਮੰਡੀ।"

ਵਰਿਆਮ ਦੇ ਜਨਮ ਨਾਲ ਵੀ ਨਰਿੰਦਰ ਸਿੰਘ-ਸੁਰਿੰਦਰ ਸਿੰਘ ਦਾ ਗਹਿਰਾ ਸੰਬੰਧ ਹੈ। ਦਰਅਸਲ ਯੁਗ ਮਰਯਾਦਾ ਦਾ ਪੰਜਾਬੀ ਸੰਸਕਰਣ ਉਹ ਕੱਢਣਾ ਚਾਹੁੰਦੇ ਸਨ। ਅਸੀਂ ਜਲੰਧਰ ਵਿਚ ਨਵੀਂ ਨਵੀਂ ਟਰੇਡਲ ਮਸ਼ੀਨ ਵਾਲੀ ਪ੍ਰੈਸ ਲਾਈ ਸੀ। ਇਹ 'ਯੁੱਗ ਮਰਯਾਦਾ' ਇਥੋਂ ਹੀ ਪੰਜਾਬੀ ਵਿਚ ਛਪਣਾ ਸੀ। ਸਹੀ ਸੂਚਨਾ ਦੀ ਅਣਹੋਂਦ ਕਰਕੇ ਪੰਜਾਬੀ ਯੁਗ ਮਰਯਾਦਾ ਤਾਂ ਨਾ ਨਿਕਲ ਸਕਿਆ ਪਰ ਖੂਬਸੂਰਤ ਭੁਲੇਖੇ ਨਾਲ ਵਰਿਆਮ ਨਿਕਲ ਆਇਆ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ



Namdhari Elibrary NamdhariElibrary@gmail.com

ਕਿਰਪਾ ਨਾਲ ਸੁਖ ਨਾਲ ਚੌਤੀ ਸਾਲ ਪੂਰੇ ਕਰਨ ਵਾਲਾ ਹੈ। ਉਂਝ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਜੇ ਕਰਾਮਾਤ ਦੇ ਖਾਤੇ ਵਿਚ ਕੋਈ ਘਟਨਾ ਰਖਣੀ ਹੋਵੇ ਤਾਂ ਇਹ 'ਵਰਿਆਮ' ਤਾਂ ਹੈ ਹੀ। ਸੂਚਨਾ ਦੀ ਅਣਹੋਂਦ ਅਤੇ ਭੁਲੇਖੇ ਨਾਲ ਹੀ ਸਹੀ ਇਕ ਬਹੁਤ ਚੰਗਾ ਕਾਰਜ ਹੋ ਗਿਆ ਪਰ ਇਸ ਪਿਛੇ ਸ. ਨਰਿੰਦਰ ਸਿੰਘ ਸੰਪਰਕ ਨੂੰ ਭੁਲਾਇਆ ਨਹੀਂ ਜਾ ਸਕਦਾ।

ਵਰਿਆਮ ਨਾਲ ਸਬੰਧਤ ਸ. ਨਰਿੰਦਰ ਸਿੰਘ ਦੀ ਇਕ ਹੋਰ ਮਹੱਤਵਪੂਰਨ ਦੇਣ ਹੈ ਜੋ ਸ਼ਾਇਦ ਜਾਂ ਤਾਂ ਉਹਨਾਂ ਨੂੰ ਸੁਭਾਅ ਅਨੁਸਾਰ ਭੁਲ ਗਈ ਜਾਂ ਉਹਨਾਂ ਕਦੇ ਵੀ ਨਾ ਚਿਤਾਰੀ। ਸੰਨ ੧੯੭੮ ਵਿਚ ਪਹਿਲੀ ਵਾਰ ਕਿਸੇ ਮੈਗਜ਼ੀਨ ਜਾਂ ਪੁਸਤਕ ਦਾ ਕੋਈ ਨਰੋਲ ਅੰਕ "ਸਤਿਗੁਰੂ ਜਗਜੀਤ ਸਿੰਘ ਅੰਕ' ਨਿਕਲਿਆ, ਉਹ ਸੀ ਵਰਿਆਮ ਦਾ ਯਾਦਗਾਰੀ ਅੰਕ ਜਿਸ ਪਿਛੇ ਮੂਲ ਖਿਆਲ ਤੇ ਸੁਝਾਅ ਸ. ਨਰਿੰਦਰ ਸਿੰਘ ਦਾ ਹੀ ਸੀ। ਸ. ਨਰਿੰਦਰ ਸਿੰਘ ਹੱਡਾਂ ਦਾ ਬਾਲਣ ਪਾ ਕੇ ਯੁਗ ਮਰਯਾਦਾ ਨੂੰ ਰੁਕ ਰੁਕ ਕੇ ਤੋਰੀ ਰੱਖਦੇ ਰਹੇ ਹਨ। ਕਈ ਵਾਰ ਬਗੈਰ ਟਾਈਟਲ ਤੋਂ ਵੀ ਪਰਚਾ ਪੋਸਟ ਕਰ ਦਿੰਦੇ ਸਨ। ਸ਼ਰਾਫਤ ਅਤੇ ਨਿਮਰਤਾ ਦੀ ਏਨੀ ਭਾਰੀ ਪੰਡ ਚੁੱਕੀ ਰੱਖੀ ਕਿ ਕਦੇ ਮਾਇਆ ਦੀ ਸ਼ਕਾਇਤ ਨਹੀਂ ਕੀਤੀ ਅਤੇ ਨਾ ਹੀ ਤਕਾਜ਼ਾ।

ਨਰਿੰਦਰ ਸਿੰਘ ਜੀ, ਸਵਰਗੀ ਡਾਕਟਰ ਤ੍ਰਲੋਕ ਸਿੰਘ ਜੀ ਕੁਦਰਤੀ ਇਲਾਜ ਪ੍ਰਣਾਲੀ ਵਾਲਿਆਂ ਦੇ ਚੇਲੇ ਰਹੇ ਅਤੇ ਭੋਜਨ ਵਿਚ ਏਨੀ ਸਾਦਗੀ ਕਿ ਕਈ ਕਈ ਦਿਨ ਕੱਚਾ ਅਧਰਕ ਬੜੀ ਆਸਾਨੀ ਨਾਲ ਖਾ ਕੇ ਗੁਜ਼ਾਰਾ ਕਰ ਸਕਦੇ ਸਨ। ਉਹ ਸਰੀਰ ਪਖੋਂ ਡਾਕਟਰ ਤਰਲੋਕ ਸਿੰਘ ਵਾਂਗ ਹੀ ਬਹੁਤ ਦੁਬਲੇ ਹੋ ਗਏ ਪਰ ਉਹਨਾਂ ਦਾ ਕਥਨ ਸੀ ਕਿ ਉਹ ਊਰਜਾ ਅਤੇ ਤਾਕਤ ਪੱਖੋਂ ਬਹੁਤ ਤੰਦਰੁਸਤ ਹਨ।

ਨਰਿੰਦਰ ਸਿੰਘ ਜੀ ਨਾਲ ਸਾਨੂੰ ਨੈਪਾਲ ਦੇ ਸ਼ਹਿਰ ਬੀਰ ਗੰਜ ਵਿਚ ਇਕ ਅੰਤਰਾਸ਼ਟਰੀ ਕਾਨਫਰੰਸ ਵਿਚ ਵੀ ਜਾਣ ਦਾ ਮੌਕਾ ਮਿਲਿਆ। ਇਸ ਵਿਚ ਸਵਰਗੀ ਪੰਡਿਤ ਗੋਪਾਲ ਸਿੰਘ ਜੀ, ਸਵਰਗੀ ਸੰਤ ਮੇਹਰ ਸਿੰਘ ਕਾਨਪੁਰ ਵਾਲੇ ਅਤੇ ਦਿੱਲੀ ਵਾਲੇ ਸੰਤ ਸਤਨਾਮ ਸਿੰਘ ਜੀ ਵੀ ਸ਼ਾਮਲ ਸੀ। ਉਹਨਾਂ ਵਿਚ ਸਾਦਗੀ, ਸੰਤੁਸ਼ਟੀ ਅਤੇ ਨਿਮਰਤਾ ਪਰ ਫੁਰਤੀ



*ਬੀਰ ਗੰਜ ਨੇਪਾਲ ਵਿੱਖੇ ਕਾਨਫਰੰਸ ਸਮੇਂ ਸ. ਨਰਿੰਦਰ ਸਿੰਘ, ਗਿਆਨੀ ਮੇਹਰ ਸਿੰਘ ਚਾਵਲਾ, ਪੰ. ਗੋਪਾਲ ਸਿੰਘ ਜੀ, ਜਗਦੀਸ਼ ਸਿੰਘ ਵਰਿਆਮ ਅਤੇ ਸੰਤ ਸਤਿਨਾਮ ਸਿੰਘ*

ਅਸਾਂ ਉਹਨਾਂ ਵਿਚ ਵੇਖੀ। ਇਸ ਤੋਂ ਇਲਾਵਾ ਬਹੁਤ ਵੱਡੀ ਗੱਲ ਅਤੇ ਸਰਬੋਤਮ ਗੱਲ ਉਹ ਭਜਨ ਬੰਦਗੀ ਅਤੇ ਸਤਿਗੁਰਾਂ ਦੀ ਬਖਸ਼ੀ ਮਰਿਆਦਾ, ਪਹਿਰਾਵੇ ਅਤੇ ਬੋਲ ਬਾਣੀ ਤੇ ਵੀ ਕਾਇਮ ਰਹੇ।

ਜੀਵਨ ਵਿਚ ਉਹਨਾਂ ਨੂੰ ਪਰਿਵਾਰਕ ਸੱਟਾਂ ਵੀ ਆਈਆਂ। ਉਹਨਾਂ ਦੀ ਵੱਡੀ ਸਪੁੱਤਰੀ ਨਿਰਮਲ ਕੌਰ ਦਾ ਭਰ ਜਵਾਨ ਅਤੇ ਖੂਬਸੂਰਤ ਪਤੀ ਬਲਵਿੰਦਰ ਸਿੰਘ ਜਵਾਨੀ ਵਿਚ ਹੀ ਸਾਥ ਪੂਰਾ ਕਰ ਗਿਆ। ਇਹ ਸੱਟ ਨਰਿੰਦਰ ਸਿੰਘ ਦੀ ਅਤੇ ਸੰਤ ਜਸਵੰਤ ਸਿੰਘ (ਨਾਮਧਾਰੀ ਟੇਲਰਜ਼ ਦਿੱਲੀ) ਦੀ ਸਾਂਝੀ ਸੀ ਕਿਉਂਕਿ ਬਲਵਿੰਦਰ ਸਿੰਘ ਬਹੁਤ ਹੋਣਹਾਰ ਨੌਜਵਾਨ ਸੀ (ਮਿਲਵਾਇਕੀ ਅਮਰੀਕਾ ਵਿਚਲੀ ਸੰਸਾਰ



Namdhari Elibrary NamdhariElibrary@gmail.com

ਪੰਜਾਬੀ ਕਾਨਫਰੰਸ ਵਿਚ ਓਹਦੀ ਅਹਿਮ ਭੂਮਿਕਾ ਸੀ ਜਿਸਦਾ ਜ਼ਿਕਰ ਪੁਸਤਕਾਂ ਵਿਚ ਵੀ ਹੈ) ਅਤੇ ਉਹ ਸ. ਜਸਵੰਤ ਸਿੰਘ ਜੀ ਦਾ ਸਪੁੱਤਰ ਸੀ। ਨਰਿੰਦਰ ਸਿੰਘ ਦੀ ਦੂਸਰੀ ਸਪੁਤਰੀ ਮਨਦੀਪ ਕੌਰ ਛਿਹਰਟੇ ਵਿਆਹੀ ਹੈ। ਦੋ ਸਪੁੱਤਰ ਜਵਾਹਰ ਸਿੰਘ-ਰਤਨ ਸਿੰਘ ਹਨ ਜੋ ਪ੍ਰੈਸ ਦਾ ਕਾਰੋਬਾਰ ਦੇਖਦੇ ਹਨ। ਇਹਨਾਂ ਬੱਚਿਆਂ ਨੂੰ ਹੁਣ ਇਹਨਾਂ ਦੀ ਮਾਤਾ ਅਤੇ ਨਰਿੰਦਰ ਸਿੰਘ ਦੀ ਸੁਪਤਨੀ ਬੀਬੀ ਮਨਜੀਤ ਕੌਰ ਦੀ ਹੀ ਸਰਪ੍ਰਸਤੀ ਹੈ।

ਸਮੇਂ ਦਾ ਚੱਕਰ ਹੈ। ਏਡੇ ਸੁਹਿਰਦ ਮਿੱਤਰ ਦੇ ਅੰਤਮ ਸਮਾਗਮ ਤੇ ਨਹੀਂ ਜਾ ਸਕੇ। ਚਲੋ ਚਲੀ ਦਾ ਮੇਲਾ ਹੈ। ਪਰ ਅਸੀਂ ਹੁਣ ਯਾਤਰਾ ਤੋਂ ਘਬਰਾਉਂਦੇ ਹਾਂ ਅਤੇ ਵਸੀਲੇ ਵੀ ਨਹੀਂ। ਐਤਵਾਰ ਦੋ ਅਗਸਤ ੨੦੦੯ ਨੂੰ ਨਰਿੰਦਰ ਸਿੰਘ ਨਮਿਤ ਪਾਠ ਦਾ ਭੋਗ, ਕੀਰਤਨ ਅਤੇ ਸ਼ਰਧਾਂਜਲੀ ਸਮਾਗਮ ਨਾਮਧਾਰੀ ਗੁਰਦੁਆਰਾ ਮੰਡੀ ਵਿਚ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂਕਾਲ ਦੀ ਅਰਧ ਸ਼ਤਾਬਦੀ ਵਾਸਤੇ ਉਹਨਾਂ ਦੇ ਮੈਗਜ਼ੀਨ ਵਲੋਂ ਬਹੁਤ ਪ੍ਰੋਗਰਾਮ ਸਨ। ਇਹਨਾਂ ਸਾਂਝੇ ਜਤਨਾਂ ਵਿਚ ਸਾਡਾ ਹਿੱਸਾ ਵੀ ਪੈਣਾ ਸੀ। (ਵਰਿਆਮ ਤੇ ਯੁਗ ਮਰਯਾਦਾ ਵਿਚ)। ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਵਰਿਆਮ ਦੇ ਤੀਸਰੇ ਵਿਸ਼ੇਸ਼ ਅੰਕ ਵਿਚੋਂ ਨਰਿੰਦਰ ਸਿੰਘ ਮਨਫੀ ਹੋ ਗਏ ਹਨ। ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ। ਜ਼ਾਤੀ ਵੀ ਤੇ ਜਮਾਤੀ ਵੀ। ਹੈ ਇਹ ਭਾਣੇਂ ਵਿਚ ਹੀ। ਉਹਨਾਂ ਦੀ ਯਾਦਾਂ ਦੀ ਖੁਸ਼ਬੋ ਨਾਲ ਫਿਜ਼ਾ ਲਬਾਲਬ ਹੈ। ਨਰਿੰਦਰ ਸਿੰਘ ਦੇ ਸਮੁੱਚੇ ਘਰੇਲੂ ਪਰਿਵਾਰ, ਸਾਹਿਤਕ ਪਰਿਵਾਰ ਅਤੇ ਸਾਧ ਸੰਗਤ ਨਾਲ ਸਾਡੀ ਦਿੱਲੀ ਹਮਦਰਦੀ ਹੈ

"ਜਿਉ ਜਿਉ ਤੇਰਾ ਹੁਕਮ ਤਿਵੈ ਤਿਉ ਹੋਵਣਾ
ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ"

ਸਾਡੀ ਗੁਰੂ ਚਰਨਾਂ ਵਿਚ ਅਰਦਾਸ ਹੈ ਕਿ ਸਾਨੂੰ ਇਸ ਸਦਮੇ ਨੂੰ ਬਰਦਾਸ਼ਤ ਕਰਨ ਦੀ ਸਮਰਥਾ ਬਖਸ਼ਣ।

*—ਜਗਦੀਸ਼ ਸਿੰਘ ਵਰਿਆਮ*

# ਸੰਤ ਵਾਸਦੇਵ ਸਿੰਘ ਭਮਰਾ

ਈਸਟ ਅਫਰੀਕਾ ਦੀ ਧਰਤੀ ਤੋਂ ਉਠ ਕੇ ਇੰਗਲੈਂਡ ਆਏ ਦੋ ਭਮਰੇ ਬਹੁਤ ਪਰਸਿਧ ਹੋਏ ਹਨ। ਇਕ ਤਾਂ ਸਨ ਸ. ਖੜਕ ਸਿੰਘ ਭਮਰਾ ਦੂਸਰੇ ਸਨ ਸੰਤ ਵਾਸਦੇਵ ਸਿੰਘ ਜੀ।



ਦੋਹਾਂ ਨੂੰ ਆਪਣੇ ਸਮਾਜ, ਰਾਮਗੜ੍ਹੀਆ ਬਰਾਦਰੀ ਵੀ ਅਤੇ ਨਾਮਧਾਰੀ ਪੰਥ ਦੇ ਕੰਮ ਕਰਨ ਦਾ ਬਹੁਤ ਸ਼ੌਕ ਸੀ। ਅਖਬਾਰਾਂ ਰਸਾਲਿਆਂ ਦੁਆਰਾ ਲੋਕਾਂ ਨਾਲ ਸੰਪਰਕ ਬਨਾਉਣ ਵਿਚ ਓਹਨਾਂ ਦੀ ਅਹਿਮ ਭੂਮਿਕਾ ਸੀ। ਸ. ਖੜਕ ਸਿੰਘ ਖੜਕੇ ਵਾਲੇ ਸਜਨ ਸਨ ਅਤੇ ਵਾਸਦੇਵ ਧੀਮੇ ਬੋਲਾਂ ਵਾਲੇ। ਸ. ਖੜਕ ਸਿੰਘ ਭੰਮਰਾ ਕੁਝ ਚਿਰ ਪਹਿਲਾਂ ਇੰਗਲੈਂਡ ਵਿਚ ਮੇਡਨ ਹੈਡ ਦੇ ਸਥਾਨ ਤੋਂ ਰੁਖਸਤ ਹੋ ਗਏ ਅਤੇ ਸੰਤ ਵਾਸਦੇਵ ਸਿੰਘ ਜੀ ਆਪਣੇ ਨਗਰ ਇੰਗਲੈਂਡ ਦੇ ਪਰਸਿਧ ਸ਼ਹਿਰ ਵੁਲਵਰਹੈਂਪਟਨ ਵਿਚ ਆਪਣੇ ਸਵਾਸ ਪੂਰੇ ਕਰ ਗਏ ਹਨ। ਦੋਹਾਂ ਭਮਰਿਆਂ ਵਿਚ ਪ੍ਰਸਪਰ ਸਾਂਝ ਅਤੇ ਪ੍ਰੇਮ ਵੀ ਬਹੁਤ ਸੀ।

ਸੰਤ ਵਾਸਦੇਵ ਸਿੰਘ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਨਾਮਧਾਰੀ ਗੁਰਸਿੱਖ ਪਹਿਰਾਵੇ ਵਿਚ ਇੰਗਲੈਂਡ ਦੀ ਧਰਤੀ ਤੇ ਪੈਰ ਰੱਖਿਆ। ਸ਼ਾਇਦ ਕਿਸੇ ਸਮੇਂ ਉਹ ਇੰਗਲੈਂਡ ਵਿਚ ਇਕੋ ਇਕ (ਸਵਾ ਲੱਖ) ਨਾਮਧਾਰੀ ਸਿੰਘ ਸਨ। ਉਹ ਕਿਸੇ ਸਮੇਂ ਈਸਟ ਅਫਰੀਕਾ (ਕੀਨੀਆ ਯੂਗੰਡਾ ਤਨਜ਼ਾਨੀਆ) ਦੀ ਸੰਗਤ ਅਤੇ ਬਾਅਦ ਵਿਚ ਨਾਮਧਾਰੀ ਸੰਗਤ ਯੂ.ਕੇ. ਦੇ ਪਰਚਾਰ ਸਕੱਤਰ ਰਹੇ ਸਨ। ਅੱਜ ਕਲ ਇੰਗਲੈਂਡ ਵਿਚ ਸਰਬ ਧਰਮ (ਇੰਟਰਫੇਥ) ਅੰਦੋਲਨ ਵਿਚ ਵੀ ਸਰਗਰਮ ਸਨ। ਇਸ ਸੰਸਥਾ ਵਿਚ ਸੇਵਾ ਕਾਰਨ ਅਹਿਮ ਅਹੁਦਿਆਂ ਤੇ ਉਹ ਬਰਾਜਮਾਨ ਸਨ ਅਤੇ ਅਨੇਕਾਂ ਮਾਨ ਸਨਮਾਨ ਉਹਨਾਂ ਪ੍ਰਾਪਤ ਕੀਤੇ ਅਤੇ ਹੋਰ ਲੋਕਾਂ ਨੂੰ ਦਿੱਤੇ ਵੀ। ਭਾਰਤ ਵਿਚੋਂ ਕੋਈ ਵੀ ਆਪਣੇ ਸਮਾਜ ਦਾ ਅਹਿਮ ਵ੍ਰਿਅਕਤੀ, ਲੇਖਕ ਪੱਤਰਕਾਰ ਕਵੀ ਜਾਂ ਸਮਾਜਕ ਸਿਆਸੀ ਨੇਤਾ ਇੰਗਲੈਂਡ ਜਾਂਦਾ ਤਾਂ ਉਹ ਇੰਟਰਫੇਥ ਜਾਂ ਰਾਮਗੜ੍ਹੀਆ ਅਥਵਾ ਨਾਮਧਾਰੀ ਸੰਸਥਾ ਵਲੋਂ ਉਸਦਾ ਭਰਵਾਂ ਸਨਮਾਨ ਕਰਦੇ ਅਤੇ ਜਨਤਕ ਤੌਰ ਤੇ ਜ਼ਬਰਦਸਤ ਸੁਆਗਤ ਦਾ ਪ੍ਰਬੰਧ ਕਰਦੇ ਅਤੇ ਮਾਨ ਸਨਮਾਨ ਨਾਲ ਨਵਾਜਦੇ। ਇਹਨਾਂ ਸਮਾਗਮਾਂ ਵਿਚ ਸਭ


Namdhari Elibrary NamdhariElibrary@gmail.com

ਭਾਈਚਾਰਿਆਂ ਦੇ ਲੋਕ ਉਤਸ਼ਾਹ ਨਾਲ ਸ਼ਾਮਲ ਹੁੰਦੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਲੈਤ ਦੌਰਿਆਂ ਸਮੇਂ ਉਹਨਾਂ ਦੇ ਉਦਮ ਦੀ ਭਾਰੀ ਪਰਸੰਸਾ ਹੋਈ ਅਤੇ ਸਭ ਤੋਂ ਕੀਮਤੀ ਸਰਮਾਇਆ ਸਤਿਗੁਰੂ ਦੀਆਂ ਖੁਸ਼ੀਆਂ ਓਹਨਾਂ ਦੀ ਝੋਲੀ ਵਿਚ ਪਈਆਂ। ਸ. ਜਸਵਿੰਦਰ ਸਿੰਘ ਹਿਸਟੋਰੀਅਨ, ਜਗਦੀਸ਼ ਸਿੰਘ ਵਰਿਆਮ ਅਤੇ ਪ੍ਰੋ. ਤਾਰਾ ਸਿੰਘ ਅਨਜਾਣ ਦੇ ਯੂ. ਕੇ ਦੌਰਿਆਂ ਸਮੇਂ ਉਹਨਾਂ ਯਾਦਗਾਰੀ ਸੁਆਗਤੀ ਸਮਾਰੋਹ ਕਰਵਾਏ।

ਪ੍ਰੋ. ਤਾਰਾ ਸਿੰਘ ਅਨਜਾਣ ਜੀ ਦੇ ਤਾਜ਼ਾ ਇੰਗਲੈਂਡ ਦੌਰੇ ਸਮੇਂ ਵੀ ਵਾਸਦੇਵ ਸਿੰਘ ਹੋਰਾਂ ਨੇ ਭਾਰੀ ਸੁਆਗਤੀ ਸਮਾਰੋਹ ਕੀਤਾ। ਇਸ ਤੋਂ ਇਲਾਵਾ ਭਾਰਤ ਵਿਚ ਰਾਮਗੜੀਆ ਤੇ ਨਾਮਧਾਰੀ ਅਖਬਾਰਾਂ ਰਸਾਲਿਆਂ ਨਾਲ ਵੀ ਉਹਨਾਂ ਦਾ ਸਰਪ੍ਰਸਤੀ ਭਰਿਆ ਸੰਪਰਕ ਰਹਿੰਦਾ। ਲਿਖਤ ਰਾਹੀ ਅਤੇ ਟੈਲੀਫੋਨ ਰਾਹੀਂ ਉਹ ਸਾਂਝ ਦੀ ਤੰਦ ਕਾਇਮ ਰੱਖਦੇ ਸਨ। ਉਹਨਾਂ ਨੂੰ ਲਿਖਨ ਅਤੇ ਭਾਸ਼ਨ ਕਲਾ ਤੋਂ ਇਲਾਵਾ ਕੀਰਤਨ ਦੀਵਾਨ ਦਾ ਵੀ ਸ਼ੌਕ ਸੀ। ਸੰਨ ੧੯੯੯ ਨੂੰ ਇਤਿਹਾਸਕ ਸ੍ਰੀ ਅਨੰਦਪੁਰ ਮਾਰਚ ਵਿਚ ਵੀ ਉਹ ਇਕ ਗੱਡੀ ਵਿਚ ਬੈਠੇ ਕੀਰਤਨ ਹੀ ਕਰਦੇ ਰਹੇ।

ਕੁਝ ਸਾਲ ਪਹਿਲਾਂ ਉਹਨਾਂ ਦੇ ਨਿਕਟ ਸਬੰਧੀ (ਪਤਨੀ ਦੇ ਭਰਾ) ਜਥੇਦਾਰ ਦਰਸ਼ਨ ਸਿੰਘ ਲੁਧਿਆਣਾ ਵਾਲੇ ਇਸੇ ਤਰ੍ਹਾਂ ਅਚਾਨਕ ਚੜ੍ਹਾਈ ਕਰ ਗਏ ਸਨ। ਜਥੇਦਾਰ ਜੀ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਰੋਗੀਆਂ ਦੀ ਸੇਵਾ ਹਸਪਤਾਲਾਂ ਵਿਚ ਕਰਵਾਉਣ ਦੀ ਸੇਵਾ ਕਰਦੇ ਹੁੰਦੇ ਸਨ ਅਤੇ ਆਮ ਲੋਕ ਉਹਨਾਂ ਨੂੰ ਨਾਮਧਾਰੀਆਂ ਦੇ "ਹੈਲਥ ਮਨਿਸਟਰ" ਵੀ ਕਹਿ ਦਿੰਦੇ ਸਨ। ਹੁਣ ਵਾਸਦੇਵ ਸਿੰਘ ਜੀ ਉਸ ਵੇਲੇ ਰੁਖਸਤ ਹੋਏ ਹਨ ਜਦੋਂ ਉਹਨਾਂ ਦੀ ਬਹੁਤ ਲੋੜ ਸੀ। ਪਤਾ ਨਹੀਂ ਸਤਿਗੁਰੂ ਨੂੰ ਕੀਹ ਮਨਜ਼ੂਰ ਹੈ। ਸਾਡਾ ਇਕ ਨਿਜੀ ਦੋਸਤ ਅਤੇ ਬਹੁਤ ਸਾਰੇ ਲੋਕਾਂ ਦਾ ਪਿਆਰਾ ਅਤੇ ਹਮਦਰਦ ਮਿੱਤਰ ਸਦੀਵੀ ਵਿਛੋੜਾ ਦੇ ਗਿਆ ਹੈ। ਜ਼ਬਰਦਸਤ ਸੰਵੇਦਨਾ ਨਾਲ ਇਸ ਵਿਛੜੇ ਮਿੱਤਰ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹਾਂ।

*—ਜਗਦੀਸ਼ ਸਿੰਘ ਵਰਿਆਮ*

# ਖਾਸ ਬੇਨਤੀ

ਵਰਿਆਮ ਦੇ ਸੁਹਿਰਦ ਪਾਠਕਾਂ ਅਤੇ ਸਰਪ੍ਰਸਤਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਤੁਹਾਡੇ ਸਨੇਹ ਦਾ ਅਸੀਂ ਬਹੁਤ ਸਤਿਕਾਰ ਕਰਦੇ ਹਾਂ। ਜਿਸ ਉਤਸ਼ਾਹ ਨਾਲ ਤੁਸੀਂ ਵਰਿਆਮ ਨੂੰ ਪੜ੍ਹਦੇ ਹੋ ਇਸ ਵਿਚ ਛਪਣ ਲਈ ਲੇਖ ਖਬਰਾਂ ਰਿਪੋਰਟਾਂ ਅਤੇ ਤਸਵੀਰਾਂ ਸੀਡੀਆਂ ਭੇਜਦੇ ਹੋ ਇਸ ਤੋਂ ਤੁਹਾਡਾ ਪਿਆਰ ਵਰਿਆਮ ਪ੍ਰਤੀ ਸਾਬਿਤ ਹੁੰਦਾ ਹੈ।

ਅਸੀਂ ਸਮਝਦੇ ਹਾਂ ਕਿ ਤੁਸੀਂ ਜਿਥੇ ਏਨੀ ਦਿਲਚਸਪੀ ਨਾਲ ਸਭ ਕੁਝ ਭੇਜਦੇ ਹੋ। ਉਥੇ ਇਸ ਨੂੰ ਪੜ੍ਹੋ ਵੀ, ਤਾਂ ਹੀ ਸਮਗਰੀ ਦੇ ਛਪਣ ਦਾ ਫਾਇਦਾ ਹੈ। ਤਸਵੀਰਾਂ ਵਿਚ ਤਾਂ ਭਰਪੂਰ ਹਾਜ਼ਰੀ ਹੋਵੇ ਪਰ ਪੜ੍ਹਨ ਵਾਸਤੇ ਮੈਂਬਰ ਹੀ ਨਾ ਹੋਣ ਸਲਾਨਾ ਚੰਦਾ ਵੀ ਨਾ ਭੇਜਿਆ ਜਾਵੇ ਤਾਂ ਕੀ ਕਿਹਾ ਜਾਵੇ। ਚਲੋ ਦੇਸ਼ ਵਿਚ ਤਾਂ ਔਖੇ ਸੌਖੇ ਅਸੀਂ ਸੇਵਾ ਕਰੀ ਹੀ ਜਾਂਦੇ ਹਾਂ ਪਰ ਵਿਦੇਸ਼ਾਂ ਵਿਚ ਪਰਚਾ ਭੇਜਣ ਵਾਸਤੇ ਡਾਕ ਖਰਚ ਬਹੁਤ ਪੈਂਦਾ ਹੈ ਅਤੇ ਵੱਡੇ ਅੰਕ ਦੇ ਭਾਰ ਨਾਲ ਹੀ ਖਰਚ ਵਧਦਾ ਜਾਂਦਾ ਹੈ। ਤੁਸੀਂ ਵਰਿਆਮ ਦੇ ਮੈਂਬਰ ਵੀ ਬਣੋ ਹੋਰ ਸਜਨਾਂ ਨੂੰ ਵੀ ਪ੍ਰੇਰ ਕੇ ਬਣਵਾਓ ਅਤੇ ਹਰ ਸਾਲ ਬਣਦਾ ਚੰਦਾ ਵੀ ਭੇਜੋ। ਇਸ ਵਿਚ ਇਸ਼ਤਿਹਾਰ ਵੀ ਦਿਓ ਤਾਂ ਕਿ ਚੰਗੀ ਤਰ੍ਹਾਂ ਅਸੀਂ ਸੇਵਾ ਕਰਦੇ ਰਹੀਏ।

ਅਗੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਦੀ ਦਸਤਾਰ ਬੰਦੀ ਤੋਂ ਸ਼ੁਰੂ ਹੋ ਕੇ ਕਈ ਮੇਲਿਆਂ ਤੋਂ ਬਾਅਦ ਵੱਡਾ ਮੇਲਾ ਸਲਾਨਾ ਜੱਪ ਪਰਯੋਗ ਵੀ ਆ ਰਿਹਾ ਹੈ ਜਿਸ ਦਾ ਭੋਗ ੧੬ ਅਕਤੂਬਰ ੨੦੦੯ ਨੂੰ ਪੈਣਾ ਹੈ। ਉਸ ਸਮੇਂ ਤਕ ਆਪਣੇ ਪੁਰਾਣੇ ਤੇ ਨਵੇਂ ਚੰਦੇ ਅਤੇ ਸਹਾਇਤਾ ਰਾਸ਼ੀ ਜ਼ਰੂਰ ਭੇਜ ਦਿਓ ਤਾਂ ਕਿ ਪਰਚਾ ਆਪ ਦੀ ਸੇਵਾ ਵਿਚ ਪਹੁੰਚਦਾ ਰਹਿ ਸਕੇ। ਇਹ ਸਾਡੀ ਖਾਸ ਬੇਨਤੀ ਹੈ। ਅਸੀਂ ਵੇਲੇ ਸਿਰ ਬੇਨਤੀ ਕਰ ਦਿੱਤੀ ਹੈ। ਜੇ ਕਿਸੇ ਸਜਨ ਦਾ ਪਰਚਾ ਚੰਦਾ ਨਾ ਆਉਣ ਕਾਰਨ ਬੰਦ ਹੋ ਜਾਵੇ ਤਾਂ ਗੁੱਸਾ ਨਾ ਕੀਤਾ ਜਾਵੇ।

ਇਸ ਅੰਕ ਦੀ ਤਿਆਰ ਕਰਕੇ ਬਹੁਤ ਸਾਰਾ ਮੈਟਰ ਰੋਕਣਾ ਪਿਆ ਹੈ ਉਹ ਅਗਲੇ ਅੰਕ ਵਿਚ ਆ ਰਿਹਾ ਹੈ ਜੋ ਛੇਤੀ ਹੀ ਪ੍ਰਕਾਸ਼ਤ ਹੋ ਰਿਹਾ ਹੈ। ਇਸ ਅੰਕ ਵਿਚ ਕਈ ਭੁਲਾਂ ਕਈ ਗਲਤੀਆਂ ਦੀ ਭਰਮਾਰ ਹੋਵੇਗੀ। ਹੱਥ ਜੋੜ ਕੇ ਖਿਮਾ ਦੀ ਯਾਚਨਾ ਹੈ।

*—ਜਗਦੀਸ਼ ਸਿੰਘ ਵਰਿਆਮ*


Namdhari Elibrary NamdhariElibrary@gmail.com



ਅਲੌਕਿਕ ਕੀਰਤਨ : ਸਤਿਗੁਰੂ ਪ੍ਰਤਾਪ ਸਿੰਘ ਜੀ ਦਿਲਰੁਬਾ ਸਾਜ਼ ਨਾਲ ਕੀਰਤਨ ਕਰਦੇ ਹੋਏ।
ਸਤਿਗੁਰੂ ਜਗਜੀਤ ਸਿੰਘ ਜੀ ਵੀ ਦਿਲਰੁਬਾ ਨਾਲ ਅਤੇ ਸੰਤ ਨਿਧਾਨ ਸਿੰਘ ਆਲਿਮ ਵੀ ਸੰਗਤ ਵਿਚ ਬੈਠੇ ਹਨ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤ ਵਿਚ ਆਪ ਬੈਠਕੇ ਨਾਮ ਸਿਮਰਨ, ਗੁਰਬਾਣੀ ਪਾਠ ਅਤੇ
ਕੀਰਤਨ ਵਿਚ ਅਗਵਾਈ ਕਰਦੇ ਹਨ। ਸ੍ਰੀ ਭੈਣੀ ਸਾਹਿਬ ਵਿਚ ਸਵਾ ਲੱਖ ਚੰਡੀ ਦੀ ਦੀ ਵਾਰ ਦੇ ਪਾਠ
ਅਤੇ ਹਵਨ ਯੱਗ ਵਿਚ ਹਿਸਾ ਲੈਂਦੇ ਸਤਿਗੁਰੂ ਜੀ ਦਰਸ਼ਨ ਦੇ ਰਹੇ ਹਨ।

Namdhari Elibrary NamdhariElibrary@gmail.com



ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ।

ਇਕ ਬਜ਼ੁਰਗ ਦਾ ਹਾਲ ਚਾਲ ਪੁਛੱਦੇ ਹੋਏ ਸਤਿਗੁਰੂ ਜੀ

Namdhari Elibrary NamdhariElibrary@gmail.com



ਗਊਆਂ ਦੀ ਸੇਵਾ ਸੰਭਾਲ ਅਤੇ ਉਨਤੀ ਵਿਚ
ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਅਗਵਾਈ ਰਹੀ ਹੈ।
ਗਊਸ਼ਾਲਾ ਵਿਚ ਗਊ ਵੰਸ਼ ਦਾ ਸਨੇਹ ਕਬੂਲਦੇ ਹੋਏ ਸਤਿਗੁਰੂ ਜੀ।

Namdhari Elibrary NamdhariElibrary@gmail.com



ਰਾਮਸਰ ਸਰੋਵਰ ਸ੍ਰੀ
ਸਾਹਿਬ ਦੀ ਕਾਰ ਸੇਵ
ਅਗਵਾਈ ਕਰਦੇ
ਸਤਿਗੁਰੂ ਜੀ। ਅੱਜ
ਇਹ ਸਰੋਵਰ ਬਹੁਤ
ਅਤੇ ਦਰਸ਼ਨੀ ਸ੍ਰੀ
ਸਾਹਿਬ ਵਿਚ ਸਸ਼ੋਭਿਤ
ਸ੍ਰੀ ਦਰਬਾਰ ਸਾਹਿ
ਅਮ੍ਰਿਤਸਰ ਅਤੇ
ਦੁਰਗਿਆਣਾ ਮੰਦਿ
ਅਮ੍ਰਿਤਸਰ ਵਿਚ
ਸਤਿਗੁਰੂ ਜੀ ਆ
ਸੰਗਤਾ ਸਮੇਤ ਕਾਰ
ਤੇ ਪਧਾਰੇ ਸਨ।



ਦੁਰਗਿਆਣਾ ਮੰਦਿਰ ਸਰੋਵਰ
ਅਮ੍ਰਿਤਸਰ ਵਿਚ ਵੀ ਸਤਿਗੁਰੂ ਜੀ
ਕਾਰ ਸੇਵਾ ਦੀ ਅਗਵਾਈ ਕਰਦੇ ਹੋਏ।

# ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਿਆਈ ਦੀ ਅੱਧੀ ਸਦੀ

*—ਗੁਰਬਚਨ ਸਿੰਘ ਭੁੱਲਰ*



ਪੰਜਾਹ ਸਾਲ ਦਾ ਸਮਾਂ, ਜੋ ਮਨੁੱਖੀ ਜੀਵਨ ਵਿਚ ਬਹੁਤ ਲੰਮਾ ਸਮਝਿਆ ਜਾ ਸਕਦਾ ਹੈ, ਸਮਾਜਕ ਇਤਿਹਾਸ ਵਿਚ ਇਕ ਛਿਣ ਵਾਂਗ ਹੁੰਦਾ ਹੈ। ਪਰ ਜੇ ਕਿਸੇ ਸਮਾਜ, ਪੰਥ ਜਾਂ ਭਾਈਚਾਰੇ ਦੀ ਅਗਵਾਈ ਸਮਰੱਥ ਹੱਥਾਂ ਵਿਚ ਹੋਵੇ, ਏਨਾਂ ਸਮਾਂ ਵੀ ਵੱਡੀਆਂ ਪ੍ਰਾਪਤੀਆਂ ਦਾ ਮਾਣ ਕਰ ਸਕਦਾ ਹੈ। ਪਿਛਲੀ ਅੱਧੀ ਸਦੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਥ-ਪ੍ਰਦਰਸ਼ਨ ਅਧੀਨ ਨਾਮਧਾਰੀ ਪੰਥ ਦਾ ਇਤਿਹਾਸ ਇਸਦੀ ਇਕ ਮਿਸਾਲ ਹੈ।

੧੯੫੯ ਦੇ ਦਸ ਸਤੰਬਰ ਨੂੰ ਜਦੋਂ ਸਤਿਗੁਰੂ ਜਗਜੀਤ ਸਿੰਘ ਨੂੰ ਗੁਰਿਆਈ ਦੀ ਦਸਤਾਰ ਸਜੀ ਸੀ, ਨਾਮਧਾਰੀ ਪੰਥ ਦੇ ਪੈਰਾਂ ਹੇਠਲੀ ਪਗਡੰਡੀ ਅਜੇ ਕੰਕਰਾਂ, ਕੰਡਿਆਂ ਅਤੇ ਟੋਇਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਸੀ ਹੋਈ। ਦੇਸ਼ ਨੂੰ ਆਜ਼ਾਦ ਹੋਇਆਂ ਅਜੇ ਕੁੱਲ ਬਾਰਾਂ ਸਾਲ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਵਲੋਂ ਆਜ਼ਾਦੀ ਲਈ ਲਾਈ ਗਈ ਲਲਕਾਰ ਅਤੇ ਦਿੱਤੀ ਗਈ ਵੰਗਾਰ ਦੇ ਮਹੱਤਵ ਨੂੰ ਅੰਗਰੇਜ਼ ਚੰਗੀ ਤਰ੍ਹਾਂ ਸਮਝਦੇ ਸਨ। ਆਪਣੇ ਵਿਸ਼ਵਾਸ ਲਈ ਜਾਨਾਂ ਵਾਰਨ ਦੀ ਅਤੇ ਸਤਿਗੁਰੂ ਜੀ ਦੇ ਹਰ ਹੁਕਮ ਉੱਤੇ ਫੁੱਲ ਚਾੜ੍ਹਨ ਦੀ ਨਾਮਧਾਰੀਆਂ ਦੀ ਪ੍ਰੰਪਰਾ ਤੋਂ ਵੀ ਅੰਗਰੇਜ਼ ਭਲੀਭਾਂਤ ਜਾਣੂ ਸਨ। ਇਸੇ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਨਾਮਧਾਰੀਆਂ ਨੂੰ ਉਹਨਾਂ ਦੀ ਅਗਵਾਈ ਤੋਂ ਵਿਰਵਾ ਕਰਨ ਦੇ ਯਤਨ ਦੇ ਬਾਵਜੂਦ ਅੰਗਰੇਜ਼ ਨੂੰ ਪੰਜਾਬ ਵਿਚ ਸੌਖਾ ਸਾਹ ਨਹੀਂ ਸੀ ਆ ਰਿਹਾ।

ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਆਜ਼ਾਦੀ ਜੀ ਜੋਤ ਨੂੰ ਬੁਝਾਉਣ ਲਈ ਅੰਗਰੇਜ਼ ਨੂੰ ਇਕੋ ਢੰਗ ਸੁੱਝਿਆ। ਨਾਮਧਾਰੀਆਂ ਉਤੇ ਤਿੱਖੀ ਨਜ਼ਰ ਰੱਖਣੀ ਤੇ ਬਹੁਭਾਂਤੀ ਪਾਬੰਦੀਆਂ ਲਾਉਣਾ ਅਤੇ ਭੈਣੀ ਸਾਹਿਬ ਦੀਆਂ ਸਰਗਰਮੀਆਂ ਨੂੰ ਪੁਲਸੀ ਸੰਗਲਾਂ ਵਿਚ ਜਕੜਨਾ। ਇਤਿਹਾਸ ਇਸ ਗੱਲ ਦਾ ਸਿਹਰਾ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਅਤੇ ਫੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰ ਬੰਨ੍ਹੇਗਾ ਕਿ ਉਹਨਾਂ ਨੇ ਇਸ ਸਭ ਕੁਝ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਆਜ਼ਾਦੀ ਦੀ ਜੋਤ ਨੂੰ ਦ੍ਰਿੜ੍ਹ ਵਿਸ਼ਵਾਸ, ਅਡੋਲ ਉਦੇਸ਼ ਅਤੇ ਬੇਮਿਸਾਲ ਸਿਰੜ ਦੇ ਤੇਲ ਦੀ ਬੂੰਦ ਬੂੰਦ ਪਾ ਕੇ ਜਗਦੀ ਰੱਖਿਆ।

ਉੱਨੀ ਸੌ ਸੰਤਾਲੀ ਵਿਚ ਦੇਸ਼ ਆਜ਼ਾਦ ਹੋਇਆ ਤਾਂ ਭੈਣੀ ਸਾਹਿਬ ਲਈ ਪੈਦਾ ਕੀਤੇ ਗਏ ਉਪਰੋਕਤ ਗਲ-ਘੋਟੂ ਮਾਹੌਲ ਵਿਚ ਵੀ ਸੱਜਰੀ ਪੌਣ ਰੁਮਕਣ ਲੱਗੀ। ਸੁਭਾਵਿਕ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਹਮਣੇ ਪ੍ਰਮੁੱਖ, ਸਗੋਂ ਇਕੋ-ਇਕ ਕਾਰਜ ਨਾਮਧਾਰੀ ਪੰਥ ਦਾ ਬਿਖਰਾਉ ਖ਼ਤਮ ਕਰ ਕੇ ਉਸਨੂੰ ਨਵੇਂ ਸਿਰਿਉਂ ਸੰਗਠਿਤ ਕਰਨਾ ਅਤੇ ਭਵਿੱਖੀ ਨਾਮਧਾਰੀ ਵਿਕਾਸ ਦੇ ਮਾਰਗ ਦੇ ਕੰਕਰ ਤੇ ਕੰਡੇ ਚੁਗ ਕੇ ਉਸਨੂੰ ਸਵਾਹਰਾ ਬਣਾਉਣਾ ਸੀ। ਇਸ ਸੰਭਾਵਨਾ ਦੇ ਪ੍ਰਾਪਤ ਹੁੰਦਿਆਂ ਹੀ ਉਹਨਾਂ ਨੇ ਇਕ ਪਲ ਵੀ ਗੁਆਏ ਬਿਨਾਂ ਆਪਣੀ ਸਾਰੀ ਸ਼ਕਤੀ ਇਸੇ ਨਿਸ਼ਾਨੇ ਉਤੇ ਕੇਂਦਰਿਤ ਕਰ ਦਿੱਤੀ। ਪਰ ਅੰਗਰੇਜ਼ ਦੇ ਨਾਮਧਾਰੀ-ਦਮਨ ਦੇ ਸਿੱਟੇ ਏਨੇ ਸਤਹੀ ਨਹੀਂ ਸਨ ਕਿ ਕੁਝ ਹੀ ਸਮੇਂ ਵਿਚ ਖ਼ਤਮ ਕੀਤੇ ਜਾ ਸਕਦੇ। ਇਸ ਉਪਰੰਤ, ਆਜ਼ਾਦੀ ਦੀ ਖ਼ੁਸ਼ੀ ਦੇ ਨਾਲ ਹੀ ਦੇਸ਼ ਲਈ ਜੋ ਮੁਸੀਬਤਾਂ ਅਤੇ ਸਮੱਸਿਆਵਾਂ ਬਣੀਆਂ, ਉਹਨਾਂ ਨੇ ਵੀ ਇਹ ਕਾਰਜ ਏਨਾ ਸੌਖਾ ਨਾ ਰਹਿਣ ਦਿੱਤਾ। ਵੱਡੀ ਮੁਸੀਬਤ ਉਸ ਸਮੇਂ ਬਣੀ ਜਦੋਂ ਨਾਮਧਾਰੀ ਪੰਥ ਆਪਣੇ ਪੁਨਰ-ਗਠਨ ਅਤੇ ਪ੍ਰਫੁੱਲਨ ਦੇ ਰਾਹ ਨੂੰ ਸ਼ਾਹ ਰਾਹ ਬਣਿਆ ਦੇਖਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਤੋਂ ਵੰਚਿਤ ਹੋ ਗਿਆ।

ਇਹ ਸਨ ਉਹ ਹਾਲਾਤ ਜਿਨ੍ਹਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਿਆਈ ਸੰਭਾਲੀ। ਉਹਨਾਂ ਨੇ ਪਿਤਾ-ਗੁਰੂ ਤੋਂ ਸੰਭਾਲੀ ਮਸ਼ਾਅਲ ਨੂੰ ਜਿਵੇਂ ਹੋਰ ਵਧੇਰੇ ਲਟਲਟ ਬਾਲਿਆ, ਨਾਮਧਾਰੀ ਪੰਥ ਦੇ ਪੈਰਾਂ ਹੇਠਲੀ ਪਗਡੰਡੀ ਨੂੰ ਸ਼ਾਹਰਾਹ ਵਿਚ ਬਦਲਿਆ ਅਤੇ ਅਨੇਕ ਸੰਸਾਰਕ ਤੇ ਅਧਿਆਤਮਕ ਪੱਖਾਂ ਤੋਂ ਸਫਲਤਾਵਾਂ ਦੇ ਭਾਗੀ ਬਣਾਇਆ, ਇਹ ਸਾਡੀਆਂ ਅੱਖਾਂ ਸਾਹਮਣੇ ਵਰਤਿਆ ਕਰਿਸ਼ਮਾ ਹੈ। ਵਿਰੋਧੀ ਹਾਲਾਤ ਵਿਚ ਨਾਮਧਾਰੀ ਬਿਰਛ ਦੀ ਜੜ ਨੂੰ ਸਾਂਭ ਰੱਖਣਾ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਦੇ ਹਿੱਸੇ ਆਇਆ ਸੀ, ਤਾਂ ਹੁਣ ਇਸ ਜੜ ਨੂੰ ਪਰਫੁੱਲਤ ਕਰ ਕੇ ਦੁਬਾਰਾ ਬਿਰਛ ਦੇ ਰੂਪ ਵਿਚ ਵਿਕਸਿਤ ਕਰਨਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਆਇਆ।

ਇਸ ਅੱਧੀ ਸਦੀ ਦੌਰਾਨ ਨਾਮਧਾਰੀ ਪੰਥ ਨਾ ਕੇਵਲ ਪਹਿਲੇ ਹਰ ਸਮੇਂ ਨਾਲੋਂ ਵਧੀਕ ਸੰਗਠਿਤ ਹੋਇਆ ਹੈ, ਸਗੋਂ



Namdhari Elibrary NamdhariElibrary@gmail.com

ਪੰਜਾਬ ਤੋਂ ਬਾਹਰ ਭਾਰਤ ਦੇ ਅਨੇਕ ਪ੍ਰਾਂਤਾਂ ਵਿਚ ਅਤੇ ਭਾਰਤ ਤੋਂ ਬਾਹਰ ਦੁਨੀਆ ਦੇ ਅਨੇਕ ਦੇਸ਼ਾਂ ਵਿਚ ਨਾਮਧਾਰੀਆਂ ਨੇ ਕਾਰੋਬਾਰ ਵਿਚ ਭਾਰੀ ਨਾਮਣਾ ਖੱਟਿਆ ਹੈ। ਚਾਰੇ ਪਾਸੀਂ ਫੈਲੇ ਹੋਏ ਧਾਰਮਿਕ ਬੇਮੁਖਤਾ ਅਤੇ ਪਤਿਤਪੁਣੇ ਦੇ ਮਾਹੌਲ ਵਿਚ ਨਾਮਧਾਰੀਆਂ ਨੂੰ ਰਹਿਤ-ਮਰਯਾਦਾ ਦੇ ਪਰਪੱਕ ਬਣਾਈ ਰੱਖਣਾ ਕੋਈ ਸਾਧਾਰਨ ਗੱਲ ਨਹੀਂ।

ਪਰ ਨਾਮਧਾਰੀ ਪੰਥ ਦਾ ਵਿਕਾਸ ਅਤੇ ਪਸਾਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖ਼ਸੀਅਤ ਦਾ ਇਕ ਪ੍ਰਮੁੱਖ ਪੱਖ ਤਾਂ ਹੈ, ਇਕੋ-ਇਕ ਪੱਖ ਨਹੀਂ। ਕਈ ਪੱਖ ਹੋਰ ਅਜਿਹੇ ਹਨ ਜਿਨ੍ਹਾਂ ਦੀ ਆਪਣੀ ਥਾਂ ਵੱਡੀ ਮਹੱਤਤਾ ਹੈ।

ਅਧਿਆਤਮ ਦੇ ਨਾਲ ਨਾਲ ਸਕੂਲੀ ਕਾਲਜੀ ਵਿਦਿਆ ਅਤੇ ਖੇਡਾਂ ਉਤੇ ਉਹਨਾਂ ਦਾ ਜ਼ੋਰ ਬੜਾ ਮੁੱਲਵਾਨ ਹੈ। ਹਾਕੀ ਦੇ ਖੇਤਰ ਵਿਚ ਸਰਬੋਤਮ ਪੱਧਰ ਦੇ ਖਿਡਾਰੀ ਨਾਮਧਾਰੀ ਪੰਥ ਦਾ ਝੰਡਾ ਪ੍ਰਸਿੱਧ ਮੁਕਾਬਲਿਆਂ ਵਿਚ ਉੱਚਾ ਝੁਲਾਉਂਦੇ ਹਨ।

ਸੰਗੀਤ ਨਾਲ ਸਤਿਗੁਰੂ ਜੀ ਦਾ ਲਗਾਉ ਤਾਂ ਬੇਮਿਸਾਲ ਹੈ। ਉਹ ਆਪ ਰਾਗ-ਵਿਦਿਆ ਅਤੇ ਸਾਜ਼-ਸੰਗੀਤ ਦੇ ਮੰਨੇ ਹੋਏ ਗਿਆਤਾ ਹਨ। ਸੰਗੀਤ ਦੀ ਰੁਚੀ ਅਤੇ ਸਿਖਿਆਰਥੀਆਂ ਨੂੰ ਚੰਗੀ ਤੋਂ ਚੰਗੀ ਸਿਖਲਾਈ ਨਾਲ ਨਾਮੀ ਸੰਗੀਤਕਾਰ ਬਣਾਉਣਾ ਉਹਨਾਂ ਦੀ ਰਜ਼ਾ ਰਹਿੰਦੀ ਹੈ। ਭਾਰਤ ਦੇ ਸਰੇਸ਼ਟ ਸ਼ਾਸਤਰੀ ਗਾਇਕ ਅਤੇ ਸੰਗੀਤਕਾਰ ਜਿਨ੍ਹਾਂ ਦੇ ਦੋ ਬੋਲ ਸੁਣਨ ਨੂੰ ਸਰੋਤੇ ਤਰਸਦੇ ਹਨ, ਅਕਸਰ ਹੀ ਭੈਣੀ ਸਾਹਿਬ ਪਧਾਰਦੇ ਹਨ ਅਤੇ ਸਤਿਗੁਰੂ ਜੀ ਦੀ ਸੰਗੀਤਕ ਸੰਗਤ ਵਿਚ ਬੈਠ ਕੇ ਆਪਣੀ ਕਲਾ ਦੇ ਪ੍ਰਦਰਸ਼ਨ ਦਾ ਆਨੰਦ ਮਾਣਦੇ ਹਨ।

ਗਊਆਂ ਦੀ ਰਾਖੀ ਨਾਮਧਾਰੀ ਇਤਿਹਾਸ ਦਾ ਇਕ ਅਟੁੱਟ ਅੰਗ ਹੈ। ਪੰਜਾਬ ਉਤੇ ਕਬਜ਼ੇ ਤੋਂ ਮਗਰੋਂ ਸ਼ਹਿਰਾਂ ਵਿਚ ਗਊਆਂ ਦੇ ਬੁੱਚੜਖ਼ਾਨਿਆਂ ਦੀ ਸ਼ਰਾਰਤੀ ਆਗਿਆ ਅੰਗਰੇਜ਼ਾਂ ਨਾਲ ਨਾਮਧਾਰੀਆਂ ਦੇ ਮੁੱਢਲੇ ਵੱਡੇ ਟਕਰਾਵਾਂ ਦਾ ਕਾਰਨ ਬਣੀ। ਗਊ-ਰੱਖਿਆ ਦੀ ਇਸ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਸਤਿਗੁਰੂ ਜਗਜੀਤ ਸਿੰਘ ਇਕ ਆਧੁਨਿਕ ਗਊਪਾਲਕ ਵਜੋਂ ਜਾਣੇ ਜਾਂਦੇ ਹਨ।

ਅਜਿਹਾ ਹੀ ਇਕ ਹੋਰ ਪੁੰਨ-ਕਾਰਜ ਉਹਨਾਂ ਦਾ ਬਿਰਧਾਂ ਵਲ ਸਨੇਹੀ ਰਵੱਈਆ ਹੈ। ਭੈਣੀ ਸਾਹਿਬ ਦੇ ਬਿਰਧ ਆਸ਼ਰਮ ਦਾ ਮਿਆਰ ਇਸ ਤੱਥ ਦੀ ਸ਼ਾਹਦੀ ਭਰਦਾ ਹੈ।

ਵੱਖ-ਵੱਖ ਥਾਂਵਾਂ ਉਤੇ ਕਈ ਨਾਮਧਾਰੀ ਫ਼ਾਰਮ, ਆਧੁਨਿਕ ਵਿਗਿਆਨਕ ਅਤੇ ਕੁਦਰਤੀ ਖੇਤੀ ਦੀ ਇਕ ਰੀਸਯੋਗ ਉਦਾਹਰਨ ਹਨ। ਕੁਝ ਸਾਲ ਪਹਿਲਾਂ ਮੈਨੂੰ ਬੰਗਲੌਰ ਨੇੜਲਾ ਵਿਸ਼ਾਲ ਨਾਮਧਾਰੀ ਫ਼ਾਰਮ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਸੀ। ਠਾਕੁਰ ਉਦੇ ਸਿੰਘ ਜੀ ਦੀ ਨਜ਼ਰ ਹੇਠ ਇਸ ਫ਼ਾਰਮ ਦੀ ਕਾਰਗੁਜ਼ਾਰੀ ਦੰਗ ਕਰ ਦੇਣ ਵਾਲੀ ਸੀ। ਨਿਪੁੰਨ ਵਿਗਿਆਨੀਆਂ ਅਧੀਨ ਚੱਲ ਰਹੀ ਪ੍ਰਯੋਗਸ਼ਾਲਾ, ਉੱਤਮ ਕਿਸਮ ਦੇ ਅੰਬ ਤੇ ਨਾਰੀਅਲ, ਅਨੇਕ ਦੇਸ਼ਾਂ ਨੂੰ ਬਰਾਮਦ ਲਈ ਤਿਆਰ ਕੀਤੇ ਜਾਂਦੇ ਫੁੱਲਾਂ ਤੇ ਸਬਜ਼ੀਆਂ ਦੇ ਬੀਜ। ਇਸ ਸਭ ਕੁਝ ਤੋਂ ਵੱਧ ਧਿਆਨ ਖਿੱਚਣ ਵਾਲਾ ਸੀ ਪ੍ਰਬੰਧਕਾਂ ਦਾ ਕਾਮਿਆਂ ਵੱਲ, ਖ਼ਾਸ ਕਰਕੇ ਇਸਤਰੀ ਕਾਮਿਆਂ ਵੱਲ ਸਤਿਕਾਰ-ਭਰਿਆ ਰਵੱਈਆ। ਇਤਿਹਾਸਕ ਤੌਰ ਉਤੇ ਜਗੀਰਦਾਰੀ ਪ੍ਰਬੰਧ ਅਧੀਨ ਹਰ ਪ੍ਰਕਾਰ ਦੇ ਸ਼ੋਸ਼ਣ ਦੇ ਪਾਤਰ ਰਹੇ ਇਹ ਕਾਮੇ ਹੀ ਨਾਮਧਾਰੀ ਫ਼ਾਰਮ ਦੇ ਧੰਨਵਾਦੀ ਨਹੀਂ, ਸਗੋਂ ਆਲੇ-ਦੁਆਲੇ ਦੀਆਂ ਪੇਂਡੂ ਬਸਤੀਆਂ ਵਿਚ ਇਸ ਕਾਰਨ ਨਾਮਧਾਰੀਆਂ ਦਾ ਭਾਰੀ ਆਦਰ ਕੀਤਾ ਜਾਂਦਾ ਹੈ। ਹੁਣ ਤਾਂ ਸਾਡੇ ਦਿੱਲੀ ਵਿਚ ਕਈ ਨਾਮਧਾਰੀ ਫ਼ਾਰਮੀ ਦੁਕਾਨਾਂ ਖੁੱਲ੍ਹ ਗਈਆਂ ਹਨ ਜਿਨ੍ਹਾਂ ਦੀਆਂ ਵਸਤਾਂ ਆਪਣੀ ਸ਼ੁੱਧਤਾ ਕਾਰਨ ਹਰਮਨ-ਪਿਆਰੀਆਂ ਹਨ। ਆਮ ਦੁਕਾਨਾਂ ਉਤੇ ਵਿਕਦੇ ਇਕ ਵਿਸ਼ੇਸ਼ ਕਿਸਮ ਦੇ ਖ਼ਰਬੂਜ਼ਿਆਂ ਨੂੰ ਤਾਂ ਕਿਹਾ ਹੀ ਨਾਮਧਾਰੀ ਖ਼ਰਬੂਜ਼ੇ ਜਾਂਦਾ ਹੈ।

ਅੰਤਲੀ ਗੱਲ, ਇਕ ਸਾਹਿਤਕਾਰ ਹੋਣ ਦੇ ਨਾਤੇ ਸਾਹਿਤ ਪ੍ਰਤੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਵੱਈਏ ਦੀ। ਭੈਣੀ ਸਾਹਿਬ ਪਹੁੰਚੇ ਹਰ ਸਾਹਿਤਕਾਰ ਦਾ ਆਦਰ-ਮਾਣ ਕਰਨਾ ਤਾਂ ਇਕ ਪ੍ਰੰਪਰਾ ਬਣ ਹੀ ਚੁੱਕੀ ਹੈ, ਸਾਹਿਤ ਸਮਾਗਮਾਂ ਸਮੇਂ ਇਹ ਸਰਪਰਸਤੀ ਹੋਰ ਵਧੇਰੇ ਉਜਾਗਰ ਹੁੰਦੀ ਹੈ। ਮੈਨੂੰ ਨਿੱਜੀ ਜਾਣਕਾਰੀ ਹੈ ਕਿ ਜਦੋਂ ਕਦੀ ਵੀ ਕਿਸੇ ਸਾਹਿਤਕ ਕਾਨਫ਼ਰੰਸ ਦੇ ਪ੍ਰਬੰਧਕਾਂ ਨੇ ਮਾਇਕ ਸਹਾਇਤਾ ਲਈ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਪਹੁੰਚ ਕੀਤੀ ਹੈ, ਉਹਨਾਂ ਦੀ ਪ੍ਰਾਪਤੀ ਉਹਨਾਂ ਦੀ ਆਸ ਨਾਲੋਂ ਵਡੇਰੀ ਰਹੀ ਹੈ। ਕਾਨਫ਼ਰੰਸ ਸਮੇਂ ਨਾਮਧਾਰੀ ਲੰਗਰ ਇਸ ਮਾਇਕ ਸਹਾਇਤਾ ਤੋਂ ਵਧੀਕ ਹੁੰਦਾ ਹੈ। ਸ਼ੁੱਧ ਦੇਸੀ ਘਿਉ ਵਿਚ ਤਿਆਰ ਹੋਇਆ ਭੋਜਨ ਦੁੱਧ ਚਿੱਟੀਆਂ ਚਾਦਰਾਂ ਉਤੇ ਬੈਠੇ ਸਾਹਿਤਕਾਰਾਂ ਅਤੇ ਸਾਹਿਤ-ਪ੍ਰੇਮੀਆਂ ਨੂੰ ਵਰਤਾ ਰਹੇ ਉੱਜਲ ਸਫ਼ੈਦ ਵਸਤਰਾਂ ਵਾਲੇ ਨਾਮਧਾਰੀ ਵੀਰ ਇਕ ਅਲੌਕਿਕ ਦ੍ਰਿਸ਼ ਪੇਸ਼ ਕਰਦੇ ਹਨ। ਅਜਿਹੇ ਮੌਕੇ ਮੈਂ ਤਾਂ ਹੱਸ ਕੇ ਨਾਮਧਾਰੀ ਪ੍ਰਬੰਧਕਾਂ ਨੂੰ ਅਕਸਰ ਆਖਦਾ ਹਾਂ ਕਿ ਕਾਨਫ਼ਰੰਸ ਦੇ ਬਾਕੀ ਸਾਰੇ ਸੈਸ਼ਨਾਂ ਨਾਲੋਂ ਇਹ ਲੰਗਰ-ਸੈਸ਼ਨ ਵਧੀਕ ਸਫਲ ਅਤੇ ਸੰਤੁਸ਼ਟੀਦਾਇਕ ਹੈ।

ਅਜਿਹੀ ਹੈ ਅਨੇਕ ਲੌਕਿਕ, ਅਲੌਕਿਕ, ਸਾਹਿਤਕ ਅਤੇ ਕਲਾਤਮਕ, ਆਦਿ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ। ਆਸ ਅਤੇ ਅਰਦਾਸ ਹੈ, ਇਹ ਅਗਵਾਈ ਹੋਰ ਲੰਮੇ ਸਮੇਂ ਤੱਕ ਪ੍ਰਾਪਤ ਰਹੇ।



Namdhari Elibrary NamdhariElibrary@gmail.com

# ਨਾਮਧਾਰੀ ਮਿਸ਼ਨ ਤੇ ਮਰਿਆਦਾ ਦੀ ਪ੍ਰਸੰਗਤਾ

*—ਡਾ. ਜੋਗਿੰਦਰ ਸਿੰਘ*



ਅਜੋਕੇ ਪੰਜਾਬ ਦਾ ਨਾਮਧਾਰੀ ਭਾਈਚਾਰਾ ਕਿਸੇ ਇੱਕ ਜ਼ਾਤ ਜਾਂ ਕਿੱਤੇ ਦੇ ਲੋਕਾਂ ਦਾ ਸਮੂੰਹ ਨਹੀਂ ਹੈ, ਇਸ ਵਿਚ ਜੱਟ, ਸੈਣੀ, ਰਾਜਪੂਤ, ਰਾਮਗੜ੍ਹੀਏ, ਖੱਤਰੀ/ਅਰੋੜਾ, ਪਰਜਾਪਤ, ਸੁਨਿਆਰੇ, ਨਾਈ, ਛੀਂਬੇ ਅਤੇ ਮਜ਼ਬੀ ਸਿੱਖ ਸ਼ਾਮਿਲ ਹਨ। ਇਨ੍ਹਾਂ ਸਾਰੀਆਂ ਜ਼ਾਤਾਂ ਦੇ ਲੋਕਾਂ ਦੀ ਸ਼ਮੂਲੀਅਤ ਨਾਮਧਾਰੀ ਲਹਿਰ ਦੇ ਆਰੰਭ ਤੋਂ ਚਲੀ ਆ ਰਹੀ ਹੈ। ਹਾਂ ਇਹ ਜ਼ਰੂਰ ਹੈ ਕਿ ਪਿਛਲੇ ੧੫੦ ਸਾਲ ਦੇ ਅਰਸੇ ਵਿੱਚ ਕਿੱਤਾਕਾਰੀ ਜ਼ਾਤਾਂ ਦੇ ਲੋਕਾਂ ਦੀ ਗਿਣਤੀ ਵਧੀ ਹੈ ਜਦ ਕਿ ਜ਼ਿਮੀਂਦਾਰਾਂ ਦੀ ਗਿਣਤੀ ਵਿਚ ਕਮੀ ਜ਼ਰੂਰ ਆਈ ਹੈ ਪਰ ਅਜੇ ਵੀ ਉਹ ਬਹੁ-ਗਿਣਤੀ ਵਿਚ ਹਨ। ੧੯ਵੀਂ ਸ਼ਤਾਬਦੀ ਦੇ ਆਖਰੀ ਦਹਾਕਿਆਂ ਵਿੱਚ ਨਾਮਧਾਰੀ ਜ਼ਿਮੀਦਾਰਾਂ ਦੀ ਗਿਣਤੀ ੬੬ ਫੀਸਦੀ ਤੋਂ ਉਪਰ ਸੀ ਜਦਕਿ ਇਹ ਗਿਣਤੀ ਹੁਣ ਘੱਟ ਕੇ ੫੦ ਫੀਸਦੀ ਰਹਿ ਗਈ ਹੈ। ਇਸ ਦੇ ਉਲਟ ਨਾਮਧਾਰੀ ਰਾਮਗੜ੍ਹੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ੧੫੦ ਸਾਲਾਂ ਦੇ ਵਿੱਚ ਉਨ੍ਹਾਂ ਦੀ ਗਿਣਤੀ ੧੨ ਫੀਸਦੀ ਤੋਂ ਵੱਧ ਕੇ ੩੮ ਫੀਸਦੀ ਹੋ ਗਈ ਹੈ। ਇਸ ਗਿਣਤੀ ਕਰਕੇ ਕਈ ਇਤਿਹਾਸਕਾਰਾਂ ਨੂੰ ਇਹ ਮੁਗਾਲਤਾ ਲੱਗ ਗਿਆ ਹੈ ਕਿ ਨਾਮਧਾਰੀ ਭਾਈਚਾਰਾ, ਰਾਮਗੜ੍ਹੀਆ ਭਾਈਚਾਰਾ ਹੈ। ਇਹ ਇਤਿਹਾਸਕ ਸੱਚਾਈ ਨਹੀਂ ਹੈ। ਬਾਕੀ ਕਿੱਤਿਆਂ ਨਾਲ ਸਬੰਧਤ ਨਾਮਧਾਰੀ ਅਨੁਆਈਆਂ ਦੀ ਗਿਣਤੀ ੧ ਤੋਂ ੮ ਫੀਸਦੀ ਦੇ ਦਰਮਿਆਨ ਹੈ।

(ੳ)

ਕਿਸੇ ਵੀ ਸੰਪਰਦਾ ਦੀ ਰਹਿਤ-ਮਰਿਆਦਾ ਦਾ ਸਬੰਧ ਉਸ ਦੇ ਅਨੁਆਈਆਂ ਦੇ ਸਮਾਜਿਕ ਪਿਛੋਕੜ ਨਾਲ ਜੁੜਿਆ ਹੁੰਦਾ ਹੈ। ਇਹ ਗੱਲ ਨਾਮਧਾਰੀ ਸੰਪਰਦਾ ਦੇ ਅਨੁਆਈਆਂ 'ਤੇ ਵੀ ਢੁੱਕਦੀ ਹੈ। ਨਾਮਧਾਰੀ ਲਹਿਰ ਦੇ ਮੋਢੀ ਗੁਰੂ ਬਾਲਕ ਸਿੰਘ ਨੇ ਨਾਮ-ਸਿਮਰਨ ਦਾ ਉਪਦੇਸ਼ ਸਿੱਖ ਧਰਮ ਦੀ ਨਿਰਗੁਣ ਭਗਤੀ ਦੀ ਰਵਾਇਤ ਅਨੁਸਾਰ ਦਿੱਤਾ। ਪ੍ਰਭੂ ਭਗਤੀ ਦਾ ਸਿਮਰਨ, ਮੂਰਤੀ ਪੂਜਾ ਜਾਂ ਦੇਵੀ-ਦੇਵਤਿਆਂ ਦੀ ਪੂਜਾ ਦਾ ਨਿਖੇਦ ਕਰਦੀ ਹੈ। ਨਾਮਧਾਰੀ ਗੁਰੂ ਜੀ ਦੀਆਂ ਸਦਾਚਾਰਕ ਕਦਰਾਂ-ਕੀਮਤਾਂ ਦਾ ਚੌਖਟਾ ਵੀ ਸਿੱਖ ਧਰਮ ਦੀਆਂ ਰਵਾਇਤਾਂ ਅਨੁਸਾਰ ਹੀ ਸੀ। ਆਰੰਭ ਵਿੱਚ ਇਹ ਅਨੁਆਈ ਵਣਜ ਵਪਾਰ ਦੀਆਂ ਸ਼੍ਰੇਣੀਆਂ ਵਿੱਚੋਂ ਆਏ ਸਨ ਕਿਉਂਕਿ ਪੇਸ਼ਾਵਰ ਦੇ ਇਲਾਕੇ ਆਮ ਕਰਕੇ ਖਤਰੀ/ਅਰੋੜਾ ਸਿੱਖਾਂ ਦੀ ਹੀ ਵਸੋਂ ਸੀ। ਜੋ ਕਿ ਨਾਮਧਾਰੀ ਮਿਸ਼ਨ ਤੇ ਮਰਿਆਦਾ ਅਨੁਆਈਆਂ ਦੇ ਸਮਾਜਿਕ ਪਿਛੋਕੜ ਨਾਲ ਪ੍ਰਸੰਗਤ ਸੀ। ਨਾਮਧਾਰੀ ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਅਨੁਆਈਆਂ ਦਾ ਸਮਾਜਿਕ ਪਿਛੋਕੜ ਉਨ੍ਹਾਂ ਦੇ ਪਹਿਲੇ ਗੁਰ ਭਾਈਆਂ ਨਾਲੋਂ ਵੱਖਰਾ ਸੀ। ਜਿਵੇਂ ਉਪਰ ਦੱਸਿਆ ਹੈ ਕਿ ਇਨ੍ਹਾਂ ਦੀ ਬਹੁ-ਗਿਣਤੀ ਕਿਰਸਾਣੀ ਅਤੇ ਕਿਰਤੀ ਜਮਾਤਾਂ 'ਚੋਂ ਆਈ ਸੀ। ਇਨ੍ਹਾਂ ਦੀ ਵਸੋਂ ਕੇਂਦਰੀ ਪੰਜਾਬ ਦੇ ਜ਼ਿਲਿਆਂ ਵਿਚ ਸੀ। ਇਨ੍ਹਾਂ ਦੋਹਾਂ ਜਮਾਤਾਂ ਦੇ ਲੋਕ ਸਮਕਾਲੀ ਸਮਾਜਿਕ ਅਤੇ ਆਰਥਿਕ ਸੰਕਟ ਦੇ ਸ਼ਿਕਾਰ ਸਨ। ਖਾਲਸਾ ਰਾਜ ਦੀ ਸਮਾਪਤੀ ਤੋਂ ਬਾਅਦ ਬਰਤਾਨਵੀ ਹਕੂਮਤ ਨੇ ਲਗਾਨ ਪ੍ਰਣਾਲੀ ਵਿੱਚ ਕਈ ਮੁਢਲੀਆਂ ਤਬਦੀਲੀਆਂ ਕੀਤੀਆਂ। ਨਵੀਂ ਪ੍ਰਣਾਲੀ ਅਨੁਸਾਰ ਹਰ ਕਿਸਾਨ ਨੂੰ ਲਗਾਨ ਦੀ ਮਿੱਥੀ ਹੋਈ ਰਕਮ ਤੇ ਨਗਦੀ ਵਿੱਚ ਨਿਸ਼ਚਿਤ ਸਮੇਂ ਵਿੱਚ ਤਾਰਨੀ ਪੈਂਦੀ ਸੀ ਜੋ ਕਿ ਉਨ੍ਹਾਂ ਲਈ ਅਸੰਭਵ ਸੀ ਕਿਉਂਕਿ ੧੯ਵੀਂ ਸ਼ਤਾਬਦੀ ਦੇ ਦੂਸਰੇ ਅੱਧ ਵਿੱਚ ਪੰਜਾਬ ਵਿੱਚ ਲਗਾਤਾਰ ਸੋਕਾ/ਕਾਲ ਪਏ। ਜਿਸ ਕਰਕੇ ਖੇਤੀ ਉਤਪਾਦਕਤਾ ਬੜੀ ਮੁਸ਼ਕਿਲ ਨਾਲ ਗੁਜ਼ਾਰੇ ਜੋਗੀ ਹੁੰਦੀ ਸੀ ਪਰ ਲਗਾਨ ਦੀ ਨਵੀਂ ਵਿਧੀ ਅਨੁਸਾਰ 'ਫਸਲ ਹੋਵੇ ਜਾਂ ਨਾ ਹੋਵੇ', ਉਨ੍ਹਾਂ ਨੂੰ ਲਗਾਨ ਦੇਣਾ ਹੀ ਪੈਂਦਾ ਸੀ। ਮਜਬੂਰ ਹੋ ਕੇ ਕਿਸਾਨਾਂ ਨੂੰ ਸ਼ਾਹੂਕਾਰਾਂ ਤੋਂ ਆਪਣੀ ਜ਼ਮੀਨ ਵੇਚ ਕੇ ਜਾਂ ਗਿਰਵੀ ਰੱਖ ਕੇ ਕਰਜ਼ਾ ਲੈਣਾ ਪੈਂਦਾ ਸੀ। ਨਤੀਜੇ ਵਜੋਂ ਮੱਧ-ਸ਼੍ਰੇਣੀ ਤੇ ਛੋਟੀ ਕਿਸਾਨੀ ਬਹੁਤ ਵੱਡੀ ਪੱਧਰ 'ਤੇ ਕਰਜ਼ਾਈ ਹੋ ਗਈ। ਇਸੇ ਤਰ੍ਹਾਂ ਕਿਰਤੀ ਕਾਮਿਆਂ ਦੀ ਜਮਾਤ ਦੀ ਆਰਥਿਕ ਹਾਲਤ ਮਾੜੀ ਹੋ ਗਈ ਕਿਉਂਕਿ ਉਨ੍ਹਾਂ ਦਾ ਜੀਵਨ ਨਿਰਭਾਅ ਖੇਤੀ ਦੀ ਪੈਦਾਵਾਰ 'ਤੇ ਨਿਰਭਰ ਕਰਦਾ ਸੀ।

ਸੱਭ ਤੋਂ ਵੱਧੀ ਤ੍ਰਾਸਦੀ ਇਹ ਸੀ ਕਿ ਇਹ ਦੋਵੇਂ ਵਰਗ ਸਮਕਾਲੀ ਸਮਾਜ ਦੇ ਧਾਰਮਿਕ ਆਗੂਆਂ ਦੇ ਸ਼ੋਸ਼ਣ ਦਾ ਸ਼ਿਕਾਰ ਵੀ ਹੋ ਰਹੇ ਸਨ। ਪੀਰਾਂ-ਫਕੀਰਾਂ, ਮਹੰਤਾਂ ਤੇ ਪੁਜਾਰੀਆਂ ਅਤੇ ਸੰਤ ਬਾਬਿਆਂ ਨੇ ਧਾਗੇ-ਤਵੀਤਾਂ, ਜਾਦੂ-ਟੂਣੇ, ਅਤੇ ਕਰਾਮਾਤਾਂ ਦਾ ਅਡੰਬਰ ਰਚਿਆ ਹੋਇਆ ਸੀ। ਮਹੰਤ ਪੁਜਾਰੀ, ਦੇਵੀ-ਦਵਾਰ ਜਾਂ ਠਾਕੁਰ-ਦਵਾਰਾਂ ਨੂੰ ਆਪਣੀ ਕਮਾਈ ਦਾ ਸਾਧਨ ਬਣਾਈ ਬੈਠੇ ਸਨ। ਇਸ ਤੋਂ ਇਲਾਵਾ ਕਿਰਤੀ ਕਿਸਾਨ ਸ਼੍ਰੇਣੀਆਂ ਕੁੜੀਮਾਰ ਪ੍ਰਥਾ, ਬਾਲ-



Namdhari Elibrary NamdhariElibrary@gmail.com

ਵਿਆਹ, ਸਤੀ ਪ੍ਰਥਾ ਅਤੇ ਦਾਜ-ਦਹੇਜ ਆਦਿ ਦੀਆਂ ਕੁਰੀਤੀਆਂ ਦਾ ਸ਼ਿਕਾਰ ਵੀ ਬਣ ਰਹੇ ਸਨ। ਗੁਰੂ ਰਾਮ ਸਿੰਘ ਜੀ ਨੂੰ ਇਸ ਸਮਾਜਿਕ ਪਿਛੋਕੜ 'ਚੋਂ ਆਉਣ ਵਾਲੇ ਆਪਣੇ ਅਨੁਆਈਆਂ ਦੇ ਔਖੇ ਜੀਵਨ ਦਾ ਨਾ ਕੇਵਲ ਗਿਆਨ ਹੀ ਸੀ ਸਗੋਂ ਦੁੱਖ ਵੀ ਸੀ। ਪਰ ਇਸ ਤੋਂ ਵੀ ਵੱਡਾ ਦੁੱਖ ਉਨ੍ਹਾਂ ਨੂੰ ਖਾਲਸਾ ਰਾਜ ਦੇ ਖੁੱਸ ਜਾਣ ਦਾ ਸੀ। ਉਨ੍ਹਾਂ ਨੂੰ ਇਹ ਲੱਗਦਾ ਸੀ ਰਾਜ-ਭਾਗ ਸਿੱਖਾਂ ਕੋਲੋਂ ਇਸ ਕਰਕੇ ਖੁੱਸ ਗਿਆ ਕਿਉਂਕਿ ਸਮਕਾਲੀ ਖਾਲਸਾ ਖ਼ੁਦਗਰਜ਼, ਦੁਰਾਚਾਰੀ ਅਤੇ ਬੁਰਸ਼ਾਗਰਦ ਬਣ ਚੁੱਕਾ ਸੀ। ਨਾਮਧਾਰੀ ਗੁਰੂ ਦੀਆਂ ਨਜ਼ਰਾਂ ਵਿੱਚ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਲਗਪਗ ਅਲੋਪ ਹੋ ਚੁੱਕਾ ਸੀ। ਇਤਿਹਾਸਕ ਗੁਰਦੁਆਰਿਆਂ 'ਤੇ ਕਾਬਜ਼ ਮਹੰਤ ਅਤੇ ਸਿੱਖ ਸਰਦਾਰ ਬਰਤਾਨਵੀ ਹਕੂਮਤ ਦੀਆਂ ਕੱਠਪੁਤਲੀਆਂ ਬਣ ਚੁੱਕੇ ਸਨ।

ਨਾਮਧਾਰੀ ਗੁਰੂ ਰਾਮ ਸਿੰਘ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਉਹਨਾਂ ਦੇ ਆਪਣੇ ਮੁਰਸ਼ਦ ਵੱਲੋਂ ਚਲਾਈ ਨਾਮ-ਸਿਮਰਨ ਦੀ ਪ੍ਰਥਾ ਤੇ ਸਹਿਜਧਾਰੀ ਰਹਿਤ ਮਰਿਆਦਾ ਸਮਕਾਲੀ ਦਰਪੇਸ਼ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦੀ ਸੀ। ਇਸ ਕਰਕੇ ਉਨ੍ਹਾਂ ਨੇ ੧੨ ਅਪ੍ਰੈਲ ੧੮੫੭ ਨੂੰ ਭੈਣੀ ਸਾਹਿਬ ਵਿਖੇ ਸੰਤ ਖਾਲਸਾ ਸਾਜਿਆ। ਨਿਮਰਤਾ ਸਹਿਤ ਇਹ ਵੀ ਐਲਾਨ ਕੀਤਾ ਕਿ ਇਹ ਖਾਲਸਾ ਗੁਰੂ ਗੋਬਿੰਦ ਸਿੰਘ ਦਾ ਅਸਲੀ ਖਾਲਸਾ ਹੈ। ਉਹ ਤਾਂ ਕੇਵਲ ਗੁਰੂ ਸਾਹਿਬ ਦੀ ਤਰਜਮਾਨੀ ਹੀ ਕਰ ਰਹੇ ਸਨ। ਪਰ ਸਮਕਾਲੀ ਪ੍ਰਸਥਿਤੀਆਂ ਨੂੰ ਮੁੱਖ ਰੱਖ ਕੇ ਸੰਤ ਖਾਲਸੇ ਦੀ ਮਰਿਆਦਾ ਵਿਚ ਕੁਝ ਸੋਧਾਂ ਕੀਤੀਆਂ। ਖੰਡੇ ਦੀ ਪਹੁਲ, ਪੰਜ ਕਕਾਰ ਅਤੇ ਨਿੱਤ ਨੇਮ ਖਾਸ ਕਰਕੇ ਚੰਡੀ ਦੀ ਵਾਰ ਦਾ ਪਾਠ ਸੰਤ ਖਾਲਸੇ ਦੀ ਜੀਵਨ ਸ਼ੈਲੀ ਦਾ ਅਟੁੱਟ ਅੰਗ ਬਣਾਇਆ। ਮਾਰੂ ਸ਼ਕਤੀਆਂ ਦਾ ਸਾਹਮਣਾ ਕਰਨ ਲਈ ਸੰਤ ਖਾਲਸੇ ਨੂੰ ਰਵਾਇਤੀ ਸ਼ਾਸ਼ਤਰ ਅਤੇ ਸ਼ਸਤਰ ਵਿੱਦਿਆ ਵੀ ਦਿੱਤੀ ਗਈ। ਸਹਿਜਧਾਰੀ ਅਤੇ ਅਮ੍ਰਿਤਧਾਰੀ ਸੰਤ ਖਾਲਸੇ ਨੂੰ ਲਾਮਬੰਦ ਕਰਨ ਲਈ ਸੂਬਾ ਪ੍ਰਬੰਧ, ਡਾਕ ਪ੍ਰਬੰਧ ਅਤੇ ਦੇਸ਼ੀ ਅਤੇ ਵਿਦੇਸ਼ੀ ਰਾਜਿਆਂ ਨਾਲ ਸੈਨਿਕ ਅਤੇ ਡਿਪਲੋਮੈਟਿਕ ਸਬੰਧ ਵੀ ਕਾਇਮ ਕੀਤੇ। ਨਾਲ ਦੀ ਨਾਲ ਗੁਰਮਤਿ ਪ੍ਰਚਾਰ ਨਿਰੰਤਰ ਚਲਾਇਆ। ੧੮੬੦ ਦੇ ਦਹਾਕੇ ਵਿੱਚ ਗੁਰੂ ਰਾਮ ਸਿੰਘ ਜੀ ਨੇ ਅਨੇਕਾਂ ਮੇਲੇ ਕਰਵਾਏ। ਸਿੱਖ ਇਤਿਹਾਸਕ ਗੁਰਦਵਾਰਿਆਂ ਦੇ ਦੌਰੇ ਕੀਤੇ ਤਿਆਰ-ਬਰ-ਤਿਆਰ ਸ਼ਰਧਾਲੂਆਂ ਦੀ ਗਿਣਤੀ ੪੦,੦੦੦ ਤੋਂ ਵਧੇਰੇ ਸੀ।

ਗੁਰੂ ਰਾਮ ਸਿੰਘ ਦਾ ਸੰਕਲਪ ਕੇਵਲ ਵਿਦੇਸ਼ੀ ਹਕੂਮਤ ਦਾ ਖਾਤਮਾ ਨਹੀਂ ਸੀ, ਉਹ ਖਾਲਸਾ ਰਾਜ ਦੀ ਓਹ ਰੂਪ ਰੇਖਾ ਉਸਾਰਨਾ ਚਾਹੁੰਦੇ ਸਨ, ਜਿਸ ਦੀ ਵਿਆਖਿਆ ਪ੍ਰੇਮ ਸੁਮਾਰਗ ਵਿੱਚ ਕੀਤੀ ਹੋਈ ਸੀ। ਇਹ ਰਚਨਾ ੧੮ਵੀਂ ਸ਼ਤਾਬਦੀ ਦੇ ਪਹਿਲੇ ਅੱਧ ਦੀ ਕਹੀ ਜਾ ਸਕਦੀ ਹੈ। ਇਸ ਰਚਨਾ ਵਿੱਚ ਖਾਲਸਾ ਪੰਥ ਦੇ ਧਾਰਮਿਕ ਅਤੇ ਸਮਾਜਿਕ ਵਿਵਹਾਰ ਅਤੇ ਸਿੱਖ ਸ਼ਾਸਨ ਨੀਤੀ ਦੀ ਵਿਆਖਿਆ ਕੀਤੀ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਬੇਵਕਤ ਦੇਸ਼ ਨਿਕਾਲੇ (੧੮੭੨) ਕਰਕੇ ਉਨ੍ਹਾਂ ਦੇ ਖਾਲਸਾ ਰਾਜ ਦੀ ਮੁੜ ਸਥਾਪਤੀ ਦਾ ਸੰਕਲਪ ਅਧੂਰਾ ਰਹਿ ਗਿਆ ਪਰ ਇਸ ਤੋਂ ਪਹਿਲਾਂ ਉਹ ਇਕ ਅਜਿਹੀ ਸਮਾਜਿਕ ਸੁਧਾਰ ਲਹਿਰ ਸ਼ੁਰੂ ਕਰ ਚੁੱਕੇ ਸਨ, ਜਿਸ ਦੇ ਰਾਹੀਂ ਆਪਣੇ ਕਿਰਤੀ ਕਿਸਾਨ ਅਨੁਆਈਆਂ ਨੂੰ ਉਪਰੋਕਤ ਵਰਣਨ ਕੀਤੀਆਂ ਸਮਾਜਿਕ ਕੁਰੀਤੀਆਂ ਤੋਂ ਮੁਕਤ ਕਰਵਾ ਸਕਣ। ਉਨ੍ਹਾਂ ਨੇ ਗੁਰਮੁਖੀ ਅੱਖਰ ਪੜ੍ਹਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਦਾਜ-ਦਹੇਜ ਮੁਕਤ, ਅਨੰਦ ਵਿਵਾਹ (ਸਾਮੂਹਿਕ) ਦੀ ਪ੍ਰਥਾ ਨੂੰ ਸ਼ੁਰੂ ਕੀਤਾ। ਉਨ੍ਹਾਂ ਨੇ ਸਵਾ ਰੁਪਏ 'ਚ ਅਨੰਦ ਵਿਵਾਹ ਕਰਕੇ ਇਕ ਨਵੀਂ ਮਿਸਾਲ ਕਾਇਮ ਕੀਤੀ। ਉਨ੍ਹਾਂ ਨੂੰ ਜਾਣਕਾਰੀ ਸੀ ਕਿ ਦਾਜ-ਦਹੇਜ ਅਤੇ ਫਜ਼ੂਲ ਰੀਤੀ-ਰਿਵਾਜਾਂ ਤੇ ਖਰਚ ਆਮ ਲੋਕਾਂ ਨੂੰ ਕਰਜ਼ਾਈ ਕਰ ਰਿਹਾ ਸੀ। ਅਨੰਦ ਵਿਵਾਹ ਕਰਜ਼ੇ ਘਟ ਕਰ ਸਕਦਾ ਸੀ। ਉਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਸ਼ਾਹੂਕਾਰਾਂ ਕੋਲੋਂ ਕਰਜ਼ਾ ਲੈਣ ਦੀ ਮਨਾਹੀ ਕੀਤੀ ਕਿਉਂਕਿ ਬਰਤਾਨਵੀ ਹਕੂਮਤ ਦਾ ਕਾਨੂੰਨ ਅਤੇ ਕੋਰਟ ਕਚਹਿਰੀਆਂ ਲੋਕ ਪੱਖੀ ਨਹੀਂ ਸਨ। ਬਰਤਾਨਵੀ ਕਾਨੂੰਨ ਨੇ ਬਾਣੀਏ ਸ਼ਾਹੂਕਾਰਾਂ ਨੂੰ economic dictator (ਡਿਕਟੇਟਰ) ਬਣਾ ਦਿੱਤਾ ਸੀ। ਲੁਟ-ਖਸੁਟ ਦਾ ਸ਼ਿਕਾਰ ਹੋਈ ਸਿਖ ਕਿਰਸਾਣੀ ਤੇ ਕਿਰਤੀ ਜਮਾਤਾਂ ਦਾ ਝੁਕਾਅ ਨਾਮਧਾਰੀ ਮਿਸ਼ਨ ਵਲ ਹੋਣਾ ਸੁਭਾਵਿਕ ਸੀ।

(ਅ)

੨੦ਵੀਂ ਸ਼ਤਾਬਦੀ ਦੇ ਪਹਿਲੇ ਅੱਧ ਵਿੱਚ ਨਾਮਧਾਰੀ ਗੁਰੂ ਪ੍ਰਤਾਪ ਸਿੰਘ (੧੯੦੬-੧੯੫੯) ਜੀ ਨੇ ਨਾਮਧਾਰੀ ਮਰਿਆਦਾ ਨੂੰ ਸਖਤੀ ਨਾਲ ਲਾਗੂ ਕੀਤਾ। ਇਸ ਮਰਿਆਦਾ ਦਾ ਉਦੇਸ਼ ਜਨਮ, ਵਿਵਾਹ ਅਤੇ ਸੰਸਕਾਰ ਦੇ ਰੀਤੀ-ਰਿਵਾਜ 'ਤੇ ਘੱਟ ਤੋਂ ਘੱਟ ਖਰਚਾ ਕਰਨਾ ਅਤੇ ਸਾਦਾ ਜੀਵਨ ਬਿਤਾਉਣਾ ਸੀ। ਉਨ੍ਹਾਂ ਦਾ ਸੰਦੇਸ਼ ਇਸ ਕਰਕੇ ਵੀ ਸਾਰਥਿਕ ਹੋ ਗਿਆ ਸੀ ਕਿਉਂਕਿ ਪੰਜਾਬ ਦੀਆਂ ਬਾਕੀ ਸਿਖ ਸਮਾਜਕ-ਧਾਰਮਿਕ ਜਥੇਬੰਦੀਆਂ ਦਾ ਸਿਆਸੀਕਰਣ ਹੋ ਚੁੱਕਾ ਸੀ। ਇਨਾ ਜਥੇਬੰਦੀਆਂ ਦਾ ਉਦੇਸ਼ ਸਿੱਖਾਂ ਦੇ ਰਾਜਨੀਤਕ ਅਤੇ ਸੰਵੀਧਾਨਕ ਹੱਕਾਂ ਦੀ ਪ੍ਰਾਪਤੀ ਸੀ। ਇੰਨ੍ਹਾਂ ਦਾ ਦੂਸਰਾ ਵੱਡਾ ਉਦੇਸ਼ ਗੁਰਦਵਾਰਿਆਂ ਨੂੰ ਮਹੰਤਾ ਦੇ ਕਬਜ਼ੇ ਤੋਂ ਆਜ਼ਾਦ ਕਰਉਣਾ ਸੀ। ਲੈਫਟ ਵਿੰਗ ਦੀ ਸਮਾਜਵਾਦੀ ਨੀਤੀਆਂ ਦੀ ਤਰਜਮਾਨੀ ਕਰਦੇ ਹੋਏ ਸਤਿਜੁਗ ਰਸਾਲੇ ਨੇ ਕਿਹਾ "ਕਿ ਸਤਿਗੁਰਾਂ ਦੀ ਆਗਿਆ ਹੈ "ਕਿ ਆਪਣੇ ਅਹਾਰ ਵਿਹਾਰ ਅਚਾਰ ਨੂੰ ਸ਼ੁਧ ਰਖੋ। ਦਸਾਂ ਨਵਾਂ ਦੀ ਧਰਮ ਅਨੁਸਾਰ ਕਿਰਤ ਕਰੋ। ਅਤੇ ਉਸਨੂੰ ਵੰਡਕੇ ਛਕੋ। ਜੇ ਫੇਰ ਭੀ ਸੰਪੱਤੀ ਜਮਾਂ ਹੋ



Namdhari Elibrary NamdhariElibrary@gmail.com

ਜਾਵੇ ਤਾਂ ਉਸਨੂੰ ਸਤਿਗੁਰੂ ਦੀ ਦਾਤ ਅਰ ਅਮਾਨਤ ਸਮਝਕੇ ਉਸਦੀ ਹਿਫਾਜ਼ਤ ਕਰੋ ਅਤੇ ਧਰਮ ਯਾ ਪਰਉਪਕਾਰ ਵਾਸਤੇ ਉਸਦੀ ਲੋੜ ਪਵੇ ਤਾਂ ਇਸ ਪ੍ਰਸੰਨਤਾ ਨਾਲ ਅਰਪਣ ਕਰ ਦਿਓ ਕਿ ਤੇਰਾ ਤੁਝਕੋ ਸੌਂਪਤੇ ਕਿਆ ਲਾਗੈ ਮੇਰਾ।

ਸਾਨੂੰ ਇਸ ਬਾਤ ਦਾ ਗਰਵ ਅਰ ਸਚਾ ਅਭਿਮਾਨ ਹੈ ਕਿ ਇਸ ਸੋਸ਼ਲਿਜ਼ਮ ਦਾ ਪਾਲਨ ਕਰਨ ਵਾਲੇ ਸਤਿਗੁਰੂ ਚੀਨੀ ਵਾਲਿਆਂ ਦੇ ਨਾਮ ਲੇਵਾ ਨਾਮਧਾਰੀਆਂ ਵਿਚ ਜੋ ਏਕਤਾ, ਸ਼ਾਂਤੀ ਸੰਤੋਖ, ਪ੍ਰੇਮ ਅਰ ਦਿਲੀ ਪ੍ਰਸੰਨਤਾ ਹੈ ਓਹ ਹੋਰ ਕਿਸੇ ਜਗਹ ਦਿਖਾਈ ਨਹੀਂ ਦਿੰਦੀ। ਅਸੀਂ ਨਾਮਧਾਰੀ ਬਹੁਤੀਆਂ ਰਾਜਨੀਤਕ ਉਲਝਨਾਂ ਵਿਚ ਨਹੀਂ ਪੈਂਦੇ। ਸਤਿਗੁਰੂ ਸਚੇ ਪਾਤਸ਼ਾਹ ਦੇ ਹੁਕਮ ਦੀ ਪਾਲਨਾ ਕਰਨਾ, ਦੂਸਰੇ ਨੂੰ ਪਾਣੀ ਪਿਲਾਣ ਦੀ ਭੀ ਖੇਚਲ ਨਹੀਂ ਦੇਣੀ, ਦਸਾਂ ਨੌਹਾਂ ਦੀ ਪਵਿਤ੍ਰ ਕਮਾਈ ਵਿਚੋਂ ਜੋ ਹੋ ਸਕੇ ਦੂਸਰਿਆਂ ਦੀ ਭੀ ਸੇਵਾ ਕਰ ਦੇਣੀ। ਸਤਿਗੁਰੂ ਦੇ ਹੁਕਮ ਦੀ ਪਾਲਨਾ ਵਿਚ ਹੀ ਸਭ ਕੁਝ ਆ ਜਾਂਦਾ ਹੈ। ਉਹਨਾਂ ਦੇ ਸਪੁਰਦ ਆਪਣੇ ਆਪ ਨੂੰ ਕਰ ਦੇਣ ਵਾਲਿਆਂ ਦੇ ਯੋਗਖੇਮ ਦੀ ਚਿੰਤਾ ਆਪ ਸਤਿਗੁਰੂ ਕਰਦੇ ਹਨ। ਐਸੇ ਸੋਸ਼ਲਿਜ਼ਮ ਨੂੰ ਧਨ ਜਮਾਂ ਕਰਨ ਦੀ ਕੀ ਪਰਵਾਹ ਹੈ, ਜਿਸਦੇ ਲੋਕ ਪਰਲੋਕ ਦਾ ਸਾਰਾ ਪ੍ਰਬੰਧ ਸਭ ਤੋਂ ਬੜੀ ਸ਼ਕਤੀ ਆਪ ਕਰ ਰਹੀ ਹੋਵੇ। ਉਹ ਤਾਂ ਮਾਂ ਦੀ ਗੋਦ ਵਿਚ ਬੈਠੇ ਵਾਂਗ ਹਰ ਮੁਸੀਬਤ ਅਰ ਚਿੰਤਾ ਫਿਕਰ ਤੋਂ ਬਿਲਕੁਲ ਨਿਸ਼ਚਿੰਤ ਹੋ ਜਾਂਦਾ ਹੈ।

ਏਹ ਸੋਸ਼ਲਿਜ਼ਮ ਹੈ ਜੋ ਸਿਰਫ ਹਿੰਦੋਸਤਾਨ ਵਿਚ ਹੀ ਸਫਲ ਹੋ ਸਕਦਾ ਹੈ ਬਲਕਿ ਸਾਰੀ ਦੁਨੀਆਂ ਵਿਚ ਨਿਸ਼ਚੇ ਹੀ ਅਮਨ ਅਰ ਸ਼ਾਂਤੀ ਵਰਤ ਸਕਦੀ ਹੈ। ਜਦ ਤਕ ਇਸ ਨੂੰ ਦੁਨੀਆਂ ਨਹੀਂ ਆਪਣੌਂਦੀ ਏਸੇ ਤਰ੍ਹਾਂ ਭੰਬਲ ਭੂਸੇ ਖਾਂਦੀ ਰਹੇਗੀ ਅਤੇ ਦੁਖ ਨਿਵਰਤੀ ਦੇ ਯਤਨ ਹੀ ਸੰਸਾਰ ਦੇ ਦੁਖਾਂ ਵਿਚ ਵਾਧਾ ਕਰੀ ਜਾਣਗੇ।"

ਯੂਨੀਨਿਸਟ ਸਰਕਾਰ ਦੀਆਂ ਕਾਸ਼ਤਕਾਰੀ ਨੀਤੀਆਂ ਦੀ ਆਲੋਚਨਾ ਕਰਦੇ ਹੋਏ ਸਤਿਜੁਗ ਨੇ ਵਿਰੋਧ ਇਨ੍ਹਾਂ ਸ਼ਬਦਾਂ ਵਿੱਚ ਕੀਤਾ "ਕੀ ਸਰ ਸਿਕੰਦਰ ਹਯਾਤ ਨਹੀਂ ਜਾਣਦੇ ਕਿ ਇਸ ਐਕਟ ਦੇ ਸਬਬ ਹੀ ਕਿਤਨੇ ਜ਼ਿਮੀਨਦਾਰ ਕੌਡੀਆਂ ਦੇ ਮੁਲ ਪਿੰਡਾਂ ਦੇ ਮਾਲਕ ਬਣ ਗਏ ਅਤੇ ਕਿਤਨੇ ਦਰ-ਦਰ ਦੇ ਭਿਖਾਰੀ ਬਣ ਹਨ ? ਕੀ ਜ਼ਿਮੀਦਾਰ ਸ਼੍ਰੇਣੀਆਂ ਵਿਚ ਐਸੇ ਸ਼ਾਹੂਕਾਰ ਇਸ ਐਕਟ ਨੇ ਹੀ ਪੈਦਾ ਨਹੀਂ ਕੀਤੇ ਜੋ ਇਕ-ਇਕ ਹੀ ਸੈਂਕੜਿਆਂ ਦੀਆਂ ਜਮੀਨਾਂ ਹਜ਼ਮ ਕਰ ਗਏ ਹਨ ? ਭਲਾ ਜੇ ਇਸ ਹੁਜਤ ਨੂੰ ਕੁਝ ਵਜ਼ਨ ਭੀ ਦਿਤਾ ਜਾਵੇ ਕਿ ਕਾਨੂੰਨ ਪਾਸ ਨ ਹੋਣ ਦੀ ਸੂਰਤ ਵਿਚ ਪਤਾ ਨਹੀਂ ਕੀ ਅਨਰਥ ਹੋ ਜਾਂਦਾ। ਤਦ ਭੀ ਇਸਤੋਂ ਜ਼ਿਆਦਾ ਕੋਈ ਅਨਰਥ ਤਾਂ ਕੀ ਹੋ ਸਕਦਾ ਸੀ ਜੋ ਲਗਭਗ ਦੋ ਰੁਪਏ ਮਹੀਨਾ ਐਸਤ ਆਮਦਨ ਵਾਲੇ ਦੇਸ਼ ਦੇ ਮੇਹਨਤੀਆਂ ਦੀ ਕਮਾਈ ਵਿਚੋਂ ਸਾਢੇ ਤਿੰਨ ਹਜ਼ਾਰ ਇਕ-ਇਕ ਆਦਮੀ ਦੇ ਹੂੰਝ ਲੈ ਜਾਣ ਦੀ ਸੂਰਤ ਵਿਚ ਹੋ ਰਿਹਾ ਹੈ। ਹਾਲਾਂਕਿ ਓਹਨਾਂ ਦੀਆਂ ਹੋਰ ਆਮਦਨੀਆਂ ਦਾ ਭੀ ਕੋਈ ਅੰਤ ਨਹੀਂ।"

ਇਹ ਨਾਮਧਾਰੀ ਮਿਸ਼ਨ ਤੇ ਮਰਿਆਦਾ ਦਾ ਉਸਾਰੂ ਪੱਖ ਹੀ ਸੀ ਜਿਸ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਕਿਰਤੀ ਕਿਸਾਨਾਂ ਵਿੱਚੋਂ ਵੱਡੀ ਗਿਣਤੀ 'ਚ ਸਿੱਖ ਨਾਮਧਾਰੀ ਬਣੇ।

(ਢ)

ਪੰਜਾਬ ਦੀ ੧੯੪੭ ਦੀ ਵੰਡ ਨੇ ਨਾਮਧਾਰੀਆਂ ਦੇ ਸਮਾਜਿਕ ਪਿਛੋਕੜ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਕੀਤੀਆਂ। ਲਹਿੰਦੇ ਪੰਜਾਬ ਦੇ ਹਿੰਦੂ-ਸਿੱਖਾਂ ਦੀ ਤਰ੍ਹਾਂ ਨਾਮਧਾਰੀ ਸਿੱਖ ਵੀ ਆਪਣੇ ਜੱਦੀ-ਪੁਸ਼ਤੀ ਪਿੰਡ ਅਤੇ ਸ਼ਹਿਰ ਛੱਡਣ ਲਈ ਮਜਬੂਰ ਹੋਏ। ਆਮ ਹਿੰਦੂ-ਸਿੱਖਾਂ ਦੀ ਤਰ੍ਹਾਂ ਨਾਮਧਾਰੀਆਂ ਦਾ ਭਾਵੇਂ ਜਾਨੀ ਨੁਕਸਾਨ ਘੱਟ ਹੋਇਆ ਪਰ ਜ਼ਮੀਨੀ ਜਾਇਦਾਦ ਅਤੇ ਸਭਿਆਚਾਰਕ ਪੱਖੋਂ ਉਨ੍ਹਾਂ ਦਾ ਓਨ੍ਹਾਂ ਹੀ ਨੁਕਸਾਨ ਹੋਇਆ, ਜਿੰਨਾ ਕਿ ਬਾਕੀਆਂ ਦਾ। ਨਾਮਧਾਰੀਆਂ ਦੀ ਖੁਸ਼ਕਿਸਮਤੀ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਨੇ ਨਾ ਕੇਵਲ ਉਨ੍ਹਾਂ ਦੇ ਮੁੜ-ਵਸੇਬੇ ਲਈ ਵੱਡੇ ਯਤਨ ਕੀਤੇ ਸਗੋਂ ਉਨ੍ਹਾਂ ਨੂੰ ਕਾਰੋਬਾਰੀ ਵਸੀਲੇ ਵੀ ਪ੍ਰਾਪਤ ਕਰਵਾਏ। ਇਹ ਨਾਮਧਾਰੀ ਗੁਰੂ ਸਤਿਗੁਰੂ ਪ੍ਰਤਾਪ ਸਿੰਘ ਦੀ ਦੂਰਅੰਦੇਸ਼ੀ ਸੀ ਕਿ ਉਨ੍ਹਾਂ ਨੇ ਨਾਮਧਾਰੀ ਸਿੱਖਾਂ ਨੂੰ ਰੌਲਾ ਪੈਣ ਤੋਂ ਪਹਿਲਾਂ ਹੀ ਲਹਿੰਦਾ ਪੰਜਾਬ ਛੱਡ ਕੇ ਚੜ੍ਹਦੇ ਪੰਜਾਬ ਆਉਣ ਦਾ ਆਦੇਸ਼ ਦਿੱਤਾ। ਨਾਮਧਾਰੀ ਸਿੱਖਾਂ ਦੇ ਮੁੜ ਵਸੇਬੇ ਲਈ ਉਨ੍ਹਾਂ ਨੇ ਮੰਡੀ (ਹਿਮਾਚਲ ਪ੍ਰਦੇਸ਼) ਅਤੇ ਸਿਰਸਾ (ਹਰਿਆਣਾ) ਆਦਿ ਵਿਖੇ ਮੁੜ ਵਸੇਬੇ ਦੇ ਮੁੱਖ ਪ੍ਰਬੰਧ ਕੀਤੇ। ਇਸੇ ਤਰ੍ਹਾਂ ਪੰਜਾਬ ਦੇ ਅਜੋਕੇ ਜ਼ਿਲਾ ਫਤਿਹਗੜ੍ਹ ਸਾਹਿਬ ਵਿੱਚ ਵੀ ਨਾਮਧਾਰੀ ਜ਼ਮੀਦਾਰਾਂ ਅਤੇ ਕਿਰਤੀਆਂ ਨੂੰ ਮੁੜ ਵਸਾਇਆ।

ਨਾਮਧਾਰੀ ਗੁਰੂ ਸਾਹਿਬਾਨ ਵੱਲੋਂ ਮੁੜ ਵਸੇਬੇ ਦੇ ਇਨ੍ਹਾਂ ਯਤਨਾਂ ਦੇ ਚੰਗੇ ਨਤੀਜੇ ਨਿਕਲੇ। ਇਕ ਤਾਂ ਇਹ ਕਿ ਉਹ ਪਰਿਵਾਰ, ਜਿਨਾਂ ਨੂੰ ਮੁੜ ਵਸਾਇਆ ਗਿਆ, ਉਹ ਸਤਿਗੁਰਾਂ ਦੇ ਨਿੱਜੀ ਤੌਰ 'ਤੇ ਰਿਣੀ ਬਣ ਗਏ। ਇਨ੍ਹਾਂ ਪਰਿਵਾਰਾਂ ਦੀਆਂ ਘੱਟੋ-ਘੱਟ ਦੋ ਪੀੜ੍ਹੀਆਂ ਨੇ ਨਾਮਧਾਰੀ ਰਹਿਤ-ਮਰਿਆਦਾ ਨੂੰ ਪ੍ਰਣਾਈ ਰੱਖਿਆ। ਸਤਿਗੁਰਾਂ ਦੇ ਪ੍ਰਤੀ ਨਿੱਜੀ ਪ੍ਰਤੀਬੱਧਤਾ ਨੇ ਨਾਮਧਾਰੀਆਂ ਦੀ ਸਮੂਹਿਕ ਏਕਤਾ ਨੂੰ ਵੀ ਬਣਾਈ ਰੱਖਿਆ। ਇਹ ਤਾਂ ਹੀ ਸੰਭਵ ਹੋ ਸਕਿਆ ਕਿ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਦੇ ਕਈ ਨਗਰ ਅਤੇ ਪਿੰਡ ਨਾਮਧਾਰੀਆਂ ਦੇ ਗੜ੍ਹ ਬਣ ਗਏ। ਉਦਾਹਰਣ ਵਜੋਂ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਨਗਰ। ਇਨ੍ਹਾਂ ਨਗਰਾਂ ਵਿੱਚ ਨਾਮਧਾਰੀ ਸਿੱਖਾਂ ਨੇ ਸਮੂਹਿਕ ਕਾਰਜ ਕਾਰਨ ਲੋਕਲ ਜਥੇਬੰਦੀਆਂ ਸੰਗਠਤ ਕੀਤੀਆਂ ਅਤੇ ਧਰਮਸ਼ਾਲਾ ਉਸਾਰੀਆਂ। ਇਸੇ ਤਰ੍ਹਾਂ



Namdhari Elibrary NamdhariElibrary@gmail.com

ਪੰਜਾਬ ਦੇ ਕਈ ਪਿੰਡਾਂ ਵਿੱਚ ਨਾਮਧਾਰੀ ਸਿੱਖਾਂ ਨੇ ਧਰਮਸ਼ਾਲਾ ਬਣਾ ਲਈਆਂ। ਕਈ ਪਿੰਡਾਂ ਵਿੱਚ ਉਹ ਪੰਚ ਤੇ ਸਰਪੰਚ ਵੀ ਚੁਣੇ ਗਏ। ਹੁਣ ਤਾਂ ਪੰਜਾਬ ਦੀ ਸਾਸ਼ਨ ਤੇ ਰਾਜਨੀਤੀ ਵਿਚ ਨਾਮਧਾਰੀ ਸਿੱਖ ਖਾਸ ਕਿਸਮ ਦੀ ਭੂਮਿਕਾ ਨਿਭਾ ਰਹੇ ਹਨ।

ਪੰਜਾਬ ਵਿੱਚ ਹਰੀ ਕ੍ਰਾਂਤੀ ਅਤੇ ਉਦਯੋਗਿਕ ਵਿਕਾਸ ਨੇ ਖੁਸ਼ਹਾਲੀ ਦੇ ਦੌਰ ਦੇ ਨਾਲ-ਨਾਲ ਖਪਤਕਾਰੀ ਸਭਿਆਚਾਰ (consumer culture) ਨੂੰ ਵੀ ਜਨਮ ਦਿੱਤਾ। ਪੰਜਾਬੀਆਂ ਦੇ ਹਰ ਵਰਗ ਨੇ ਆਪਣੀ ਆਮਦਨ ਦਾ ਬਹੁੱਤ ਵੱਡਾ ਹਿੱਸਾ ਐਸ਼ੋ-ਆਰਾਮ ਤੇ ਫੈਸ਼ਨ ਪ੍ਰਸਤੀ 'ਤੇ ਖਰਚਣਾ ਸ਼ੁਰੂ ਕਰ ਦਿੱਤਾ। ਟੀ. ਵੀ. ਅਤੇ ਪ੍ਰਿੰਟ ਮੀਡੀਆ ਨੇ ਅਸ਼ਲੀਲਤਾ ਤੇ ਲੱਚਰਤਾ ਨੂੰ ਬੜੀ ਤੇਜ਼ੀ ਨਾਲ ਘਰ-ਘਰ ਪਹੁੰਚਾ ਦਿੱਤਾ। ਪੰਜਾਬ ਵਿਚ ਨਵੀਂ ਕਿਸਮ ਦੇ ਆਰਥਿਕ ਤੇ ਸਭਿਆਚਾਰਕ ਸੰਕਟ ਪੈਦਾ ਹੋ ਗਏ। ਖੇਤੀਬਾੜੀ ਅਤੇ ਉਦਯੋਗਿਕ ਪੈਦਾਵਾਰ ਵਿੱਚ ਖੜੋਤ ਆਉਣ ਨਾਲ ਇਹ ਸੰਕਟ ਪੈਦਾ ਹੋਇਆ। ਬੇਰੁਜ਼ਗਾਰੀ ਦੇ ਵਧਣ ਨਾਲ ਨੌਜਵਾਨਾਂ ਵਿੱਚ ਮਾਯੂਸੀ ਤੇ ਨਸ਼ੇ ਖਾਣ ਦਾ ਰੁਝਾਨ ਪੈਦਾ ਹੋਇਆ। ਆਰਥਿਕ ਸੰਕਟ ਦਾ ਸਭ ਤੋਂ ਵੱਧ ਅਸਰ ਛੋਟੀ ਕਿਸਾਨੀ ਅਤੇ ਕਿਰਤੀ ਪਰਿਵਾਰਾਂ ਉਪਰ ਪਿਆ। ਜਿਵੇਂ ਆਰੰਭ ਵਿਚ ਸੰਕੇਤ ਕੀਤਾ ਗਿਆ ਕਿ ਨਾਮਧਾਰੀ ਭਾਈਚਾਰੇ ਦਾ ਬਹੁੱਤ ਵੱਡਾ ਹਿੱਸਾ ਕਿਰਤੀ, ਕਿਰਸਾਨਾ ਦਾ ਹੈ, ਇਸ ਕਰਕੇ ਉਹ ਵੀ ਇਸ ਆਰਥਿਕ ਤੇ ਸਭਿਆਚਾਰਕ ਸੰਕਟ ਦੀ ਲਪੇਟ ਵਿਚ ਆ ਗਏ।

ਇਸ ਸਕੰਟ ਤੋਂ ਬਚਾਉਣ ਲਈ ਨਾਮਧਾਰੀ ਮਰਿਆਦਾ ਬਹੁਤ ਸਾਰਥਕ ਸਾਬਤ ਹੋਈ। ਨਾਮਧਾਰੀ ਕਿਰਸਾਨ ਤੇ ਕਿਰਤੀ ਇਸ ਸੰਕਟ ਨੂੰ ਝੱਲਣ ਲਈ ਇਸ ਕਰਕੇ ਸਮਰੱਥ ਹੋਏ ਕਿ ਉਹ ਨਾ ਤਾਂ ਨਸ਼ੱਈ ਅਤੇ ਨਾ ਹੀ ਕਰਜ਼ਾਈ ਸਨ। ਨਿਤਨੇਮ ਨੇ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਵੈਸ਼ਨਵੀ ਖਾਣੇ ਨੇ ਸਰੀਰਕ ਤੌਰ 'ਤੇ ਠੀਕ ਰਖਿਆ। ਉਹ ਫਜ਼ੂਲ ਖਰਚੀ ਤੋਂ ਵੀ ਬਚੇ ਰਹੇ। ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਦੇ ਇਕ ਸਰਵੇਖਣ ਅਨੁਸਾਰ ਨਾਮਧਾਰੀ ਕਿਰਸਾਨਾਂ ਉਪਰ ਕਰਜ਼ੇ ਦੀ ਰਕਮ ਮਨਫੀ ਬਰਾਬਰ ਹੈ। ਇਸੇ ਤਰ੍ਹਾਂ ਉਹ ਕੋਰਟ/ਕਚਹਿਰੀਆਂ ਦੇ ਚੱਕਰਾਂ ਤੋਂ ਵੀ ਆਜ਼ਾਦ ਹਨ। ੧੮ ਜ਼ਿਲਿਆਂ ਦੇ ੧੪੦੦ ਪਰਿਵਾਰਾਂ 'ਚੋਂ ਕੇਵਲ ਕੁਝ ਹੀ ਪਰਿਵਾਰ ਹਨ, ਜਿਹੜੇ ਕਰਜ਼ਾਈ ਹਨ ਜਾਂ ਮੁਕੱਦਮੇਬਾਜ਼ੀ 'ਚ ਪਏ ਹੋਏ ਹਨ। ਇਸ ਤੋਂ ਉਲਟ ਸਰਵੇਖਣ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਨਾਮਧਾਰੀ ਕਿਰਸਾਨਾ ਦੀ ਵਾਹੀ ਯੋਗ ਜ਼ਮੀਨ 'ਚ ਵਾਧਾ ਹੋਇਆ ਹੈ। ਨਾਮਧਾਰੀਆਂ ਦੀ ਆਰਥਿਕ ਤਰੱਕੀ ਦਾ ਕਾਰਨ ਇਹ ਵੀ ਹੈ ਕਿ ਉਹ ਦਾਜ-ਦਹੇਜ ਦੀ ਲਾਹਨਤ ਅਤੇ ਫੋਕੀ ਸ਼ੋਹਰਤ ਤੇ ਖਰਚਿਆਂ ਤੋਂ ਬਹੁਤ ਹੱਦ ਤਕ ਬਚਿਆ ਹੋਇਆ ਹੈ। ਇਹ ਇਸ ਕਰਕੇ ਸੰਭਵ ਹੋਇਆ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਾਜ-ਦਹੇਜ ਤੋਂ ਮੁਕਤ ਅਨੰਦ ਵਿਵਾਹ ਦੀ ਪ੍ਰਥਾ ਨੂੰ ਗੰਭੀਰਤਾ ਨਾਲ ਲਾਗੂ ਕੀਤਾ ਹੈ। ਦਹੇਜ-ਮੁਕਤ ਅਨੰਦ ਵਿਵਾਹ ਤਾਂ ਹੀ ਸੰਭਵ ਹੋਏ ਕਿ ਨਾਮਧਾਰੀ ਪਰਿਵਾਰ ਨੂੰ ਹਦਾਇਤ ਹੈ ਕਿ ਉਹ ਇਹ ਰਸਮ ਭੈਣੀ ਸਾਹਿਬ ਆ ਕੇ ਕਰਨ। ਜਿਹੜੇ ਨਾਮਧਾਰੀ ਪਰਿਵਾਰ ਦਾਜ-ਦਹੇਜ ਦਿੰਦੇ ਜਾਂ ਲੈਂਦੇ ਹਨ ਜਾਂ ਫਿਰ ਉਹ ਮੈਰਿਜ ਪੈਲੇਸਾਂ ਵਿੱਚ ਵਿਆਹ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰੂ ਡੰਨ ਵੀ ਲਾਉਂਦੇ ਹਨ। ਕਿਉਂਕਿ ਨਾਮਧਾਰੀ ਪਰਿਵਾਰ ਦਾਜ-ਦਹੇਜ ਦੀ ਲਾਹਨਤ ਤੋਂ ਬਚੇ ਹੋਏ ਹਨ, ਇਸ ਲਈ ਉਹ ਛੱਡ-ਛਡਾਵਾ ਜਾਂ ਤਲਾਕ ਜਾਂ ਆਤਮ ਹੱਤਿਆਵਾਂ ਵਰਗੀਆਂ ਲਾਹਨਤਾਂ ਤੋਂ ਦੂਰ ਹਨ।

ਉਦਯੋਗਿਕ ਵਿਕਾਸ, ਨਵੀਨੀ ਅਤੇ ਸ਼ਹਿਰੀਕਰਨ ਨੇ ਜਿੱਥੇ ਨਾਮਧਾਰੀ ਮੱਧਵਰਗੀ ਨੂੰ ਹੋਂਦ ਵਿਚ ਲਿਆਂਦਾ ਹੈ, ਓਥੇ ਕਈ ਨਵੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਪਿਛਲੇ ਕੁਝ ਦਹਾਕਿਆਂ ਵਿਚ ਨਾਮਧਾਰੀ ਮੱਧਵਰਗੀ ਜਮਾਤ ਨੇ ਸੂਝਵਾਨ ਲੀਡਰ, ਲੇਖਕ ਅਤੇ ਪ੍ਰਸ਼ਾਸਨਿਕ ਵਰਗ ਪੈਦਾ ਕੀਤਾ ਹੈ। ਨਾਮਧਾਰੀ ਜਥੇਬੰਦੀਆਂ ਨੂੰ ਚਲਾਉਣ ਵਿਚ ਇਹ ਚੰਗਾ ਯੋਗਦਾਨ ਪਾ ਸਕਦੇ ਹਨ। ਇਹ ਵਰਗ ਖਾਸ ਕਰਕੇ ਨਾਮਧਾਰੀ ਮਿਸ਼ਨ ਨੂੰ ਨਵੀਆਂ ਚੁਣੌਤੀਆਂ ਦੇ ਲਈ ਕਿਵੇਂ ਸਾਰਥਿਕ ਬਣਾਇਆ ਜਾਵੇ, ਇਸ ਵਿਚ ਕਾਫੀ ਮਦਦਗਾਰ ਹੋ ਸਕਦਾ ਹੈ। ਉਦਾਹਰਣ ਦੇ ਤੌਰ 'ਤੇ ਵੱਡੇ-ਵੱਡੇ ਕਾਰਖਾਨਿਆਂ 'ਚ ਕੰਮ ਕਰਨ ਵਾਲੇ ਨਾਮਧਾਰੀ ਕਿਰਤੀਆਂ ਨੂੰ ਜਾਂ ਵਪਾਰਕ ਧੰਦਿਆਂ ਵਿਚ ਲੱਗੇ ਨਾਮਧਾਰੀਆਂ ਲਈ ਨਾਮਧਾਰੀ ਜੀਵਨ-ਸ਼ੈਲੀ ਅਨੁਸਾਰ ਜਿਊਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਰਾਤ ਦੀਆਂ ਸ਼ਿਫਟਾਂ ਨੇ ਅੰਮ੍ਰਿਤ ਵੇਲੇ ਦੀ ਨਾਮਸਿਮਰਨ ਦੀ ਰੀਤ ਨੂੰ ਪ੍ਰਭਾਵਿਤ ਕੀਤਾ ਹੈ। ਇਸੇ ਤਰ੍ਹਾਂ ਵਿਓਪਾਰਕ ਅਤੇ ਪ੍ਰਸ਼ਾਸਨਿਕ ਕੰਮਾਂ ਤੋਂ ਨਾਮਧਾਰੀਆਂ ਦੀ ਖਾਣ-ਪੀਣ ਅਤੇ ਪਹਿਨਣ ਦਾ ਜ਼ਾਬਤਾ ਨਾਮਧਾਰੀ ਮਾਂ-ਬਾਪ ਅਤੇ ਬੱਚਿਆਂ ਲਈ ਨਵੀਆਂ ਮੁਸ਼ਕਿਲਾਂ ਪੈਦਾ ਕਰ ਰਿਹਾ ਹੈ ਪਰ ਸੱਭ ਤੋਂ ਵੱਡੀ ਚੁਣੌਤੀ ਇਸ ਗੱਲ ਦੀ ਹੈ ਕਿ ਨਾਮਧਾਰੀਆਂ ਨੂੰ ਉੱਚ ਅਤੇ ਤਕਨੀਕੀ ਸਿਖਿਆ ਕਿਵੇਂ ਦਿੱਤੀ ਜਾਵੇ। ਚੇਅਰ ਦੇ ਸਰਵੇਖਣ ਅਨੁਸਾਰ ਨਾਮਧਾਰੀ ਇਸਤਰੀਆਂ ਇਸ ਪਖੋਂ ਬਹੁਤ ਪਿਛੜੀਆਂ ਹੋਈਆਂ ਹਨ। ਨਾਮਧਾਰੀ ਭਾਈਚਾਰਾ ਤਾਂ ਹੀ ਮਾਣ-ਮੱਤਾ ਬਣ ਸਕਦਾ ਹੈ, ਜੇ ਇਸ ਪੱਖੋਂ ਇਸਤਰੀਆਂ ਨੂੰ ਉੱਚਾ ਚੁੱਕ ਸਕੇ।

*ਪ੍ਰੋਫੈਸਰ ਤੇ ਮੁਖੀ,*
*ਨਾਮਧਾਰੀ ਗੁਰੂ ਰਾਮ ਸਿੰਘ ਚੇਅਰ,*
*ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।*


Namdhari Elibrary NamdhariElibrary@gmail.com

# ਮਾਨਵੀ ਭਾਵਾਂ ਨੂੰ ਸਮਝਣ ਵਾਲੀ ਸ਼ਖਸੀਅਤ

*—ਡਾ. ਜਸਪਾਲ ਸਿੰਘ ਰੰਧਾਵਾ*



ਸੰਤ ਜੀ (ਸਰਦਾਰ ਜਗਦੀਸ਼ ਸਿੰਘ 'ਵਰਿਆਮ') ਦਾ ਫੋਨ ਆਇਆ, ਕਹਿਣ ਲੱਗੇ ਜਲੰਧਰ ਆ ਗਏ ਹੋ ਬਹੁਤ ਖੁਸ਼ੀ ਹੋਈ, ਸਿਹਤ ਖਰਾਬ ਰਹੀ ਇਸ ਲਈ ਪਹਿਲਾਂ ਗੱਲ ਨਹੀਂ ਹੋ ਸਕੀ। ਮੈਂ ਸੱਚੇ ਪਾਤਸ਼ਾਹ ਦੀ ਸਿਹਤ ਬਾਰੇ ਪੁੱਛਿਆ, ਕਹਿਣ ਲੱਗੇ ਸੰਗਤਾਂ ਨੂੰ ਦੂਰੋਂ ਸ਼ੀਸ਼ੇ ਰਾਹੀਂ ਦਰਸ਼ਨ ਕਰਨ ਦੀ ਆਗਿਆ ਹੈ। ਉਮਰ ਦਾ ਤਕਾਜ਼ਾ ਹੈ ਮੰਨ ਉਦਾਸ ਹੋ ਗਿਆ। ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਨੂੰ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨ ਦਾ ਸੁਭਾਗ ਉਦੋਂ ਤੋਂ ਪ੍ਰਾਪਤ ਹੈ ਜਦੋਂ ਤੋਂ ਸੁਰਤ ਸੰਭਾਲੀ ਹੈ। ਸਾਡੇ ਘਰ ਪਿੰਡ ਕਲੂਵਹਿਰ ਅਕਸਰ ਚਰਨ ਪਾਉਣ ਦੀ ਕਿਰਪਾ ਕਰਦੇ ਸਨ।

ਉਨ੍ਹਾਂ ਨੂੰ ਅਸੀਂ ਰਿਸ਼ਤੇ ਵਜੋਂ 'ਫੁੱਫੜ ਜੀ' ਨਹੀਂ ਸੀ ਕਹਿ ਸਕਦੇ, ਬਜ਼ੁਰਗਾਂ ਦੀ ਖਾਸ ਹਿਦਾਇਤ ਸੀ। ਸਤਿਗੁਰੂ ਰਿਸ਼ਤੇਦਾਰੀਆਂ ਤੋਂ ਪਰੇ ਹੁੰਦਾ ਹੈ। ਉਸ ਲਈ ਸਾਰੀ ਸੰਗਤ ਹੁੰਦੀ ਹੈ। ਸਾਡੇ ਬਾਬਾ ਜੀ ਆਪਣੇ ਪ੍ਰਾਹੁਣੇ ਨੂੰ ਸੱਚੇ ਪਾਤਸ਼ਾਹ ਦੇ ਸ਼ਬਦਾਂ ਨਾਲ ਹੀ ਅਰਜ਼ ਕਰਦੇ ਸਨ। ਪਰ ਸਤਿਗੁਰਾਂ ਦੀ ਵੱਡਪਣ ਰਹੀ ਉਨ੍ਹਾਂ ਨੇ ਸਾਡੇ ਪਰਿਵਾਰ ਨੂੰ ਸਦਾ ਬਣਦਾ ਸਥਾਨ ਦਿੱਤਾ। ਜਿਥੋਂ ਤੱਕ ਮੇਰਾ ਅੰਦਾਜ਼ਾ ਸੱਚੇ ਪਾਤਸ਼ਾਹ ਲਗਭਗ ਮਹੀਨੇ ਵਿਚ ਇਕ ਵਾਰ ਜ਼ਰੂਰ ਚਰਨ ਪਾਉਂਦੇ ਸਨ।

ਭੋਗਪੁਰ ਤੋਂ ਪਿੰਡ ਨੂੰ ਕੱਚੀ ਸੜਕ ਸੀ, ਬਰਸਾਤ ਦੇ ਦਿਨਾਂ ਵਿਚ ਪਿੰਡ ਪਹੁੰਚਣ ਵਿਚ ਕਾਫੀ ਮੁਸ਼ਕਲ ਆਉਂਦੀ ਸੀ। ਕਈ ਵਾਰ ਪਹਿਲਾਂ ਸੰਦੇਸ਼ ਆ ਜਾਂਦਾ। ਇਕ ਦੋ ਸਿੰਘ ਵੀ ਆ ਜਾਂਦੇ, ਜਿਨ੍ਹਾਂ ਵਿਚ ਇਕ ਅਕਸਰ ਸੰਤ ਗੁਲਜ਼ਾਰ ਸਿੰਘ ਹੋਇਆ ਕਰਦੇ ਸਨ। ਸਰਦੀਆਂ ਦੇ ਦਿਨਾਂ ਵਿਚ ਜਦੋਂ ਚਰਨ ਪਾਉਣ ਦੀ ਕਿਰਪਾ ਕਰਨੀ ਤਾਂ ਲਾਂਗਰੀ ਨੇ ਸਰੋਂ ਦਾ ਸਾਗ ਜ਼ਰੂਰ ਤਿਆਰ ਕਰਨਾ। ਸੱਚੇ ਪਾਤਸ਼ਾਹ ਨੇ ਫੁਰਮਾਉਣਾ ਜਿਸ ਤਰ੍ਹਾਂ ਦਾ ਸਾਗ ਕਲੂਵਾਹਿਰ ਦੀ ਜ਼ਮੀਨ ਦਾ ਸੁਆਦ ਹੈ ਉਸ ਤਰ੍ਹਾਂ ਦਾ ਹੋਰ ਕਿਧਰੇ ਦਾ ਨਹੀਂ। ਅਕਸਰ ਸ਼ਾਮ ਨੂੰ ਪਹੁੰਚਣਾ ਰਾਤ ਦੇਰ ਤੱਕ ਬਚਨ ਬਿਲਾਸ ਹੁੰਦੇ ਰਹਿਣੇ। ਬਾਬਾ ਜੀ ਅਤੇ ਅਸੀਂ ਸਾਰਿਆਂ ਜ਼ਮੀਨ ਉਪਰ ਚਰਨਾਂ 'ਚ ਬੈਠਣਾ ਪਰ ਸਤਿਗੁਰਾਂ ਕਹਿਣਾਂ ਸਰਦਾਰ ਜੀ ਤੁਸੀਂ ਮੇਰੇ ਕੋਲ ਆਸਣ ਉਪਰ ਆਓ। ਉਦੋਂ ਤਾਂ ਸਮਝ ਨਹੀਂ ਆਉਂਦੀ ਛੋਟੇ ਸਾਂ ਪਰ ਅੱਜ ਸਮਝ ਆ ਰਹੀ ਹੈ। ਸੱਚੇ ਪਾਤਸ਼ਾਹ ਅੰਦਰ ਰਿਸ਼ਤੇ ਪੱਖੋਂ ਵੱਡਿਆਂ ਦਾ ਸਤਿਕਾਰ ਸੀ। ਕਈ ਵਾਰ ਸਿੰਘ ਨੇ ਆਉਣਾ "ਸਰਦਾਰ ਜੀ ਸੱਚੇ ਪਾਤਸ਼ਾਹ ਨੇ ਭੈਣੀ ਸਾਹਿਬ ਆਉਣ ਲਈ ਹੁਕਮ ਭੇਜਿਆ ਹੈ। ਉਤਸੁਕਤਾ ਪੈਦਾ ਹੋਣੀ, ਕਿਉਂ ਬੁਲਾਵਾ ਆਇਆ ਹੈ। ਤੀਸਰੇ ਦਿਨ ਬਾਬਾ ਜੀ ਨੂੰ ਵਾਪਸ ਆਉਂਦੇ ਹੀ ਪੁੱਛਣਾ ਕੀ ਗੱਲ ਸੀ ? ਅਕਸਰ ਜਵਾਬ ਮਿਲਣਾ "ਸੱਚੇ ਪਾਤਸ਼ਾਹ ਨੇ ਬਸ ਇਨ੍ਹਾਂ ਹੀ ਕਿਹਾ ਸਰਦਾਰ ਜੀ ਰਾਤੀ ਠੰਡ ਬੜੀ ਸੀ" ਕਿਹੜੀ ਖਿੱਚ, ਕਿਹੜਾ ਮਾਨਵੀ ਜਜ਼ਬਾ, ਕਿਹੜੇ ਚੋਜ ਸਮਝ ਨਹੀਂ ਸੀ ਆਉਂਦੀ।

ਇਕ ਦਿਨ ਦੁਪਹਿਰੇ ਸੱਚੇ ਪਾਤਸ਼ਾਹ ਦਾ ਹੁਕਮ ਆਇਆ "ਅੱਜ ਰਾਤ ਦਾ ਦੀਵਾਨ ਅਤੇ ਕਲ੍ਹ ਸਵੇਰੇ ਵਾਰਾ ਘਰ ਲਗੇਗਾ।" ਪੰਜ ਛੇ ਸਿੰਘ ਪਹੁੰਚੇ ਗਏ। ਸ਼ਾਮ ਨੂੰ ਸੰਤ ਪ੍ਰੀਤਮ ਸਿੰਘ ਫਗਵਾੜੇ ਵਾਲੇ ਜੱਥੇ ਨਾਲ ਆ ਗਏ। ਅਹੀਆਪੁਰ ਤੋਂ ਮਹੰਤ ਆਤਮਾ ਸਿੰਘ ਆ ਗਏ। ਘਰ ਵਿਚ ਰੌਣਕਾਂ ਲਗ ਗਈਆਂ। ਅਦੱਭੁਤ ਰੂਹਾਨੀਅਤ ਭਰਿਆ ਮਾਹੌਲ ਬਣ ਗਿਆ। ਸਿਆਲ ਦੇ ਦਿਨ ਸਨ। ਸੂਰਜ ਦੀ ਟਿੱਕੀ ਅੱਜੇ ਨਜ਼ਰ ਆ ਰਹੀ ਸੀ। ਸੱਚੇ ਪਾਤਸ਼ਾਹ ਜਾਪਾਨੀ ਕਾਰ ਵਿਚ ਜਿਸ ਨੂੰ ਸੰਤ ਲਛਮਣ ਸਿੰਘ ਫਗਵਾੜੇ ਵਾਲੇ ਚਲਾ ਰਹੇ ਸਨ, ਨੇ ਆ ਦਰਸ਼ਨ ਦਿੱਤੇ। ਕਿਹੜੀ ਭਾਗਾਂ ਵਾਲੀ ਘੜੀ ਸੀ। ਉਨ੍ਹਾਂ ਦਿਨਾਂ ਵਿਚ ਬਿਜਲੀ ਨਹੀਂ ਸੀ ਹੁੰਦੀ ਪਰ ਘਰ ਵਿਚ ਇਕ ਅਜਿਹੀ ਰੋਸ਼ਨੀ ਹੋ ਗਈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਲੰਗਰ ਪਾਣੀ ਛੱਕਿਆ ਗਿਆ।

ਸ਼ਾਮ ਦੇ ਨਿੱਤ ਨੇਮ ਉਪਰੰਤ ਰਾਤ ਦਾ ਦੀਵਾਨ ਸਜਿਆ। ਸੰਤ ਪ੍ਰੀਤਮ ਸਿੰਘ ਹੋਰਾਂ ਸ਼ਬਦ ਪੜ੍ਹਿਆ। ਸਤਿਗੁਰਾਂ ਨੇ ਸਾਜ਼ ਫੜਿਆ। ਸ਼ਬਦ ਉਚਾਰਿਆ ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ'। ਸਾਰਾ ਮਾਹੌਲ ਆਲੌਕਿਕ ਬਣ ਗਿਆ। ਸੱਚੇ ਪਾਤਸ਼ਾਹ ਵਿਰਾਗ ਭਰੇ ਲਹਿਜੇ ਵਿਚ ਸ਼ਬਦ ਦਾ ਉਚਾਰਨ ਕਰ ਰਹੇ ਸਨ। ਜੱਥਾ ਅਤੇ ਸੰਗਤ ਮੰਤਰ ਮੁਗਧ ਅਵਸਥਾ ਵਿਚ ਸਾਥ ਦੇ ਰਹੇ ਸਨ। ਸਤਿਗੁਰਾਂ ਨੇ ਦੀਵਾਨ ਦੀ ਸਮਾਪਤੀ ਤੱਕ ਸ਼ਬਦ ਉਚਾਰੇ। ਸਭ ਅਚੰਭੇ ਵਿਚ ਸਨ। ਮਹਿਸੂਸ ਹੋਣ ਲਗ ਗਿਆ ਕਿ ਅੱਜ ਨਿਤ ਨੇਮ



Namdhari Elibrary NamdhariElibrary@gmail.com



*ਪਹਿਲੇ ਅਨੰਦ ਕਾਰਜ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ (ਸਵਰਗੀਯ) ਮਾਤਾ ਰਜਿੰਦਰ ਕੌਰ ਜੀ*

ਉਪਰੰਤ ਮਾਨਵੀ ਅਤੇ ਰੂਹਾਨੀ ਅਭਿਵਿਅਕਤੀ ਹੋ ਰਹੀ ਹੈ। ਕਿਉਂ ਨਾ ਹੋਵੇ ਸੱਚੇ ਪਾਤਸ਼ਾਹ ਮਾਨਵੀ ਗੁਣਾਂ ਨਾਲ ਭਰਪੂਰ ਸ਼ਖਸੀਅਤ ਦੇ ਧਾਰਨੀ ਵੀ ਹਨ। ਅੱਜ ਉਹ ਆਪਣੀ ਅਰਧਾਂਗਣੀ ਦੀ ਜੰਮਣ ਭੋਇ ਉਪਰ ਮਾਨਵੀ ਭਾਵਾਂ ਅੰਦਰ ਵਹਿ ਤੁਰੇ। ਸਾਡੇ ਭੂਆ ਜੀ 'ਰਾਜ' (ਰਜਿੰਦਰ ਕੌਰ) ਦਾ ਘਰ ਸੀ ਜੋ ਜੀਵਨ ਪੰਧ ਦਾ ਥੋੜ੍ਹਾ ਸਮਾਂ ਬਤੀਤ ਕਰ ਕੇ ਪਰਮਾਤਮਾ ਦੀ ਰਜ਼ਾ ਅਨੁਸਾਰ ਗੁਰਪੁਰੀ ਨੂੰ ਤੁਰ ਗਏ ਸਨ।

ਸਾਡੇ ਪਰਿਵਾਰ ਉਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਨਾਲ ਜਦੋਂ ਪਾਤਸ਼ਾਹ ਜਗਜੀਤ ਸਿੰਘ ਜੀ ਦੇ ਸਹੁਰਾ ਪਰਿਵਾਰ ਬਨਣ ਦਾ ਅਵਸਰ ਪ੍ਰਾਪਤ ਹੋਇਆ, ਸਾਡੇ ਬਾਬਾ ਜੀ ਸਰਦਾਰ ਊਧਮ ਸਿੰਘ ਡੇਰਾ ਗਾਜ਼ੀ ਖਾਂ ਵਿਚ ਸਨ। ਸ਼ਾਦੀ ਦੀ ਰਸਮ ਗੁਰੂ ਘਰ ਦੀ ਮਰਯਾਦਾ ਅਨੁਸਾਰ ਪਿੰਡ ਮੁੱਠਡੇ ਵਿਖੇ ਹੋਈ। ਸਾਡੇ ਭੂਆ ਜੀ 'ਰਾਜ' (ਰਜਿੰਦਰ ਕੌਰ) ਸਭ ਭੈਣਾਂ ਭਰਾਵਾਂ ਵਿਚੋਂ ਵੱਡੇ ਸਨ। ਮਹਾਰਾਜ ਅਤੇ ਭੂਆ ਜੀ ਆਮ ਤੌਰ ਉਪਰ ਭੈਣੀ ਸਾਹਿਬ ਹੀ ਰਹਿੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਨਾਲ ਭੂਆ ਜੀ ਨੂੰ ਮੰਡੀ (ਹਿਮਾਚਲ) ਭੇਜ ਦਿੱਤਾ ਗਿਆ। ਮਹਾਰਾਜ ਜਗਜੀਤ ਸਿੰਘ ਜੀ ਭੈਣੀ ਸਾਹਿਬ ਹੀ ਸਨ। ਕੁਝ ਦਿਨਾਂ ਬਾਅਦ ਭੂਆ ਜੀ ਅਚਾਨਕ ਸੁਰਗਵਾਸ ਹੋ ਗਏ। ਜਦੋਂ ਮਹਾਰਾਜ ਨੂੰ ਪਤਾ ਲਗਿਆ ਤੁਰੰਤ ਮੰਡੀ ਪਹੁੰਚੇ। ਸਾਡੇ ਵੱਲੋਂ ਸਾਡੇ ਬਾਬਾ ਜੀ ਦੇ ਵੱਡੇ ਭਰਾ ਸਰਦਾਰ ਜੀਵਨ ਸਿੰਘ ਪਹੁੰਚ ਗਏ ਕਿਉਂਕਿ ਬਾਕੀ ਸਭ ਛੋਟੇ ਸਨ, ਬਾਬਾ ਜੀ ਜੇਲ੍ਹ ਵਿਚ ਸਨ। ਦੁਖਦਾਈ ਘਟਨਾ ਸੀ। ਮਹਾਰਾਜ ਨੇ ਬਹੁਤ ਦੁੱਖ ਮਨਾਇਆ। ਪਰ ਕਾਲ੍ਹ ਵਾਹਿਰ ਵਾਲੇ ਘਰ ਨਾਲ ਮਹਾਰਾਜ ਨੇ ਆਪਣਾ ਮੋਹ ਵਾਲਾ ਨਾਤਾ ਸਦਾ ਕਾਇਮ ਰੱਖਿਆ। ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਰੱਖੀ।

ਇਕ ਵਾਰ ਸਤਿਗੁਰੂ ਰਾਤ ਨੂੰ ਦੇਰ ਨਾਲ ਆਏ। ਪਤਾ ਨਹੀਂ ਮੰਨ ਵਿਚ ਕੀ ਆਇਆ ਬਾਹਰ ਟਹਿਲਣ ਨਿਕਲ ਪਏ। ਸਾਰੇ ਸੌਂ ਰਹੇ ਸਨ ਬਾਹਰੋਂ ਕੁੱਤਾ (ਜਿਸਦਾ ਨਾਂ ਜੌਂਕ ਸੀ) ਭੌਂਕਣ ਦੀ ਆਵਾਜ਼ ਆਈ ਜੋ ਕਾਫੀ ਜ਼ੋਰ ਨਾਲ ਕਿਸੇ ਨੂੰ ਪੈ ਰਿਹਾ ਸੀ। ਉੱਠ ਕੇ ਸਾਰੇ ਦੌੜੇ ਤਾਂ ਵੇਖਿਆ ਸਤਿਗੁਰੂ ਇਕ ਡੰਡੇ ਨਾਲ ਕੁੱਤੇ ਦਾ ਮੁਕਾਬਲਾ ਕਰ ਰਹੇ ਸਨ। ਸਾਰੇ ਹੈਰਾਨ ਹੋ ਗਏ। ਕੁੱਤੇ ਨੂੰ ਬੰਨ੍ਹਿਆ ਗਿਆ। ਸੱਚੇ ਪਾਤਸ਼ਾਹ ਨੇ ਕਿਹਾ ਕਿ ਮੈਨੂੰ ਆਪਣਾ ਨਹੀਂ ਸਮਝਦਾ। ਸਭ ਦਾ ਮੰਨ ਭਰ ਆਇਆ। ਬਾਬਾ ਜੀ ਤੁਸੀਂ ਤਾਂ ਸਾਡੇ ਰੋਮ-ਰੋਮ ਵਿਚ ਵੱਸੇ ਹੋ।

ਰੂਹਾਨੀਅਤ ਭਰਪੂਰ ਪਾਤਸ਼ਾਹ ਇਕ ਪੂਰਨ ਮਾਨਵੀ ਭਾਵਨਾਵਾਂ ਨੂੰ ਸਮਝਣ ਵਾਲੀ ਸ਼ਖਸੀਅਤ ਹਨ। ਪਰਮਾਤਮਾ ਉਮਰ ਦਰਾਜ਼ ਕਰੇ।

*ਪ੍ਰਿੰਸੀਪਲ*
*ਲਾਇਲਪੁਰ ਖਾਲਸਾ ਕਾਲਜ ਜਲੰਧਰ*



Namdhari Elibrary NamdhariElibrary@gmail.com



**ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ**
**ਛੱਤਰ ਛਾਇਆ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ**
**ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ ਹਾਰਦਿਕ ਵਧਾਈਆਂ**

# ਨਾਮਧਾਰੀ ਸਿੱਖ ਸੰਗਤ ਸਾਊਥਾਲ (ਯੂ.ਕੇ.)



Namdhari Elibrary NamdhariElibrary@gmail.com



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਦੇ ਪੰਜਾਹ ਸਾਲ ਨਾਮਧਾਰੀ ਪੰਥ ਦੇ ਵਿਕਾਸ ਦੇ ਸਾਲ

## ਵਧਾਈ ! ਵਧਾਈ ! ਵਧਾਈ !



**ਸੂਬਾ ਬਲਵਿੰਦਰ ਸਿੰਘ ਝੱਲ**
ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸ੍ਰੀ ਭੈਣੀ ਸਾਹਿਬ



**ਸੰਤ ਹਰਜੀਤ ਸਿੰਘ ਮੁਠੱਡਾ ਕਲਾਂ**
ਜਨਰਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸ੍ਰੀ ਭੈਣੀ ਸਾਹਿਬ



**ਸੰਤ ਬਲਬੀਰ ਸਿੰਘ ਨਵਾਂਸ਼ਹਿਰ**
ਖਜਾਨਚੀ ਵਿਸ਼ਵ ਨਾਮਧਾਰੀ ਵਿਦਿਅਕ ਜਥਾ
ਸ੍ਰੀ ਭੈਣੀ ਸਾਹਿਬ



**ਸ. ਸੁਖਵਿੰਦਰ ਸਿੰਘ ਲਾਇਲ**
ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ



**ਸੰਤ ਗੁਰਦੇਵ ਸਿੰਘ ਸਰਪੰਚ**
ਪ੍ਰਧਾਨ ਨਾਮਧਾਰੀ ਵਿਦਿਅਕ ਜਥਾ
ਜਾਲਖੇੜੀ (ਫਤਿਹਗੜ੍ਹ ਸਾਹਿਬ)


NamdhariElibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ
ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਸ. ਸੁੱਲਖਣ ਸਿੰਘ
ਪ੍ਰੋਪ. ਐਸ.ਐਸ.
ਨਾਮਧਾਰੀ ਐਂਡ ਸੰਨਜ਼



ਜਨਤਾ ਕਲੋਨੀ ਨਵੀ ਦਿੱਲੀ 110027

ਜਥੇਦਾਰ ਕੂਕਾ ਸਿੰਘ



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ
ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



# ਨਾਮਧਾਰੀ ਵਿਦਿਅਕ ਜਥਾ ਜਲੰਧਰ ਸ਼ਹਿਰ



**ਸੁਰਿੰਦਰ ਸਿੰਘ ਛਿੰਦਾ**
ਕਨਵੀਨਰ
ਨਾਮਧਾਰੀ ਵਿਦਿਅਕ ਜੱਥਾ ਜਲੰਧਰ ਜ਼ੋਨ



**ਕਮਲਜੀਤ ਸਿੰਘ**
ਪ੍ਰਧਾਨ
ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ


Namdhari Elibrary NamdhariElibrary@gmail.com

# ਦੋ ਅਰਧ ਸ਼ਤਾਬਦੀਆਂ

—ਸੁਵਰਨ ਸਿੰਘ ਵਿਰਕ



ਜ਼ਿਲ੍ਹਾ ਹਿਸਾਰ ਦੀ ਤਹਿਸੀਲ ਸਿਰਸਾ*, ਇਲਾਕਾ ਸ੍ਰੀ ਜੀਵਨ ਨਗਰ ਦਾ ਕੱਚੇ ਕੋਠਿਆਂ ਵਾਲਾ ਪਿੰਡ ਕਰੀਵਾਲਾ। ਪੰਜਾਬ ਰਾਜਸਥਾਨ ਸੀਮਾ ਦਾ ਆਖਰੀ ਪਿੰਡ। ਪਹਿਲਾਂ ਰਾਜਸਥਾਨ, ਨਹੀਂ ਹਿੰਦੁਸਤਾਨ ਦੀਆਂ ਸਾਢੇ ਪੰਜ ਸੌ ਤੋਂ ਵੱਧ ਰਿਆਸਤਾਂ ਵਿਚੋਂ ਇਕ, ਬੀਕਾਨੇਰ ਸਟੇਟ ਦੀ ਹੱਦ ਲੱਗਦੀ ਸੀ। ਛੋਟੇ ਹੁੰਦਿਆਂ ਭੈਣੀ ਸਾਹਿਬ ਰਹਿੰਦਿਆਂ ਇਹ ਹੀ ਸੁਣਦੇ ਹੁੰਦੇ ਸਾਂ ਕਿ ਫਲਾਣਾ ਸਿੰਘ ਬੀਕਾਨੇਰ ਨੂੰ ਗਿਆ ਹੈ, ਜਾਣਾ ਭਾਵੇਂ ਉਹਨੇ ਨਵੀਂ ਵਸਾਈ ਗੁਰੂ ਕੀ ਨਗਰੀ ਜੀਵਨ ਨਗਰ ਜਾਂ ਇਸ ਦੇ ਕਿਸੇ ਨੇੜੇ ਪਿੰਡ ਵਿਚ ਹੀ ਹੁੰਦਾ ਸੀ। ਤੇ ਉਹੋ ਪਿੰਡ ਕਰੀਵਾਲਾ ਜਿੱਥੇ ਅਸੀਂ ਪਰਿਵਾਰ ਸਮੇਤ ਅਪ੍ਰੈਲ ੧੯੫੫ ਈ. ਦੇ ਪਹਿਲੇ ਹਫਤੇ ਪੁੱਜ ਗਏ ਸਾਂ। ਸ੍ਰੀ ਭੈਣੀ ਸਾਹਿਬ, ਜਿੱਥੇ ਮੇਰੇ ਦਾਦੇ, ਸੰਤ ਜਿਊਣ ਸਿੰਘ ਝੱਬਰ ਦੇ ਗੁਰੂ ਹਰੀ ਸਿੰਘ ਜੀ ਦੇ ਸਮੇਂ ੧੫-੧੬ ਸਾਲ ਸੇਵਾ ਵਿਚ ਬਤੀਤ ਹੋਏ ਸਨ। ਜਿੱਥੇ ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਨੇ, ਅੱਧੀ ਸਦੀ ਗੁਰੂ ਘਰ ਦੀ ਸੇਵਾ ਵਿਚ, ਛੋਟੀਆਂ ਤੋਂ ਲੈ ਕੇ ਵੱਡੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਬਿਤਾਈ ਸੀ, ਉਸ ਦੇ ਟੋਭੇ ਵਾਲੇ ਸਕੂਲ ਵਿਚੋਂ, ਇਕੋ ਸਾਲ ਵਿਚ ਪਹਿਲੀਆਂ ਦੋ ਜਮਾਤਾਂ ਪਾਸ ਕਰ ਕੇ, ਮੈਂ ਕਰੀਵਾਲੇ ਦੇ ਪ੍ਰਾਈਮਰੀ ਸਕੂਲ ਵਿਚ ਆ ਦਾਖਲ ਹੋਇਆ ਸਾਂ। ਤੇ ਜਿਵੇਂ ਜਿਵੇਂ ਮੇਰੀਆਂ ਜਮਾਤਾਂ ਵਧਦੀਆਂ ਗਈਆਂ ਸਕੂਲ ਵੀ ਚਹੁੰ ਜਮਾਤਾਂ ਤੋਂ ਪੰਜਾਂ ਦਾ ਅਤੇ ਫਿਰ ਮਿਡਲ ਤੱਕ ਦਾ ਬਣਦਾ ਗਿਆ।

ਤੇ ਹੁਣ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ। ਪਿੰਡ ਦੇ ਉਦੋਂ ਤਾਂ ਇਕ ਸਿਰੇ ਤੇ ਅਤੇ ਹੁਣ ਇਹ ਬਿਲਕੁਲ ਵਿਚਾਲੇ ਆ ਚੁੱਕੀ ਜਗ੍ਹਾ ਤੇ ਸਾਡਾ ਦੋ ਕੁ ਕੱਚੇ ਕੋਠਿਆਂ ਦਾ ਘਰ ਸੀ। ਇਕ ਕੋਠੇ ਵਿਚ ਮੈਂ ਛੋਟੀਆਂ ਦੋ ਭੈਣਾਂ ਅਤੇ ਬਾਪੂ ਜੀ, ਬੇਬੇ ਜੀ ਅਤੇ ਉਸੇ ਵਿਚ ਹੀ ਬਾਪੂ ਜੀ ਦਾ ਅੱਖਾਂ ਤੋਂ ਮੁਨਾਖਾ ਚਾਚਾ, ਬਾਪੂ ਘਸੀਟਾ ਸਿੰਘ ਰਹਿੰਦਾ। ਦੂਜੇ ਕੋਠੇ ਵਿਚ ਮੈਥੋਂ ੧੩ ਵਰ੍ਹੇ ਵੱਡਾ ਵਿਆਹਿਆ ਵਰ੍ਹਿਆ ਭਰਾ ਗੁਰਚਰਨ ਸਿੰਘ, ਆਪਣੇ ਇਕ ਅੱਧੇ ਬਾਲ ਸਮੇਤ ਰਹਿੰਦਾ। ਵਿਹੜੇ ਵਿਚ ਨਿੰਮ ਸੀ, ਜਿਸ ਦੀ ਛਾਵੇਂ ਦੁਪਹਿਰੇ ਪਰਿਵਾਰ ਦੀਆਂ ਮੰਜੀਆਂ ਡੱਠੀਆਂ ਹੁੰਦੀਆਂ। ਮਹੀਨਾ ਭਾਦਰੋਂ ਦਾ ਚੜ੍ਹ ਗਿਆ ਹੋਇਆ ਸੀ ਸੰਨ ੧੯੫੯ ਈ. ਸੀ, ਮੁਤਾਬਿਕ ਬਿਕਰਮੀ ੨੦੧੬। ਮੈਂ ਸਕੂਲੋਂ ਆ ਕੇ ਬਸਤਾ ਰੱਖ ਕੇ ਆਪਣੀ ਮੰਜੀ ਜੋਗੀ ਛਾਂ ਲੱਭ ਰਿਹਾ ਸੀ। ਵਕਤ ਦੋ ਢਾਈ ਦਾ ਹੋਏਗਾ, ਬਾਦ ਦੁਪਹਿਰ ਤੇ ਸਹੀ ਤਾਰੀਖ ੨੩ ਅਗਸਤ ਕਿ ਅਚਾਨਕ ਮੇਰਾ ਵੱਡਾ, ਗੱਭਰੂ ਭਰਾ, ਬਾਹਰੋਂ ਉੱਚੀ ਉੱਚੀ ਰੋਂਦਾ ਹੋਇਆ ਆਇਆ।

"ਉਇ ਤੈਨੂੰ ਕੀ ਹੋਇਆ ਏ?" ਬਾਪੂ ਜੀ ਨੇ ਆਪਣੀ ਮੰਜੀ ਤੋਂ ਉੱਠਦਿਆਂ ਤੇ ਡਾਂਗ ਨੂੰ ਹੱਥ ਪਾਉਂਦਿਆਂ ਆਖਿਆ।

"ਸੱਚੇ ਪਾਤਸ਼ਾਹ (ਸਤਿਗੁਰੂ ਪਰਤਾਪ ਸਿੰਘ ਜੀ) ਚੜ੍ਹਾਈ ਕਰ ਗਏ ਹਨ।" ਭਰੇ ਹੋਏ ਗਲੇ ਨਾਲ ਹਟਕੋਰਿਆਂ ਵਿਚ ਉਸਨੇ ਜੁਆਬ ਦਿੱਤਾ। ਤੇ ਹੁਣ ਸਾਰੇ ਟੱਬਰ ਦੀ ਕਿਸੇ ਦੇ ਉਚੀ ਕਿਸੇ ਦੇ ਨੀਵੀਂ ਸੁਰ ਵਿਚ ਬੁਸਕਣ ਭੁਸਕਣ ਦੀ ਵਾਰੀ ਸੀ। ਬਾਪੂ ਜੀ ਬਾਦ ਵਿਚ ਦੱਸਿਆ ਕਰਦੇ ਸਨ ਕਿ ਤੁਹਾਡੇ ਸਾਹਮਣੇ ਤਾਂ ਮੈਂ ਦਿਲ ਕਰੜਾ ਕਰੀ ਰੱਖਦਾ ਸਾਂ-ਪਰ ਖੇਤਾਂ ਵਿਚ ਜਾ ਕੇ ਇਹ ਕਸਰ ਕੱਢ ਲਿਆ ਕਰਦਾ ਸਾਂ। ਤੇ ਇਉਂ ਹੁੰਦਾ ਵੀ ਕਿਵੇਂ ਨਾ, ਜਿਸ ਬਾਲਕ ਦੀ ਛੇ ਸਾਲਾਂ ਦੀ ਉਮਰ ਵਿਚ ਮਾਂ ਮਰ ਜਾਏ ਅਤੇ ੧੬-੧੭ ਸਾਲਾਂ ਦੀ ਉਮਰ ਵਿਚ ਪਿਤਾ ਚੱਲ ਵੱਸੇ। ਮਾਂ ਤੇ ਪਿਉ ਦੋਹਾਂ ਦੇ ਲਾਡ ਮਲ੍ਹਾਰ ਜਿਸ ਤੋਂ, ਸਾਰੀ ਉਮਰ ਮਿਲਦੇ ਰਹੇ ਹੋਣ, ਉਹਦੇ ਅਚਾਨਕ ਇਉਂ ਵਿਛੋੜਾ ਦੇ ਜਾਣ ਤੇ ਹਉਕੇ, ਹਾਵੇ ਤਾਂ ਪੇਸ਼ ਪੈਂਦੇ ਹੀ ਹਨ। ਤੇ ਇਹ ਸਥਿਤੀ ਕੋਈ ਸਾਡੇ ਇਕ ਘਰ ਦੀ ਨਹੀਂ ਸੀ। ਪਿੰਡ ਦੇ ਬਹੁਗਿਣਤੀ ਘਰਾਂ ਦੀ ਹੀ ਨਹੀਂ, ਆਲੇ ਦੁਆਲੇ ਦੇ ਵੀਹਾਂ ਪਿੰਡਾਂ ਦੀ ਵੀ ਸੀ।

ਹੋਰ ਬਹੁਤ ਸਾਰੇ ਸਿੰਘਾਂ ਜਿਉਂ ਬਾਪੂ ਜੀ ਤਾਂ ਉਸ ਦਿਨ ਹੀ ਭੈਣੀ ਸਾਹਿਬ ਨੂੰ ਚਾਲੇ ਮਾਰ ਗਏ। ਇਹ ਹੁਣ ਮੈਨੂੰ ਯਾਦ ਨਹੀਂ ਕਿ ਉਹ ਗੁਆਂਢੀ ਪਿੰਡ ਤਲਵਾੜੇ ਝੀਲ ਤੋਂ ਰੇਲ ਚੜ੍ਹ ਕੇ ਹਨੂਮਾਨਗੜ, ਡੱਬਵਾਲੀ ਵਲੋਂ ਗਏ ਸਨ ਜਾਂ ਪਿੰਡੋਂ ਕਿਰਾਏ ਦੇ ਸਾਈਕਲ ਤੇ ਓਟੂ, ਸਿਰਸਾ ਤੇ ਅੱਗੋਂ ਰੇਲ ਤੇ ਲੁਧਿਆਣੇ। ਉਹਨਾਂ ਦਿਨਾਂ ਵਿਚ ਜਦੋਂ ਦੇਸ਼ ਅਜ਼ਾਦ ਹੋਏ ਨੂੰ ਅਜੇ ਬਾਰਾਂ ਵਰ੍ਹੇ ਹੀ ਹੋਏ ਸਨ, ਆਉਣਾ ਜਾਣਾ ਅੱਜ ਕੱਲ੍ਹ ਜਿਉਂ ਏਨਾ

* ਅੱਜ ਕਲ ਜ਼ਿਲ੍ਹਾ ਸਿਰਸਾ



Namdhari Elibrary NamdhariElibrary@gmail.com

ਸੌਖਾ ਨਹੀਂ ਸੀ।

ਫ਼ਿਰ ਬਾਪੂ ਜੀ ਤਾਂ ਪੈ ਗਏ ਭੈਣੀ ਸਾਹਿਬ ਦੇ ਰਾਹ ਅਤੇ ਮੇਰੇ ਮਨ ਦੇ ਦ੍ਰਿਸ਼-ਪਟਿਲ ਤੇ ਬਚਪਨ ਤੋਂ ਹੁਣ ਤੱਕ ਸਤਿਗੁਰੂ ਪਰਤਾਪ ਸਿੰਘ ਦੀਆਂ ਯਾਦਾਂ ਘੁੰਮਣ ਲੱਗ ਪਈਆਂ।

ਕੁਝ ਗੱਲਾਂ ਤਾਂ ਆਪਣੀ ਬੇਬੇ, ਮਾਤਾ ਪਰੀਤਮ ਕੌਰ ਤੋਂ ਸੁਣੀਆਂ ਸਨ। ਸਤਿਗੁਰੂ ਜੀ ਜਦੋਂ ਕਦੇ ਸਿਆਮ (ਥਾਈਲੈਂਡ) ਦੇ ਦੌਰੇ ਤੋਂ ਵਾਪਸ ਪਰਤਦੇ ਤਾਂ ਗੱਦੀ ਸਾਹਿਬ ਦੇ ਹੇਠਲੇ ਮੰਦਰਾਂ ਦੇ ਵਿਹੜੇ ਵਿਚ, ਜਿੱਥੇ ਬਾਪੂ ਜੀ, ਦੇਸ਼ ਵੰਡ ਤੋਂ ਬਾਦ ਪਿੰਡ ਝੱਬਰ (ਸ਼ੇਖੂਪੁਰਾ) ਤੋਂ ਆ ਕੇ ਸਾਢੇ ਕੁ ਸੱਤ ਵਰ੍ਹੇ ਨਿਵਾਸ ਕੀਤਾ ਸੀ, (ਵੰਡ ਤੋਂ ਏਨਾਂ ਸਮਾਂ ਪਹਿਲਾਂ ਹੀ ਉਹ ਭੈਣੀ ਸਾਹਿਬ ਤੋਂ ਪਿੰਡ ਲਾ ਕੇ ਆਏ ਸਨ), ਮੇਰੇ ਪੰਘੂੜੇ ਨਾਲ ਕੋਈ ਖਿਡਾਉਣਾ ਬੰਨ੍ਹ ਦਿੰਦੇ ਅਤੇ ਮੇਰੇ ਵੱਲ ਰਹਿਮਤ ਭਰੀਆਂ ਨਜ਼ਰਾਂ ਨਾਲ ਫ਼ੁਰਮਾਉਂਦੇ-"ਸੁਵਰਨ! ਝਾਕ!! ਤਾਂਹ ਝਾਕ ਬਈ!!!"

ਭੈਣੀ ਸਾਹਿਬ, ਸਰਕਾਰੀ ਸਕੂਲ ਦੇ ਹੈਡ ਮਾਸਟਰ ਸ. ਜੀਵਨ ਸਿੰਘ ਜੀ, ਪੋਠੋਹਾਰ ਵੱਲੋਂ ਆਏ ਸਾਬਤ-ਸੂਰਤ,ਉੱਚੇ ਲੰਮੇ, ਅਤੀ ਵਿਨਮਰ ਸੁਭਾਉ ਦੇ ਗੁਰਸਿੱਖ ਸਨ। ਮੇਰਾ ਵੱਡਾ ਭਰਾ ਗੁਰਚਰਨ ਸਿੰਘ ਸਕੂਲ ਟਾਈਮ ਤੋਂ ਬਾਅਦ ਉਹਨਾਂ ਪਾਸੋਂ ਅੰਗਰੇਜ਼ੀ ਪੜ੍ਹਨ ਜਾਂਦਾ ਹੁੰਦਾ ਸੀ। ਨਾਲ ਨਾਲ ਮੈਂ ਵੀ ਉਹਦੀ ਉਂਗਲ ਫੜ ਕੇ ਪਹੁੰਚ ਜਾਣਾ। ਮਾਸਟਰ ਜੀ, ਬਾਪੂ ਜੀ ਪਾਸ ਆਏ ਕਿ ਮੁੰਡਾ ਜ਼ਹੀਨ ਹੈ। ਇਸਨੂੰ ਸਕੂਲੇ ਦਾਖਲ ਕਰਵਾ ਦਿਉ, ਹੁਣ ਇਹ ਪੰਜਾਂ ਸਾਲਾਂ ਦਾ ਹੋਣ ਵਾਲਾ ਹੈ। "ਪਰ ਸਾਨੂੰ ਤਾਂ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਦਾ ਹੁਕਮ ਨਹੀਂ ਮਾਸਟਰ ਜੀ।" ਬਾਪੂ ਜੀ ਦਾ ਜੁਆਬ ਸੀ। "ਹੁਕਮ ਲੈ ਲਈਏ," ਉਹਨਾਂ ਨੇ ਕਿਹਾ। "ਤੁਸੀਂ ਆਪ ਹੀ ਲਵੋ ਮਾਸਟਰ ਜੀ ਜੇ ਲੈਣਾ ਹੈ ਤਾਂ" ਬਾਪੂ ਜੀ ਨੇ ਕਿਹਾ। ਸਤਿਗੁਰੂ ਪਰਤਾਪ ਸਿੰਘ ਦੌਰੇ ਤੋਂ ਭੈਣੀ ਸਾਹਿਬ ਆਏ। ਮਾਸਟਰ ਜੀ ਨੇ ਮੱਥਾ ਟੇਕ ਕੇ ਮੇਰੇ ਬਾਰੇ ਅਰਜ਼ ਕੀਤੀ ਕਿ ਜੇ ਹੁਕਮ ਦਿਉ ਤਾਂ ਸੁਵਰਨ ਦਾ ਨਾਂ ਸਕੂਲੇ ਲਿਖ ਲਈਏ। ਸਤਿਗੁਰੂ ਜੀ ਦਾ ਫ਼ੁਰਮਾਨ ਸੀ ਕਿ ਸਰਕਾਰੀ ਸਕੂਲਾਂ ਦਾ ਬਾਈਕਾਟ ਅੰਗਰੇਜ਼ੀ ਸਰਕਾਰ ਵੇਲੇ ਸੀ। ਹੁਣ ਤੁਸੀਂ ਜੀ ਸਦਕੇ ਸਾਡੇ ਮੁੰਡੇ ਇਸ ਦਾ ਵੀ ਤੇ ਹੋਰਨਾਂ ਦਾ ਵੀ ਨਾਂ, ਆਪਣੇ ਸਕੂਲ ਵਿਚ ਲਿਖ ਲਿਆ ਕਰੋ। ਤੇ ਫਿਰ ਜਦੋਂ ਸਤਿਗੁਰੂ ਜੀ ਦੌਰੇ ਤੋਂ ਆਉਂਦੇ ਕ੍ਰਾਂਤੀ ਮੰਦਰ, ਗੱਦੀ ਸਾਹਿਬ ਵਾਲਾ ਚੁਬਾਰਾ ਅਤੇ ਸਤਿਗੁਰੂ ਰਾਮ ਸਿੰਘ ਦੁਆਰਾ ਸਥਾਪਿਤ ਲੋਹ-ਲੰਗਰ ਨੂੰ ਮੱਥਾ ਟੇਕਣ ਬਾਦ, ਮੈਨੂੰ ਆਵਾਜ਼ ਦਿੰਦੇ, ਨਾਮ ਲੈ ਕੇ ਕਿ ਆ ਬਈ, ਸੁਣਾ ਆਪਣਾ ਸਬਕ ਜਿਹੜਾ ਪੜ੍ਹਿਆ ਈ। ਤੇ ਮੈਂ ਕੈਦਾ ਜਾਂ ਕਿਤਾਬ ਜੋ ਵੀ ਹੁੰਦਾ ਕੋਈ ਸਫਾ ਪੜ੍ਹ ਦਿੰਦਾ ਅਤੇ ਕੋਈ ਛਕਣ ਸਮੱਗਰੀ ਹਜ਼ੂਰ ਦੇ ਕਰ ਕਮਲਾਂ ਦੁਆਰਾ ਹਾਸਲ ਕਰਦਾ।

ਛੋਟਾ ਹੁੰਦਾ ਇਕ ਵੇਰ ਬਾਪੂ ਜੀ ਨਾਲ ਹੀ ਭੈਣੀ ਸਾਹਿਬੋਂ ਪਟਿਆਲੇ ਗਿਆ ਸਾਂ ਕੋਈ ਪਸ਼ੂ-ਪਰਦਰਸ਼ਨੀ ਸੀ। ਪਹਿਲੀ ਵੇਰ ਰੁੱਖਾਂ ਤੇ ਬਿਜਲੀ ਦੇ ਜਗਮਗਾਉਂਦੇ ਲਾਟੂ ਵੇਖ ਕੇ ਬੜਾ ਅਚੰਭਿਤ ਹੋਇਆ ਸਾਂ। ਵਾਪਸੀ ਤੇ ਇਨਾਮ ਸਨਮਾਨ ਵਸੂਲ ਕੇ ਦੇਰ ਬਾਅਦ ਆਉਣ ਕਾਰਨ, ਉਸ ਵੇਲੇ ਦੇ ਵੱਡੇ ਬਾਬਾ ਜੀ, ਹੁਣ ਦੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਾਪੂ ਜੀ ਨੂੰ ਆਪਣੇ ਨਾਲ ਰਹਿਣ ਲਈ ਰੋਕ ਲਿਆ ਸੀ। ਮੈਂ ਸਤਿਗੁਰੂ ਜੀ ਵਾਲੀ ਕਾਰ ਵਿਚ, ਪਟਿਆਲੇ ਤੋਂ ਇਹ ਸਫਰ ਸੰਤ ਗਿਆਨਾ ਸਿੰਘ ਜੀ ਦੀ ਗੋਦ ਵਿਚ ਕੀਤਾ ਸੀ। ਰਾਤ ਕਿਸੇ ਪਿੰਡ ਵਿਚ ਰਹੇ ਜਿਥੇ ਕਿਸੇ ਸਿੱਖ ਦੇ ਘਰ ਬਕੈਣ ਜਿੱਡਾ ਪਲਿਆ ਕਪਾਹ ਦਾ ਇਕ ਬੂਟਾ ਸੀ। ਸਵੇਰੇ ਬਾਪੂ ਜੀ ਵੀ ਇਥੇ ਆ ਗਏ ਤੇ ਫਿਰ ਡੇਰੇ ਭੈਣੀ ਸਾਹਿਬ ਪੁੱਜ ਗਏ।

ਜਦੋਂ ਅਸੀਂ ਭੈਣੀ ਸਾਹਿਬ ਤੋਂ ਕਰੀਵਾਲੇ ਆਏ ਤਾਂ ਹਰ ਹਫਤੇ ਸਤਿਗੁਰੂ ਪਰਤਾਪ ਸਿੰਘ ਹੋਰਾਂ ਵਲੋਂ ਥਾਈਲੈਂਡ ਤੋਂ ਲਿਖਵਾਏ ਰੰਗ ਬਰੰਗੇ ਪੱਤਰ ਪਿੰਡ ਆਉਂਦੇ। ਜਿਹਨਾਂ ਵਿਚ ਬਾਪੂ ਜੀ ਨੂੰ ਕਿਹਾ ਜਾਂਦਾ ਸੀ ਕਿ ਵਾਪਸ ਭੈਣੀ ਸਾਹਿਬ ਜਾ ਕੇ ਡੇਰੇ ਦਾ ਕੰਮ ਸਾਂਭੋ। ਹੋਇਆ ਇਉਂ ਕਿ ਭਾਈ ਵਜੀਰ ਸਿੰਘ ਜੀ ਹਜ਼ੂਰੀ ਸੇਵਕ ਕਹਿਣ ਲੱਗੇ: "ਝੱਬਰਾ! ਜੇ ਆਖੇਂ ਤੈਨੂੰ ਛੁੱਟੀ ਮਿਲੇਗੀ ਤੇ ਫਿਰ ਤੂੰ ਪਿੰਡ ਜਾਏਂਗਾ, ਤਾਂ ਬਈ ਤੈਨੂੰ ਛੁੱਟੀ ਨਹੀਂ ਮਿਲਣੀ। ਭਾਈ ਜੀ ਦਾ ਭਾਵ ਸੀ ਕਿ ਕੰਮ ਵਾਲੇ ਬੰਦਿਆਂ ਨੂੰ ਕਦੋਂ ਛੁੱਟੀ ਮਿਲਦੀ ਹੈ। ਇਕ ਵੇਰ ਇਕ ਮਾਈ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਆ ਕੇ ਆਪਣੇ ਲੜਕੇ ਬਾਰੇ ਕਹਿਣ ਲੱਗੀ ਕਿ ਜੀ ਇਸਨੂੰ ਛੁੱਟੀ ਦੇ ਦਿਉ, ਇਹਦੇ ਬਿਨਾਂ ਸਾਡੇ ਘਰ ਦਾ ਕੰਮ ਨਹੀਂ ਚੱਲਦਾ। ਸਤਿਗੁਰੂ ਜੀ ਨੇ ਫ਼ੁਰਮਾਇਆ, "ਬੀਬੀ, ਮੈਨੂੰ ਆਪਣੇ ਡੇਰੇ ਵਿਚ ਉਹਨਾਂ ਬੰਦਿਆਂ ਦੀ ਹੀ ਲੋੜ ਹੈ, ਜਿਨ੍ਹਾਂ ਬਿਨਾਂ ਘਰਾਂ ਦੇ ਕੰਮ ਨਹੀਂ ਚੱਲਦੇ। ਘਰਾਂ ਵਿਚਲੇ ਨਿਕੰਮੇ, ਇੱਥੇ ਮੇਰਾ ਕੀ ਸੁਆਰ ਸੱਕਦੇ ਹਨ?" ਮੇਰਾ ਗੁਆਂਢੀ ਭਗਵਾਨ ਸਿੰਘ ਚੱਠਾ, ਕਿਹਾ ਕਰਦਾ ਸੀ ਕਿ ਚੰਗਾ ਬੰਦਾ ਅਤੇ ਚੰਗਾ ਪਸ਼ੂ, ਜਿੱਥੇ ਵੀ ਕਿਤੇ ਸਤਿਗੁਰੂ ਪਰਤਾਪ ਸਿੰਘ ਦੀ ਨਜ਼ਰ ਵਿਚ ਆ ਜਾਂਦਾ, ਉਹ ਉਸਨੂੰ ਹਰ ਹੀਲੇ, ਡੇਰਾ ਸ੍ਰੀ ਭੈਣੀ ਸਾਹਿਬ ਵਿਚ ਲੈ ਆਉਂਦੇ ਸਨ।

ਤੇ ਹੁਣ ਭਾਈ ਜੀ ਨੇ ਬਾਪੂ ਜੀ ਨੂੰ ਕਿਹਾ, "ਉਲਾਦ ਤੇਰੀ ਛੋਟੀ ਹੈ। ਪੈਲੀ ਤੇਰੀ ਸਾਰੀ ਜੰਗਲ ਪਈ ਹੈ। ਉਮਰ ਵਲੋਂ ਵੀ ਹੁਣ ਪਿਛਲਾ ਪਹਿਰਾ ਹੈ। ਸੇਵਾ ਤੂੰ ਬਹੁਤ ਕਰ ਲਈ



Namdhari Elibrary NamdhariElibrary@gmail.com

ਹੈ। ਹੁਣ ਕਿਸੇ ਤਰ੍ਹਾਂ ਬੱਚਿਆਂ ਦਾ ਬਾਨ੍ਹਣੂੰ ਬੰਨ।" ਇਹ ਵੀ ਉਹਨਾਂ ਕਿਹਾ ਕਿ ਤੂੰ ਕਦੋਂ ਡੇਰਾ ਛੱਡਣਾ ਹੈ, ਇਹ ਤੈਨੂੰ ਮੈਂ ਦੱਸ ਦਿਆਂਗਾ। ਤੇ ਹੁਣ ਜਦੋਂ ੧੯੫੫ ਵਿਚ ਸਤਿਗੁਰੂ ਜੀ ਨੇ ਸਿਆਮ ਦੌਰੇ ਤੇ ਜਾਣਾ ਸੀ, ਭਾਈ ਜੀ ਨੇ ਕਿਹਾ ਕਿ ਸਿੱਖਾ ਹੁਣ ਵਕਤ ਸਾਂਭ ਲਵੀਂ। ਤੇ ਇਕ ਦਿਨ ਗੱਡੇ ਤੇ ਹੀ ਸੁਆਰ ਹੋ ਕੇ ਅਸੀਂ ਲੁਧਿਆਣਾ ਰੇਲਵੇ ਸਟੇਸ਼ਨ, ਫਿਰ ਹਿਸਾਰ, ਸਿਰਸਾ ਅਤੇ ਜੀਵਨ ਨਗਰ ਹੁੰਦੇ ਹੋਏ, ਸ. ਲਾਲ ਸਿੰਘ ਲੰਬੜਦਾਰ (ਮੇਰੀ ਭਰਜਾਈ ਦਾ ਪਿਤਾ) ਦੇ ਘਰ ਸੰਤ ਨਗਰ ਇਕ ਜਾਂ ਦੋ ਰਾਤਾਂ ਕੱਟ ਕੇ, ਕਰੀਵਾਲੇ ਪੁੱਜ ਗਏ ਸਾਂ। ਬਾਪੂ ਜੀ ਬਾਅਦ ਵਿਚ ਦੱਸਿਆ ਕਰਦੇ ਸਨ ਕਿ ਸਤਿਗੁਰੂ ਜੀ ਕਹਿੰਦੇ ਹੁੰਦੇ ਸਨ, "ਗੁਰਮੁਖਾ! ਸਾਰੀ ਉਮਰ ਇੱਕਠੇ ਰਹੇ ਹਾਂ, ਮੇਰਾ ਜੀਅ ਕਰਦਾ ਹੈ, ਹੁਣ ਵੀ ਬੁੱਢੇ ਬੁੱਢੇ ਇਕੱਠੇ ਰਹੀਏ।" ਬਾਪੂ ਜੀ ਨੇ ਕਹਿਣਾ "ਜੀ! ਪੈਲੀ ਆਬਾਦ ਕਰ ਲਵਾਂ। ਫਿਰ ਮੈਂ ਜਿਵੇਂ ਹੁਕਮ ਹੋਏਗਾ।" ਪਰ ਇਹ ਪਤਾ ਨਹੀਂ ਸੀ ਕਿ ਏਨੀ ਜਲਦੀ ਆਪ ਦੀ ਜੀਵਨ ਲੀਲ੍ਹਾ ਸਮਾਪਤ ਹੋ ਜਾਏਗੀ।

ਭੈਣੀ ਸਾਹਿਬੋਂ ਆ ਕੇ ਜਿਹੜੇ ਚਾਰ ਕੁ ਸਾਲ ਕਰੀਵਾਲੇ ਬਿਤਾਏ ਸਨ, ਇਹਨਾਂ ਵਿਚ ਗਾਹੇ ਬਗਾਹੇ ਸਤਿਗੁਰੂ ਜੀ ਦੇ ਦਰਸ਼ਨ ਹੁੰਦੇ ਰਹਿੰਦੇ ਸਨ। ਕੁਝ ਭੁੱਲ ਗਏ ਹਨ। ਕੋਈ ਕੋਈ ਘਟਨਾ ਚੇਤੇ ਰਹਿ ਗਈ ਹੈ।

ਸੰਤ ਨਗਰ ਦਾ (ਜਿਥੇ ਹੁਣ ਮੰਦਰ ਬਣਿਆ ਹੈ) ਹੋਲਾ ਮਹੱਲਾ ਯਾਦ ਹੈ। ਇਹ ਸੰਨ ੧੯੫੮ ਈ. ਸੀ। ਘਰੋਂ ਇਕ ਚੁਆਨੀ ਮਿਲੀ ਸੀ। ਜਿਸ ਦੇ ਚਾਰ ਘੋਏ ਦੇ ਪੇੜੇ ਆ ਗਏ ਸਨ। ਭੋਗ ਤੋਂ ਬਾਅਦ ਸਤਿਗੁਰੂ ਜੀ ਦੇ ਪਰਵਚਨਾਂ ਵਿਚੋਂ ਏਨਾਂ ਕੁ ਯਾਦ ਰਹਿ ਗਿਆ–"ਪੁਰਾਣੇ ਸਿੰਘ ਜਾ ਰਹੇ ਹਨ। ਭਾਈ ਆਤਮਾ ਸਿੰਘ ਜੀ ਬੁਰਜਾਂ ਵਾਲੇ ਵੀ ਚੜ੍ਹ ਗਏ ਹਨ।" ਇਹ ਤਾਂ ਯਾਦ ਰਹਿ ਗਿਆ ਹੈ ਕਿ ਇਸੇ ਜਨਵਰੀ ਵਿਚ ਆਪਣੀ ਸਿੰਘਣੀ ਮਾਈ ਭਾਗੋ ਤੋਂ ਚਾਰ ਪੰਜ ਦਿਨ ਪਹਿਲਾਂ ਚੜ੍ਹਾਈ ਕਰਨ ਵਾਲਾ, ਸ਼ਾਮ ਸਿੰਘ ਸਿਰਹਾਲੀ ਦਾ ਪੋਤਾ ਆਤਮਾ ਸਿੰਘ ਬੁਰਜਾਂਵਾਲਾ, ਮੇਰਾ ਨਾਨਾ ਸੀ, ਜੋ ਵੰਡ ਬਾਦ ਪਰਿਵਾਰ ਸਮੇਤ, ਛੋਟੇ ਅਮਰਾਸਰ ਰਹਿੰਦੇ ਸਨ।

ਕਰੀਵਾਲੇ ਕੁਝ ਘਰਾਂ ਵਿਚ ਚਰਨ ਪਾਉਣ ਆਉਂਦੇ। ਕਦੇ ਕਿਸੇ ਭੋਗ ਤੇ ਆਉਂਦੇ। ਕਦੇ ਕਿਸੇ ਭੋਗ ਤੇ ਆਉਂਦੇ। ਅਕਸਰ ਦਰਸ਼ਨ ਹੁੰਦੇ ਰਹਿੰਦੇ। ਕਿਸੇ ਬੀਮਾਰ ਸਿੰਘ/ਸਿੰਘਣੀ ਨੂੰ ਦਰਸ਼ਨ ਦੇਣ ਆਉਂਦੇ, ਬਾਬਾ ਸਾਉਣ ਸਿੰਘ ਮਨੇਸ, ਪਹੁੰਚੇ ਸਾਧੂ ਦੇ, ਭੋਗ ਤੇ ਆਏ। ਜਦੋਂ ਸੰਗਤ ਨੇ ਜੈਕਾਰਾ ਛੱਡਿਆ, ਜੀਪ ਤੁਰ ਪਈ। ਹੋਰ ਪੋਡੂ ਬੱਚਿਆਂ ਨਾਲ ਮੈਂ ਵੀ ਪਿਛੇ ਲਮਕਿਆ। ਡਰਾਇਵਰ ਕਮ ਲਾਂਗਰੀ, ਕਮ ਵੈਦ, ਕਮ ਨਿਜੀ ਸਕੱਤਰ, ਸੰਤ ਰਤਨ ਸਿੰਘ ਹੋਰਾਂ ਨੂੰ ਮੇਰਾ ਲਮਕਣਾ ਜ਼ਿਆਦਾ ਅੱਖਰਿਆ "ਸੁਵਰਨ ਤੂੰ ਵੀ, (ਕਿਉਂਕਿ ਮੈਂ ਉਨ੍ਹਾਂ ਦੇ 'ਘਰ' ਦਾ ਮੁੰਡਾ ਸਾਂ), ਕਹਿ ਕੇ ਇਕ ਚਪੇੜ ਮੈਨੂੰ ਜੜ ਦਿੱਤੀ। ਸਤਿਗੁਰੂ ਜੀ ਨੇ ਵੇਖ ਲਿਆ ਤੇ ਕਿਹਾ ਰਤਨ, ਇਹਨੂੰ ਅੱਗੇ ਲਿਆ। ਮੈਂ ਸੋਚਿਆ ਕਿ ਹੁਣ ਇਕ ਦੋ ਹੋਰ ਪੈਣਗੀਆਂ, ਘਰ ਦੇ ਮੁੰਡੇ ਨਾਤੇ। ਪਰ ਸਤਿਗੁਰੂ ਜੀ ਨੇ ਬੱਚਿਆਂ ਦੀ, ਹੂਟਾ ਲੈਣ ਦੀ ਲਾਲਸਾ ਤਾੜ ਕੇ, ਮੈਨੂੰ ਆਪਣੇ ਨਾਲ ਜੀਪ ਵਿਚ ਬਿਠਾ ਲਿਆ। ਕੋਈ ਡੱਬਾ ਖੋਹਲ ਕੇ, ਮੇਰੀ ਮੁੱਠ ਭਰ ਦਿੱਤੀ। ਜਿੱਥੋਂ ਸਾਡੇ ਘਰ ਨੂੰ ਗਲੀ ਮੁੜਦੀ ਸੀ ਉਥੇ ਰੋਕ ਕੇ ਕਹਿੰਦੇ, ਜਾਹ ਬਈ ਹੁਣ ਤੇਰਾ ਘਰ ਆ ਗਿਆ ਹੈ। ਹੂਟੇ ਵੀ ਮਿਲ ਗਏ ਤੇ ਛਕਣ ਨੂੰ ਗੱਫੇ ਵੀ।

ਜੀਵਨ ਨਗਰ ਦਾ, ਆਪ ਦਾ ੧੯੫੯ ਈ. ਵਾਲਾ ਆਖਰੀ ਹੋਲਾ ਮਹੱਲਾ ਵੀ ਯਾਦ ਆ ਗਿਆ ਹੈ। ਜਿਸ ਵਿਚ ਅਣਸੁਖਾਵੇਂ ਹਾਲਤਾਂ ਵਿਚ, ਬਹੁਤ ਸਾਰੀਆਂ ਉੱਘੀਆਂ ਧਾਰਮਿਕ ਤੇ ਸਮਾਜਿਕ-ਸਿਆਸੀ ਸ਼ਖਸੀਅਤਾਂ ਨੇ ਇਕਜੁੱਟਤਾ ਪ੍ਰਗਟਾਉਂਦਿਆਂ, ਹਾਜ਼ਰੀ ਭਰੀ ਸੀ।

ਕਰੀਵਾਲੇ ਜਦੋਂ ਕਦੇ ਦਿਨੇ ਦਰਸ਼ਨ ਦਿੰਦੇ ਤਾਂ ਉਤਾਰਾ ਸਾਡੇ ਗੁਆਂਢੀ ਕਿਰਪਾਲ ਸਿੰਘ ਵਰਨ ਦੀ ਇਕ ਕੱਚੀ ਬੈਠਕ ਵਿਚ ਹੁੰਦਾ ਸੀ। ਕਦੇ ਕਦੇ ਚਾਚਾ ਅਵਤਾਰ ਸਿੰਘ ਝੱਬਰ ਦੇ ਨਿਵਾਸ ਨੂੰ ਵੀ ਨਿਵਾਜਦੇ। ਸੰਨ ੧੯੫੮ ਈ. ਦੀਆਂ ਗਰਮੀਆਂ ਦੀ ਇਕ ਰਾਤ ਸੀ। ਆਪ ਸ਼ਾਇਦ ਰਾਜਸਥਾਨ ਵੱਲੋਂ ਆਏ ਸਨ। ਸਾਡੇ ਕੱਚੇ ਕੋਠਿਆਂ ਦੀਆਂ ਛੱਤਾਂ ਤੇ ਸਤਿਗੁਰੂ ਜੀ ਲਈ ਇਕ ਵੱਡਾ ਪਲੰਘ ਵਿਛਾਇਆ ਗਿਆ। ਆਲੇ ਦੁਆਲੇ ਸੇਵਕਾਂ ਅਤੇ ਨਗਰ ਦੀ ਸੰਗਤ ਲਈ ਖੇਸ ਵਿਛਾ ਦਿੱਤੇ ਗਏ। ਹਨੇਰੀ ਵੀ ਆਖੇ ਮੈਂ ਅੱਜ ਈ ਹਾਂ। ਪਲੰਘ ਦੇ ਪਾਵਿਆਂ ਨਾਲ ਖੇਸ ਚਾਦਰਾਂ ਨੂੰ ਉੱਡਣ ਤੋਂ ਬਚਾਉਣ ਲਈ ਬੰਨ੍ਹ ਦਿੱਤਾ ਗਿਆ। ਰਾਤ ਦੇ ਦਸ ਕੁ ਵਜੇ ਮੈਨੂੰ ਤਾਂ ਨੀਂਦ ਆ ਗਈ। ਸਵੇਰੇ ਜਦੋਂ ਮੈਂ ਉਠਿਆ ਤਾਂ ਮੰਜਾ ਵੀ ਅਤੇ ਆਲਾ ਦੁਆਲਾ ਵੀ ਖਾਲੀ। ਪਤਾ ਲੱਗਾ ਕਿ ਸਤਿਗੁਰੂ ਜੀ ਅੱਧੀ ਕੁ ਰਾਤ ਨੂੰ ਉਠ ਕੇ, ਜੀਵਨ ਨਗਰ ਨੂੰ ਚਲੇ ਗਏ ਸਨ ਅਤੇ ਬਾਪੂ ਜੀ ਨੂੰ ਵੀ ਨਾਲ ਹੀ ਲੈ ਗਏ ਸਨ। ਇਲਾਕਾ ਜੀਵਨ ਨਗਰ ਲਈ ਇਹ ਉੱਥਲ ਪੁੱਥਲ ਦਾ ਦੌਰ ਸੀ। ਇਸ ਸਮੇਂ ਦੀਆਂ ਪਰੇਸ਼ਾਨੀਆਂ ਦਾ ਵੱਡਾ ਹਿੱਸਾ, ਹਜ਼ੂਰ ਨੇ ਆਪਣੇ ਤੇ ਓਟ ਲਿਆ।

ਜਿਸ ਦਿਨ ਜੀਵਨ ਨਗਰ ਇਲਾਕੇ ਵਿਚ ਆਖਰੀ ਕਿਆਮ ਸੀ, ਉਸ ਦਿਨ ਬਾਪੂ ਜੀ ਦੀ ਉਂਗਲ ਫੜ ਕੇ ਮੈਂ ਵੀ ਜੀਵਨ ਨਗਰ ਪੁੱਜ ਗਿਆ। ਉਹ ਤਾਂ ਕੋਠੀ ਦੀ ਪੱਛਮੀ ਕੰਧ



Namdhari Elibrary NamdhariElibrary@gmail.com

ਨਾਲ ਖੜੀਆਂ ਬਕੈਣਾਂ ਦੀ ਪਾਲ ਹੇਠ, ਭਾਈ ਵਜੀਰ ਸਿੰਘ ਤੇ ਹੋਰ ਸਿੰਘਾਂ ਪਾਸ ਬਾਹਰ ਬੈਠ ਗਏ, ਕਿਉਂ ਜੁ ਸਤਿਗੁਰੂ ਜੀ ਕੋਠੀ ਵਿਚ ਬਿਰਾਜੇ ਹੋਏ ਸਨ। ਮੈਂ ਬੱਚਿਆਂ ਦੇ ਸੁਭਾਅ ਮੁਤਾਬਿਕ ਕੋਠੀ ਦੇ ਕਮਰਿਆਂ ਵਿਚ ਝਾਤੀਆਂ ਮਾਰਦਾ ਫਿਰ ਰਿਹਾ ਸਾਂ। ਇਕ ਕਮਰੇ ਦਾ ਬੂਹਾ ਖੋਹਲਿਆ ਤਾਂ ਅੰਦਰ ਸਤਿਗੁਰੂ ਜੀ ਬਿਰਾਜੇ ਦਿਸੇ। ਸਰੀਰ ਤੇ ਚਾਦਰ ਲਈ ਸੀ। ਮੈਂ ਫਿਰ ਤ੍ਰਹਿ ਗਿਆ ਕਿ ਅਵੱਗਿਆ ਹੋ ਗਈ ਹੈ। ਬੂਹੇ ਦੇ ਖੜਾਕ ਨਾਲ ਨੀਂਦ ਵਿਚ ਵਿਘਨ ਨਾ ਪੈ ਜਾਏ। ਮੈਂ ਦਬਾਦਬ ਪਿਛਾਂਹ ਨੂੰ ਮੁੜਿਆ। ਮੇਰੇ ਕੰਨਾਂ ਵਿਚ ਅਵਾਜ਼ ਆਈ "ਰਤਨ, ਸੁਵਰਨ ਆਇਆ ਏ," ਉੱਚੀ ਅਵਾਜ਼ ਵਿਚ ਬੋਲੇ ਤਾਂਕਿ ਦੂਜੇ ਕਮਰੇ ਵਿਚ ਬੈਠੇ ਸੰਤ ਰਤਨ ਸਿੰਘ ਹੋਰਾਂ ਨੂੰ ਸੁਣ ਜਾਵੇ ਤੇ ਉਹ ਇਸ ਬਾਲਕ ਦੀ ਮੁਨਾਸਿਬ ਖਾਤਰਦਾਰੀ ਕਰੇ। ਜਦੋਂ ਆਪਣੀ ਆਰਜਾ ਦੇ ਬੜੇ ਨਾਜ਼ੁਕ ਉਤਰਾਵਾ ਚੜ੍ਹਾਵਾਂ ਵਿਚੋਂ ਲੰਘ ਰਹੇ ਸਨ, ਉਦੋਂ ਵੀ ਬੱਚਿਆਂ ਪ੍ਰਤੀ ਸਨੇਹ ਪਰਦਰਸ਼ਿਤ ਕਰਦਾ ਕੋਈ ਸੰਵੇਦਨਸ਼ੀਲ ਹਿਰਦਾ, ਆਪ ਜਹੀ ਉੱਚ ਸ਼ਖਸ਼ੀਅਤ ਹੀ ਰੱਖ ਸਕਦੀ ਸੀ। ਸ਼ਾਮ ਨੂੰ ਮਿਰਜ਼ਾਪੁਰ ਬੇਹੜ ਨੂੰ ਜੀਪ ਤੋਰ ਲਈ ਅਤੇ ਬਾਪੂ ਜੀ ਨੂੰ ਕਹਿਣ ਲੱਗੇ ਨਾਲੇ ਪੈਲੀ ਵਿਖਾਵਾਂਗੇ ਅਤੇ ਨਾਲੇ ਤੈਨੂੰ ਤੇ ਸੁਵਰਨ ਨੂੰ ਕਰੀਵਾਲੇ ਦੇ ਕੁਝ ਲਾਗੇ ਕਰ ਦਿਆਂਗੇ। ਉਂਜ ਇਹ ਸਾਰਾ ਪੈਂਡਾ ਤੁਰ ਕੇ ਜਾਣਾ ਸੀ। ਬੱਸ ਇਹੋ ਸਨ, ਮੇਰੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਆਖਰੀ ਦਰਸ਼ਨ।

ਭੈਣੀ ਸਾਹਿਬ ਜਾਣ ਤੋਂ ਜਦੋਂ ਤੀਜੇ ਦਿਨ ਹੀ, ਫਿਰ ਬਾਪੂ ਜੀ ਵਾਪਸ ਕਰੀਵਾਲੇ ਆ ਗਏ ਤਾਂ ਅਸੀਂ ਸਾਰਾ ਪਰਿਵਾਰ ਹੈਰਾਨ ਹੋ ਗਏ। ਕਿਉਂਕਿ ਉਹ ਕਹਿ ਕੇ ਗਏ ਸਨ ਕਿ ਮੈਂ ਭੋਗ ਤੋਂ ਬਾਅਦ ਆਵਾਂਗਾ। ਪੁੱਛਣ ਤੇ ਕਹਿਣ ਲੱਗੇ, "ਤਾਂ ਆ ਗਿਆ ਹਾਂ, ਉੱਥੇ ਹੁਣ ਆਪਣੇ ਤੇ ਸ਼ਰਧਾ ਨਹੀਂ ਰਹੀ।" ਅਤੇ ਫਿਰ ਵਿਚਲੀ ਗੱਲ ਇਉਂ ਦੱਸੀ। ਉਹਨਾਂ ਦੇ ਭੈਣੀ ਸਾਹਿਬ ਪੁੱਜਣ ਤੋਂ ਅਗਲੇ ਦਿਨ ਸਵੇਰੇ, ਸਤਿਗੁਰੂ ਪਰਤਾਪ ਸਿੰਘ ਜੀ ਦਾ ਅੰਗੀਠਾ, ਸਮੇਟਣ ਬਾਦ, ਸਰਹੰਦ ਨਹਿਰ ਵਿਚ, ਜਲ ਪ੍ਰਵਾਹ ਕਰਨ ਲਈ ਲਿਜਾਇਆ ਜਾਣਾ ਸੀ। ਇਕ ਅਤੀ ਵਿਸ਼ਿਸ਼ਟ ਵਿਅਕਤੀ ਨੇ ਭਾਈ ਵਜੀਰ ਸਿੰਘ ਹੋਰਾਂ ਨੂੰ ਕੁਝ ਹੋਰ ਸਰੀਰਾਂ ਸਮੇਤ ਨਾਲ ਚੱਲਣ ਲਈ ਆਖਿਆ। ਭਾਈ ਜੀ ਕੁਝ ਜ਼ਿਆਦਾ ਵੈਰਾਗੀ ਅਵਸਥਾ ਵਿਚ ਸਨ, ਉਹਨਾਂ ਨੇ ਕਿਹਾ ਕਿ ਉਹ ਇਸ ਸਮੇਂ ਇਹ ਸਭ ਝੱਲਣ ਦੇ ਸਮਰੱਥ ਨਹੀਂ ਹਨ। ਤੁਸੀਂ ਜਥੇਦਾਰ ਗੁਰਮੁਖ ਸਿੰਘ ਝੱਬਰ ਵਰਗੇ, ਕਿਸੇ ਤਕੜੇ ਦਿਲ ਵਾਲੇ ਨੂੰ ਨਾਲ ਲੈ ਜਾਓ। ਭਾਈ ਜੀ ਨੇ ਆਪਣੀ ਮਜਬੂਰੀ ਵੀ ਅਤੇ ਆਪਣੀ ਪਸੰਦ ਵੀ ਪਰਗਟ ਕਰ ਦਿੱਤੀ ਸੀ (ਕਿਉਂ ਜੁ ਇਹ ਦੋਵੇਂ ਸੱਜਣ, ਕੁਝ ਹੋਰ ਇੱਕਾ ਦੁੱਕਾ ਸੱਜਣਾਂ ਸਮੇਤ, ਸਤਿਗੁਰੂ ਪਰਤਾਪ ਸਿੰਘ ਜੀ ਦੀ 'ਇਨਰ ਕੈਬੀਨੇਟ' ਦੇ ਮੈਂਬਰ ਰਹੇ ਸਨ) ਪਰ ਅਤੀ ਵਿਸ਼ਿਸ਼ਟ ਵਿਅਕਤੀ ਦਾ ਫੌਰੀ ਪ੍ਰਤੀਕਰਮ, ਜੋ ਇਲਾਕਾ ਜੀਵਨ ਨਗਰ ਦੇ ਪਿਛਲੇ ਇਕ ਦੋ ਸਾਲਾਂ ਦੇ ਘਟਨਾ ਕਰਮ ਵਿਚੋਂ ਉਪਜਿਆ ਸੀ, ਇਹ ਸੀ, "ਝੱਬਰ ਤੇ ਸਾਡੀ ਸ਼ਰਧਾ ਨਹੀਂ।" ਇਹ ਨਹੀਂ ਪਤਾ ਕਿ ਇਹ ਲਫਜ਼ ਬਾਪੂ ਜੀ ਨੇ ਆਪ ਸੁਣੇ ਜਾਂ ਕਿਸੇ ਭਰੋਸੇਯੋਗ ਸੱਜਣ ਤੋਂ ਸੁਣੇ, ਉਹਨਾਂ ਨੇ ਕਛਹਿਰਾ ਪਰਨਾ ਚੁੱਕਿਆ ਤੇ ਵਾਪਸੀ ਕਰ ਲਈ। ਹਾਂ ਭੋਗ ਮੇਲੇ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਸਤਾਰ-ਬੰਦੀ ਸਮਾਗਮ ਵਿਚ ਜ਼ਰੂਰ ਪੁੱਜ ਗਏ ਸਨ। ਬਹੁਤ ਸਾਲ ਬਾਅਦ ਜਦੋਂ ਸ੍ਰੀ ਭੈਣੀ ਸਾਹਿਬ ਕੋਠੀ ਵਿਚ ਮੈਂ ਇਹ ਘਟਨਾ ਵਰਤਮਾਨ ਸਤਿਗੁਰੂ ਜੀ ਨਾਲ ਸਾਂਝੀ ਕੀਤੀ ਤਾਂ ਆਪ ਨੇ ਫੁਰਮਾਇਆ ਕਿ "ਝੱਬਰ ਜੀ ਨੇ ਗੁਰੂਘਰ, ਸਤਿਗੁਰੂ ਪਰਤਾਪ ਸਿੰਘ ਜੀ ਅਤੇ ਬਚਪਨ ਵਿਚ ਮੇਰੀ, ਜਿੰਨੀ ਸੇਵਾ ਕੀਤੀ ਹੈ, ਉਹਨੂੰ ਧਿਆਨ ਵਿਚ ਰੱਖਦਿਆਂ ਇਹ ਗੱਲ ਕਹਿਣੀ ਬਣਦੀ ਨਹੀਂ ਸੀ। ਪਰ ਹੁਣ ਅਸੀਂ ਇਸ ਘਟਨਾ ਤੇ ਸਿਰਫ ਅਫਸੋਸ ਹੀ ਪ੍ਰਗਟ ਕਰ ਸਕਦੇ ਹਾਂ।"

ਉਸ ਸਮੇਂ ਪ੍ਰਚਲਿਤ ਅਖਾਉਤੀ ਗੱਦੀ ਵਿਵਾਦ ਬਾਰੇ ਵੀ ਮੈਂ ਬਾਪੂ ਜੀ ਨੂੰ ਇਕ ਵੇਰ ਪੁੱਛਿਆ ਕਿ ਤੁਸੀਂ ਕਿੱਥੇ ਖਲੋਤੇ ਸਉ? ਤਾਂ ਉਹਨਾਂ ਦਾ ਜੁਆਬ ਸੀ, "ਸਤਿਗੁਰੂ ਜਗਜੀਤ ਸਿੰਘ ਵਰਗੇ ਸੁਯੋਗ ਵਾਰਿਸ ਦੇ ਹੁੰਦਿਆਂ, ਜੋ ਸੁੱਖ ਨਾਲ ਹਜ਼ੂਰ ਦੇ ਵੱਡੇ ਸਾਹਿਬਜ਼ਾਦੇ ਵੀ ਸਨ, ਛੋਟੇ ਸਾਹਿਬਜ਼ਾਦੇ ਮਹਾਰਾਜ ਬੀਰ ਸਿੰਘ ਵੀ ਸੇਵਾ ਵਿਚ ਤਤਪਰ ਰਹਿੰਦੇ ਸਨ, ਕਿਸੇ ਹੋਰ ਤੀਜੀ ਧਿਰ ਬਾਰੇ ਸੋਚ ਕੇ, ਅਸਾਂ ਬਾਹਰਲੀ ਦੁਨੀਆ ਵਿਚ ਆਪਣੇ ਪੰਥ ਦੀ ਜੱਗ-ਹਸਾਈ ਨਹੀਂ ਸੀ ਕਰਾਉਣੀ।" ਉਹਨਾਂ ਇਹ ਵੀ ਜੋੜਿਆ ਕਿ ਗੁਰਗੱਦੀ ਦੇ ਸੁਆਲ ਤੇ ਸਮੁੱਚਾ ਨਾਮਧਾਰੀ ਪੰਥ ਸਤਿਗੁਰੂ ਜਗਜੀਤ ਸਿੰਘ ਪਿੱਛੇ ਇਕਜੁੱਟ ਸੀ। ਕੁਝ ਵਿਅਕਤੀਗਤ ਆਕਾਂਖਿਆਵਾਂ ਤੇ ਚਿਮਗੋਈਆਂ ਐਸੇ ਸਮੇਂ ਸੁਭਾਵਿਕ ਹੀ ਹੁੰਦੀਆਂ ਹਨ।

ਸਤਿਗੁਰੂ ਜੀ ਦੇ ਭੋਗ ਤੋਂ ਬਾਅਦ ਕਈ ਦਿਨ ਬਾਪੂ ਜੀ ਦੀ ਦਸ਼ਾ ਕਾਫੀ ਅਧੀਰ ਰਹੀ। ਪਰ ਉਹ ਪਰਿਵਾਰ ਵਿਚ ਬੱਚਿਆਂ ਦੇ ਸਾਹਵੇਂ ਅਡੋਲ ਹੀ ਰਹਿੰਦੇ। ਖੇਤਾਂ ਵਿਚ ਪਸ਼ੂ ਚਰਾਉਣ ਦੇ ਬਹਾਨੇ ਸਾਰਾ ਦਿਨ ਵੈਰਾਗੀ ਹਾਲਤ ਵਿਚ ਬਾਹਰ ਹੀ ਲੰਘਾ ਆਉਂਦੇ ਸਨ। ਜਿਸ ਗੁਰੂ ਹਸਤੀ ਨਾਲ ਅੱਧੀ ਸਦੀ ਇਕੱਠਿਆਂ ਬੀਤੀ ਸੀ। ਜਿਸ ਦੇ ਹੁੰਦਿਆਂ ਉਹ ਦੁਨੀਆ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਵੀ ਬੇਖੌਫ ਭਿੜਨ



Namdhari Elibrary NamdhariElibrary@gmail.com

ਲਈ ਤਿਆਰ ਰਹਿੰਦੇ ਸਨ। ਹੁਣ ਉਸ ਦੇ ਜਾਣ ਬਾਦ ਕੀ ਬਣੇਗਾ? ...ਉਹ ਦੱਸਿਆ ਕਰਦੇ ਸਨ ਕਿ ਕਈ ਦਿਨ ਜਦੋਂ ਇਸੇ ਹਾਲਤ ਵਿਚ ਬੀਤੇ ਫਿਰ ਇਕ ਦਿਨ ਦ੍ਰਿਸ਼ਟਾਂਤ ਹੋਇਆ "ਗੁਰਮੁਖਾ! ਮੇਰੀ ਹੱਡ ਚੰਮ ਦੀ ਦੇਹ ਦਾ ਧਿਆਨ ਛੱਡ ਦੇ। ਹੁਣ ਮੈਂ ਸ਼ਬਦ ਦੀ ਦੇਹ ਵਿਚ ਹਾਂ। ਸਦਾ ਹੀ ਤੇਰੇ ਅੰਗ ਸੰਗ ਹਾਂ।" ਡੋਲਦੇ ਮਨ ਨੂੰ ਥੰਮੀ ਮਿਲ ਗਈ।

ਬਾਪੂ ਜੀ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਗੁਰੂ-ਸਿੱਖ ਅਤੇ ਪਿਉ-ਪੁੱਤਰ ਵਾਲੇ ਸਬੰਧਾਂ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਪਰ ਮੈਂ ਤਾਂ ਆਉਣ ਵਾਲੀਆਂ ਦੋ ਮਹਾਨ ਅਰਧ-ਸ਼ਤਾਬਦੀਆਂ ਦੇ ਸਬੰਧ ਵਿਚ ਆਪਣੀਆਂ ਯਾਦਾਂ ਦੀ ਚੱਕੀ ਹੀ ਝੋਅ ਰਿਹਾ ਹਾਂ। ਪਹਿਲੀ ਅਰਧ-ਸ਼ਤਾਬਦੀ, ਸਤਿਗੁਰੂ ਰਾਮ ਸਿੰਘ ਜੀ ਬਾਦ ਨਾਮਧਾਰੀ ਪੰਥਕ ਫੁਲਵਾੜੀ, ਜੋ ਸਰਕਾਰੀ ਸਖਤੀਆਂ ਕਾਰਨ ਮੁਰਝਾ ਚੁੱਕੀ ਸੀ, ਉਹਨੂੰ ਮੁੜ ਹਰੀ ਭਰੀ ਕਰਨ ਵਾਲੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੇਹਾਵਾਸਨ ਦੀ ਹੈ। ਦੂਜੀ ਅਰਧ-ਸ਼ਤਾਬਦੀ, ਕੌਮਾਂਤਰੀ ਭਾਈਚਾਰੇ ਅਤੇ ਦੇਸ਼ ਵਿਚ ਵੀ ਨਾਮਧਾਰੀ ਸਮੁਦਾਇ ਨੂੰ ਬਣਦਾ ਮਾਨ ਸਨਮਾਨ ਦਿਵਾਉਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਣ ਦੀ ਹੈ। ਥੋੜੀ ਦੇਰ ਪਹਿਲਾਂ, ਨਾ ਸਿਰਫ ਨਾਮਧਾਰੀ ਪੰਥ, ਪੰਜਾਬ ਜਾਂ ਭਾਰਤ ਸਰਕਾਰਾਂ, ਸਗੋਂ ਦੁਨੀਆ ਦੇ ਸਾਰੇ ਮੁਲਕਾਂ ਵਿਚ ਜਿੱਥੇ ਜਿੱਥੇ ਨਾਮਧਾਰੀ ਸਿੰਘ ਬੈਠੇ ਹਨ, ਕੂਕਾ ਅੰਦੋਲਨ ਦੀ ਸਥਾਪਨਾ ਦੀ ੧੫੦ਵੀਂ ਵਰ੍ਹੇਗੰਢ, ਸਿੱਖ ਪੁਨਰ ਜਾਗਰਣ ਅਤੇ ਕੌਮੀ ਸੁਤੰਤਰਤਾ ਸੰਗਰਾਮ ਦੇ ਅੰਦੋਲਨ ਵਜੋਂ, ਮਨਾਈ ਗਈ ਹੈ। ਇਹ ਮਹਾਨ ਪੰਥ ਦੀ ਪਹਿਲੀ ਅੱਧੀ ਸਦੀ, ਦੋ ਵੀਰਾਂ ਦੀ ਜੋੜੀ, ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਦੇ ਪ੍ਰਭਾ ਮੰਡਲ ਦੇ ਗਿਰਦ ਘੁੰਮਦੀ ਹੈ। ਪਿਛਲੀ ਇਕ ਸਦੀ ਦੇ ਕੇਂਦਰ ਵਿਚ ਪਿਤਾ-ਪੁੱਤਰਾਂ ਦੀ ਜੋੜੀ ਦੇ ਰੂਪ ਵਿਚ, ਸਤਿਗੁਰੂ ਪਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਕ ਵੇਰ ਕੁਝ ਸਾਲ ਪਹਿਲਾਂ, ਭੈਣੀ ਸਾਹਿਬ ਕੋਠੀ ਵਿਚ ਬੈਠਿਆਂ ਮੈਂ ਅਰਜ਼ ਕੀਤੀ ਕਿ ਨਾਮਧਾਰੀ ਇਤਿਹਾਸ ਵਿਚ ਵੀਹਵੀਂ ਸਦੀ ਸਤਿਗੁਰੂ ਪਰਤਾਪ ਸਿੰਘ ਅਤੇ ਹਜ਼ੂਰ ਦੀ ਗਿਣੀ ਜਾਵੇਗੀ ਤਾਂ ਆਪ ਨੇ ਦੋਵੇਂ ਹੱਥ ਜੋੜ ਕੇ ਸੀਸ ਨਿਵਾ ਕੇ, ਵੱਡਿਆਂ ਵਾਲੀ ਨਿਮਰਤਾ ਦਾ ਸਬੂਤ ਦਿੱਤਾ।

ਆਪ ਦੀ ਗੱਦੀ-ਨਸ਼ੀਨੀ ਦੇ ਸਮੇਂ ਬਣੇ ਹੋਏ ਹਾਲਾਤ ਨੂੰ ਵੇਖ ਕੇ ਸੰਗਤ ਤਵੱਕੋ ਕਰ ਰਹੀ ਸੀ ਕਿ ਪੰਥਕ ਬੇੜੇ ਦੇ ਮਲਾਹ ਨੂੰ, ਬੜੀ ਹਿੰਮਤ ਤੇ ਹੁਸ਼ਿਆਰੀ ਨਾਲ ਚੱਪੂ ਵਾਹ ਕੇ, ਮੰਝਧਾਰ ਵਿਚੋਂ ਬਾਹਰ ਨਿਕਲਣਾ ਪਵੇਗਾ। ਥੋੜੇ ਸਮੇਂ ਵਿਚ ਹੀ ਦੁਸ਼ਵਾਰੀਆਂ ਨੂੰ ਸਾਧ ਲਿਆ ਗਿਆ। ਵਿਸਵਿਸੇ ਅਤੇ ਬੇਭਰੋਸਗੀ ਦਾ ਮਾਹੌਲ ਖ਼ਤਮ ਹੋ ਗਿਆ। ਅੰਦਰਲੇ ਤੇ ਬਾਹਰਲੇ ਜਗਤ ਨਾਲ ਇਕਸੁਰਤਾ ਸਥਾਪਿਤ ਕਰ ਲਈ ਗਈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਦੌਰ ਨੂੰ, ਪ੍ਰੀਤਮ ਸਿੰਘ ਕਵੀ ਹੋਰਾਂ ਇਕ 'ਪਰਿਵਰਤਨ ਕਾਰੀ ਦੌਰ' ਕਿਹਾ ਹੈ ਅਸੀਂ ਇਸ ਨੂੰ ਨਵ-ਨਿਰਮਾਣ ਦਾ ਦੌਰ ਵੀ ਕਹਿ ਸੱਕਦੇ ਹਾਂ। ਹੁਣ ਤੱਕ ਗਿਆਨ, ਵਿਗਿਆਨ, ਨਵੀਂ ਤਕਨੀਕ ਦੀਆਂ ਜਿਹਨਾਂ ਉਪਲਬਧੀਆਂ ਤੋਂ ਨਾਮਧਾਰੀ ਭਾਈਚਾਰਾ ਵਿਛੁੰਨਿਆ ਰਿਹਾ ਸੀ, ਹੁਣ ਉਹਨਾਂ ਨਾਲ ਰਾਬਤਾ ਕਾਇਮ ਕੀਤਾ ਜਾਣ ਲੱਗਾ। ਨਾਮਧਾਰੀ ਸ਼ਹੀਦੀ ਯਾਦਗਾਰਾਂ ਅਤੇ ਹੋਰ ਇਤਿਹਾਸਕ ਥਾਵਾਂ ਸਮੇਤ ਪਰਕਾਸ਼ ਅਸਥਾਨ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਪਿੰਡ ਰਾਇਆਂ ਵਿਖੇ, ਲੰਮੀ ਜੱਦੋ ਜਹਿਦ ਤੋਂ ਬਾਅਦ ਹਾਸਲ ਕਰਕੇ, ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਗਠਿਤ ਕੂਕਾ ਸ਼ਹੀਦ ਯਾਦਗਾਰੀ ਟਰਸਟ (ਕੇ. ਐਮ. ਐਮ. ਟੀ) ਦੁਆਰਾ ਨਵੇਂ ਸਮਾਰਕ ਆਦਿ ਸਿਰਜੇ ਜਾ ਰਹੇ ਹਨ। ਪੰਜਾਬ ਵਿਚ ਕੂਕੇ ਸ਼ਹੀਦਾਂ/ਸੂਬਿਆਂ ਦੇ ੪੫ ਪਿੰਡ ਚੁਣ ਲਏ ਗਏ ਹਨ, ਜਿੱਥੇ ਦੋ ਦੋ ਏਕੜ ਵਿਚ ਸਰਕਾਰੀ ਖਰਚ ਤੇ ਸ਼ਹੀਦੀ ਸਮਾਰਕ ਬਣਾਏ ਜਾਣਗੇ। ਪੰਜਾਬ, ਹਰਿਆਣਾ ਦੀਆਂ ਯੂਨੀਵਰਸੀਟੀਆਂ ਵਿਚ ਕੂਕਾ ਲਹਿਰ ਅਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਿਖਿਆਵਾਂ ਬਾਰੇ ਉਚ ਪੱਧਰੀ ਸੈਮੀਨਾਰਾਂ ਤੋਂ ਇਲਾਵਾ, ਪੰਜਾਬ ਦੇ ਹਰ ਜ਼ਿਲ੍ਹੇ ਵਿਚ ਸਰਕਾਰੀ ਤੌਰ ਤੇ ਸੈਮੀਨਾਰ ਆਯੋਜਿਤ ਹੋਏ ਹਨ। ਪੰਜਾਬ ਸਰਕਾਰ ਸਕੂਲੀ ਪਾਠ ਪੁਸਤਕਾਂ ਵਿਚ ਇਸ ਅੰਦੋਲਨ ਨੂੰ ਬਣਦਾ ਸਨਮਾਨ ਸਥਾਨ ਦੇ ਰਹੀ ਹੈ। ਭਾਰਤ ਸਰਕਾਰ ਨੇ ਪਾਰਲੀਮੈਂਟ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਚਿਤਰ ਸੁਸ਼ੋਭਿਤ ਕਰਨ ਤੋਂ ਇਲਾਵਾ, ਨੈਸ਼ਨਲ ਬੁੱਕ ਟਰਸਟ ਤੋਂ ਕੂਕਾ ਲਹਿਰ ਤੇ ਪੁਸਤਕ ਵੀ ਛਪਵਾ ਦਿਤੀ ਹੈ ਜੋ ਪੰਜਾਬੀ ਤੋਂ ਬਾਦ ਹਿੰਦੀ ਅੰਗਰੇਜ਼ੀ ਵਿਚ ਛਪੇਗੀ। ਹੁਣ ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨੇ ਸਤਿਗੁਰੂ ਜੀ ਅਤੇ ਸ਼ਹੀਦਾਂ ਦੇ ਚਿਤਰਾਂ ਵਾਲਾ ਸਿੱਕਾ ਜਾਰੀ ਕਰਨ ਦੀ ਤਜਵੀਜ਼ ਮੰਨ ਕੇ, ਭਾਈ ਗੁਰਦਾਸ ਚੇਤੇ ਕਰਵਾ ਦਿੱਤਾ ਹੈ।

"ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ"

ਸ੍ਰੀ ਭੈਣੀ ਸਾਹਿਬ-ਰਾਈਆਂ ਡੀਵੈਲਪਮੈਂਟ ਬੋਰਡ ਦੋਹਾਂ ਇਤਿਹਾਸਕ ਨਗਰਾਂ ਦੀ ਸ਼ਾਨ ਦੋਬਾਲਾ ਕਰਨ ਲਈ ਪ੍ਰਯਾਸਰਤ ਹੈ। ਸ੍ਰੀ ਭੈਣੀ ਸਾਹਿਬ ਦਾ ਨਵਨਿਰਮਾਣ, ਕ੍ਰਾਂਤੀ


Namdhari Elibrary NamdhariElibrary@gmail.com

ਮੰਦਰ, ਹਰੀ ਮੰਦਰ, ਸਿਮ੍ਰਤੀ ਮੰਦਰ, ਪਹਿਲੇ ਸਤਿਗੁਰੂ ਸਾਹਿਬਾਨ ਦੀਆਂ ਯਾਦਾਂ ਤਾਜ਼ਾ ਕਰਵਾ ਰਹੇ ਹਨ। ਗੁਰਦੁਆਰੇ ਸ੍ਰੀ ਭੈਣੀ ਸਾਹਿਬ ਵਿਚ ਰਿਹਾਇਸ਼ੀ ਕੰਪਲੈਕਸ, ਇਤਿਹਾਸਕ ਡਿਉੜੀਆਂ, ਲੰਗਰ ਅਸਥਾਨ ਆਦਿ ਅਸਥਾਨਾਂ, ਬਿਰਧ ਸ਼ਾਲਾ, ਗਊ ਸ਼ਾਲਾ ਅਤੇ ਹੋਰ ਬਹੁਤ ਕੁਝ ਜੋ ਥੋਹੜੇ ਸਮੇਂ ਵਿਚ ਉਸਰਿਆ ਹੈ ਆਪਣੀ ਗਾਥਾ ਆਪ ਕਹਿ ਰਿਹਾ ਹੈ। ਸਰੋਵਰ ਰਾਮ ਸਰ, ਨਵੀਂ ਤਕਨੀਕ ਨਾਲ ਪਾਣੀ ਹਾਂਡੇ ਤਕ ਉਸਾਰਿਆ ਗਿਆ ਹੈ। ਰੁੱਖ ਬੂਟੇ ਅਤੇ ਫੁੱਲ-ਫੁਲਵਾੜੀਆਂ, ਘਾਹ ਪੱਤੀਆਂ ਤੇ ਅਟਕੇ ਤਰੇਲ ਤੁਪਕੇ ਅਤੇ ਗੁਰੂ ਦੀ ਕੋਠੀ ਦੇ ਵਿਸ਼ਾਲ ਪ੍ਰਾਂਗਣ ਵਿਚ, ਪੈਲਾਂ ਪਾਉਂਦੇ ਮੋਰ, ਬੋਲਦੀਆਂ ਕੋਇਲਾਂ ਅਤੇ ਪੰਛੀਆਂ ਦੀ ਚਹਿਚਿਹਾਟ, ਮਨੁੱਖ ਅਤੇ ਪਰਕਿਰਤੀ ਦੇ ਸਦੀਵੀ ਰਿਸ਼ਤੇ ਦੀ ਨਿਸ਼ਾਨ ਦੇਹੀ ਕਰਦੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ਵਿਚ ਅਤੇ ਸੰਸਕ੍ਰਿਤ ਵਿਦਿਆਪੀਠ ਬਨਾਰਸ ਵਿਚ ਬਣਨ ਵਾਲੀਆਂ 'ਸਤਿਗੁਰੂ ਰਾਮ ਸਿੰਘ ਚੇਅਰਜ਼' ਨੇ ਖੋਜ ਕਾਰਜ ਦੇ ਨਵੇਂ ਦਿਸੱਹਦੇ ਖੋਹਲ ਦਿਤੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਲੈ ਕੇ ਸਤਿਗੁਰੂ ਬਿਲਾਸ- ਭਾਈ ਸੰਤੋਖ ਸਿੰਘ ਬਾਹੋਵਾਲ ਆਦਿ ਦੁਰਲਭ ਪੁਰਾਤਨ ਪੁਸਤਕਾਂ ਨੂੰ ਲਿਖੇ ਜਾਣ ਤੋਂ ਪੂਰਾ ਇਕ ਸਦੀ ਬਾਅਦ ਛਾਪੇ ਦਾ ਜਾਮਾ ਨਸੀਬ ਹੋਇਆ। ਸਰਕਾਰੀ ਦਸਤਾਵੇਜ਼ਾਂ ਦੀ ਛਪਾਈ ਦਾ ਕੰਮ ਵੀ ਚੱਲ ਰਿਹਾ ਹੈ। ਨਵੇਂ, ਪੁਰਾਣੇ ਲੇਖਕਾਂ ਦੀਆਂ ਰਚਨਾਵਾਂ ਫਿਰ ਛਪਾਈਆਂ ਜਾ ਰਹੀਆਂ ਹਨ ਤਾਂ ਜੁ ਨਾਮਧਾਰੀ ਇਤਿਹਾਸ ਸਾਹਿਤ, ਸੱਭਿਆਚਾਰ ਬਾਰੇ ਐਮ. ਫਿਲ, ਪੀ. ਐਚ. ਡੀ. ਸਤਰ ਤਕ ਖੋਜ ਕਰਨ ਵਾਲਿਆਂ ਨੂੰ ਆਧਾਰ ਭੂਤ ਸਮੱਗਰੀ ਮੁਹੱਈਆ ਕਰਵਾਈ ਜਾ ਸੱਕੇ।

ਗੁਰਮਤਿ ਸੰਗੀਤ, ਟਕਸਾਲੀ ਨਾਮਧਾਰੀ ਹੱਲੇ ਦੇ ਦੀਵਨ, ਜਥੇਦਾਰਾਂ ਪਰਚਾਰਕਾਂ ਦੀ ਸਿਖਲਾਈ, ਨੌਜੁਆਨ ਬੀਬੀਆਂ ਬੱਚਿਆਂ ਨੂੰ ਸੰਗਠਿਤ ਕਰਕੇ, ਆਉਣ ਵਾਲੇ ਵਕਤ ਦੇ ਰੂਬਰੂ ਹੋਣ ਦੇ ਸਮਰੱਥ ਬਨਾਉਣਾ, ਇਹ ਸਭ ਕਾਰਜ ਨਾਲੋਂ ਨਾਲ ਚੱਲ ਰਹੇ ਹਨ। ਨਾਮਧਾਰੀ ਸੀਡਜ਼, ਨਾਮਧਾਰੀ ਫਰੈਸ਼ ਅਤੇ ਨਾਮਧਾਰੀ ਹਾਕੀ ਅਲੈਵਨ ਆਪਣੀ ਅੰਤਰਰਾਸ਼ਟਰੀ ਪਹਿਚਾਣ ਬਣਾ ਚੁੱਕੇ ਹਨ। ਖੇਡਾਂ, ਸੰਗੀਤ, ਬਾਗਬਾਨੀ, ਪਸ਼ੂ ਪਾਲਣ, ਖੇਤੀ-ਬਾੜੀ, ਘਰੇਲੂ ਤੋਂ ਇਲਾਵਾ ਵਿਕਸਿਤ ਉਦਯੋਗਾਂ ਵਿਚ ਨਾਮਧਾਰੀਆਂ ਨੂੰ ਬੁਲੰਦੀ ਤੇ ਵੇਖਣਾ, ਸਤਿਗੁਰੂ ਜਗਜੀਤ ਸਿੰਘ ਦੀ ਸੁਪਨਸਾਜ਼ ਸ਼ਖਸ਼ੀਅਤ ਦਾ ਇਕ ਅਨਿੱਖੜਵਾਂ ਅੰਗ ਹੈ। ਇਹਦੇ ਨਾਲ-ਨਾਲ ਆਪਣੀ ਪਰੰਪਰਾ, ਪਹਿਚਾਨ ਕਾਈਮ ਰੱਖਣ ਤੇ ਜ਼ੋਰ ਦਿਤਾ ਜਾਂਦਾ ਹੈ। ਸਤਿਗੁਰੂ ਪਰਤਾਪ ਸਿੰਘ ਅਪੋਲੋ ਹਸਪਤਾਲ ਲੁਧਿਆਣਾ ਉੱਤਰੀ ਭਾਰਤ ਦਾ ਪ੍ਰਮੁੱਖ ਚਕਿਤਸਾ ਕੇਂਦਰ ਬਣ ਕੇ ਉੱਭਰ ਰਿਹਾ ਹੈ ਜਿੱਥੇ ਕਦੇ-ਕਦੇ ਲੋੜਵੰਦਾਂ ਦਾ ਵੀ, ਗੁਰੂ ਕੇ ਖਜ਼ਾਨੇ ਵਿੱਚੋਂ ਇਲਾਜ ਹੋ ਜਾਂਦਾ ਹੈ। ਲੋੜਵੰਦਾਂ ਲਈ, ਉਹ ਨਾਮਧਾਰੀ ਹੋਣ ਜਾਂ ਗੈਰ ਨਾਮਧਾਰੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਸਰਬ ਵਿਆਪਕ ਹੈ। ਉਹ ਕਿੰਨੇ ਲੋੜਵੰਦ ਪੰਜਾਬੀ ਲੇਖਕਾਂ ਦੇ ਅਬੋਲ ਸਹਾਇਕ ਬਣੇ ਹਨ, ਕਿੰਨੇ ਲੇਖਕ ਸੰਮੇਲਨ, ਵੱਡੀਆਂ ਕਾਨਫਰੰਸਾਂ ਉਹਨਾਂ ਦੇ ਸਹਿਯੋਗ ਨਾਲ ਸਿਰੇ ਚੜ੍ਹੀਆਂ ਹਨ, ਐਸੇ ਕਾਰਜ ਕਰਦਿਆਂ, ਉਹ ਸਤਿਗੁਰੂ ਰਾਮ ਸਿੰਘ ਜੀ ਦੇ ਪੰਜਾਬੀ ਬੋਲੀ ਭਾਸ਼ਾ ਲਈ ਕੀਤੇ ਮੁੱਢਲੇ ਯਤਨਾਂ ਦਾ ਹੀ, ਅਗੇਲਰਾ ਵਿਸਥਾਰ ਹਨ। ਆਪਣੀ ਮਰਿਆਦਾ, ਗੁਰ ਸਿੱਖ-ਜੀਵਨ ਜਾਚ ਵਿਚ, ਉਹ ਕਿੰਨੇ ਪਰਪੱਕ ਹਨ, ਇਸ ਦੇ ਸਬੂਤ ਤਾਂ ਜ਼ਿੰਦਗੀ ਮੌਤ ਦਾ ਸੁਆਲ ਬਣੀ, ਬਾਈ ਪਾਸ ਸਰਜਰੀ ਵੇਲੇ, ਰੋਮਾਂ ਦਾ ਅਦਬ ਅਤੇ ਹੋਰ ਕਰੜੀਆਂ ਸ਼ਰਤਾਂ ਦੀ ਪਾਲਣਾ ਵੇਲੇ ਹੀ ਮਿਲ ਗਿਆ ਸੀ। ਇਕ ਵੇਰ ਸ਼ਾਇਦ ਕੁੱਝ ਸਿੰਘਾਂ ਨੇ, ਕਿਸੇ ਵਿਦੇਸ਼ੀ ਦੌਰੇ ਸਮੇਂ ਜਾਂ ਹੋਰ ਕਿਤੇ ਕਿਹਾ ਸੀ ਕਿ ਐਨੀ ਕਰੜਾਈ ਨਾਲ ਜੇ ਆਪਣੇ ਪਾਸ ਕਠਿਨ ਪਰੀਖਿਆ 'ਚੋਂ ਲੰਘਣ ਵਾਲਾ ਕੋਈ ਸਿੰਘ ਨਾ ਮਿਲਿਆ ਤਾਂ ਫਿਰ ? "ਤਾਂ ਫਿਰ ਮੈਂ ਆਪਣਾ ਗੜਵਾ ਆਪ ਚੁੱਕ ਕੇ ਤੁਰ ਪਵਾਂਗਾ।" ਇਹ ਹੈ ਇਰਾਦੇ ਦੀ ਉਹ ਬੁਲੰਦੀ ਜੋ ਅਸੰਭਵ ਨੂੰ ਸੰਭਵ ਬਨਾਉਣਾ ਜਾਣਦੀ ਹੈ।

ਗੁਰਗੱਦੀ ਤੇ ਬਿਰਾਜਮਾਨ ਹੋਣ ਬਾਅਦ ਜਦੋਂ ਵੀ ਇਲਾਕਾ ਜੀਵਨ ਨਗਰ ਦਾ ਦੌਰਾ ਹੁੰਦਾ ਅਕਸਰ ਦਰਸ਼ਨ ਹੁੰਦੇ। ਜਨਵਰੀ ੧੯੬੧ ਈ. ਵਿਚ ਬਾਪੂ ਜੀ ਦੇ ਚਾਚਾ ਜੀ, ਬਾਪੂ ਘਸੀਟਾ ਸਿੰਘ ਝੱਬਰ ਪੂਰੇ ਹੋ ਗਏ। ਸਤਿਗੁਰੂ ਜੀ ਨੇ ਭੋਗ ਤੇ ਦਰਸ਼ਨ ਦਿੱਤੇ। ਮੈਂ ਇਕ ਕਵਿਤਾ ਪਹਿਲੀ ਵੇਰ ਕਿਸੇ ਸਮਾਜਿਕ ਇਕੱਠ ਵਿਚ ਪੜ੍ਹੀ। ਮੈਨੂੰ ਕੋਲ ਸੱਦ ਕੇ ਕਿਹਾ- "ਆਹ ਤੁਕ ਇਸ ਤਰ੍ਹਾਂ ਬਦਲ ਕੇ ਵੇਖ"। ਮੈਂ ਬਦਲ ਕੇ ਜਾ ਵਿਖਾਈ, ਫੁਰਮਾਈਆ ਇਉਂ ਠੀਕ ਲੱਗੇਗੀ। ਇਸ ਤਰ੍ਹਾਂ ਕਵੀ ਪ੍ਰੀਤਮ ਸਿੰਘ ਹੋਰਾਂ ਦੇ ਨਾਲ ਨਾਲ ਹਜ਼ੂਰ ਵੀ ਮੇਰੀ ਕਵਿਤਾ ਲੇਖਣੀ ਦੇ ਪਹਿਲੇ ਪਾਰਖੂ ਹਨ।

ਸਿਰਸੇ ਤੋਂ ਕਰੀਵਾਲੇ ਤੱਕ ੧੯੬੪ ਈ. ਵਿਚ ਸਾਈਕਲਾਂ ਤੇ ਹੀ ਜਾਈਦਾ ਸੀ। ਪਿੰਡ ਦੇ ਦੋ ਤਿੰਨ ਮੁੰਡੇ ਸਿਰਸੇ ਪੜ੍ਹਦੇ ਸਾਂ। ਇਕ ਦਿਨ ਸਾਈਕਲ ਤੇ ਅਸੀਂ ਦੋ ਜਣੇ ਜਾ ਰਹੇ ਸਾਂ ਵਾਪਸ ਪਿੰਡ ਨੂੰ ਸ਼ਨੀਵਾਰ ਹੋਣ ਕਾਰਨ। ਕਿਤੇ ਡੇਢ ਦੋ ਮਹੀਨਿਆਂ ਬਾਅਦ ਜਾਇਆ ਜਾਂਦਾ ਸੀ। ਅਸੀਂ ਦਸ-ਦਸ


Namdhari Elibrary NamdhariElibrary@gmail.com

ਕਿਲੋ ਮੀਟਰ ਪੈਂਡਾ ਵੱਡਿਆ ਸੀ। ਮੈਂ ਪਹਿਲੇ ਦਸਾਂ ਤੋਂ ਬਾਅਦ ਦੂਜੇ ਦਸਾਂ ਵਿਚ, ਸਾਈਕਲ ਚਲਾ ਰਿਹਾ ਸਾਂ। ਇਕ ਅੱਧ ਕਿਲੋਮੀਟਰ ਹੀ ਆਇਆ ਹੋਵਾਂਗਾ। ਚੱਕ ਅਰਾਈਆਂ ਤੋਂ ਓਟੂ ਹੈਡ ਦੇ ਵਿਚਾਲੇ ਜਿਹੇ ਸਾਂ। ਅਚਾਨਕ ਕਾਰ ਰੁਕੀ। ਸਤਿਗੁਰੂ ਜੀ ਸਨ। ਅਸਾਂ ਜੁੱਤੀਆਂ ਲਾਹ ਕੇ ਮੱਥਾ ਟੇਕਿਆ। ਮੇਰੇ ਨਾਲ ਦਾ ਮੈਥੋਂ ਥੋੜਾ ਵੱਡਾ ਸੀ ਉਹਨੂੰ ਕਹਿੰਦੇ "ਸਾਇਕਲ ਚਲਾਉਣ ਨਿੱਕੇ ਮੁੰਡੇ ਨੂੰ ਲਾਇਆ ਈ," ਇਹਨੇ ਚਲਾ ਲਿਆ ਸੀ, ਹੁਣ ਜੀ ਮੇਰੀ ਵਾਰੀ ਸੀ," ਮੈਂ ਕਿਹਾ। "ਅੱਛਾ ਤਾਂ ਤੂੰ ਬਹਿ ਗੱਡੀ ਵਿਚ ਮੇਰੇ ਨਾਲ ਇਹ ਤੈਨੂੰ ਜੀਵਨ ਨਗਰੋਂ ਲੈ ਲਵੇਗਾ।" ਮੈਂ ਜਦੋਂ ਆਪਣੀ ਜੁੱਤੀ ਚੁਕਣ ਪਿੱਛੇ ਮੁੜਿਆ, ਫਿਰ ਮੇਰੇ ਨਾਲ ਦੇ ਨੂੰ ਕਹਿੰਦੇ, "ਲਿਆ ਭੱਜ ਕੇ ਇਹਦੀ ਜੁੱਤੀ।" ਉਸ ਸੱਜਣ ਦੀ ਪਰੇਸ਼ਾਨੀ ਦੋ ਕਾਰਨਾਂ ਕਰਕੇ ਵਧ ਗਈ। ਇੱਕ ਤਾਂ ਉਹਨੂੰ ਇੱਕਲੇ ਨੂੰ ਸਾਈਕਲ ਵੀ ਚਲਾਉਣਾ ਪਿਆ ਤੇ ਦੂਜਾ ਮੇਰੀ ਜੁੱਤੀ ਲਈ ਵਿਘਾ ਕੁ ਪਿਛੇ ਵੀ ਜਾਣਾ ਪਿਆ ਕਿਉਂ ਜੁ ਗੱਡੀ ਸਾਥੋਂ ਅੱਗੇ ਲੰਘ ਕੇ ਰੁਕੀ ਸੀ।

੧੯੬੫ ਦੀਆਂ ਗਰਮੀਆਂ ਵਿਚ ਪਹਿਲਾ ਵਿੱਦਿਅਕ ਸੰਮੇਲਨ, ਸ੍ਰੀ ਭੈਣੀ ਸਾਹਿਬ ਸੀ। ਮੈਂ ਸਕੂਲ ਵਿਚੋਂ ਕਾਲਜ ਇਸੇ ਸਾਲ ਗਿਆ ਸਾਂ। ਭੈਣੀ ਸਾਹਿਬ ਦੇ ਜਿੰਨੇ ਕੁ ਪਰਸੰਗ, ਸਾਖੀਆਂ, ਗੁਰ-ਗਥਾਵਾਂ, ਬਾਪੂ ਜੀ ਤੋਂ ਸੁਣ ਚੁੱਕਾ ਸੀ, ਕੁੱਝ ਸਤਿਜੁਗ ਦੇ ਪਰਾਣੇ ਬਸੰਤ-ਅੰਕਾਂ ਵਿੱਚੋਂ ਪੜ੍ਹ ਚੁੱਕਾ, ਸਾਂ, ਭੈਣੀ ਸਾਹਿਬ ਮੈਨੂੰ ਕਿਸੇ ਤਲਿਸਮੀ ਨਗਰ ਤੋਂ ਘੱਟ ਨਹੀਂ ਸੀ ਲੱਗਦਾ। ਪਿਛਲੇ ਦਸਾਂ ਸਾਲਾਂ ਵਿਚ ਸ਼ਾਇਦ ੧੯੬੨ ਜਾਂ ੬੩ ਈ. ਦੀਆਂ ਗਰਮੀਆਂ ਵਿਚ ਜਵੰਦ ਸਿੰਘ ਕਾਲੇਕੇ ਦੇ ਘਰ ਕਿਸੇ ਸ਼ਾਦੀ ਵਿਚ ਇਕ ਦੋ ਦਿਨਾਂ ਲਈ ਭੈਣੀ ਸਾਹਿਬ ਗਿਆ ਸਾਂ ਪਰ ਹੁਣ ਤਾਂ ਪੂਰੇ ੮-੧੦ ਦਿਨ ਇੱਥੇ ਰਹਿਣਾ ਸੀ ਅਤੇ ਸੁਬ੍ਹਾ ਸ਼ਾਮ ਦੀਵਾਨਾਂ ਵਿਚ ਸਤਿਗੁਰੂ ਜੀ ਦੇ ਦਰਸ਼ਨ ਵੀ ਹੋਏ ਸਨ। ਹੋਇਆ ਤੇ ਹੋਰ ਵੀ ਬਹੁਤ ਕੁੱਝ। ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੋਏ ਤੇ ਉਹਨਾਂ ਨੂੰ ਬੋਲਦਿਆਂ ਸੁਣਨ ਦਾ ਸੁਅਵਸਰ ਵੀ ਮਿਲਿਆ ਤੇ ਅਸੀਂ ਵੀ ਸੰਗਤ ਵਿਚ ਬੋਲਣ ਦੇ ਸੁਅਵਸਰ ਦਾ ਤਕਰੀਬਨ ਰੋਜ਼ ਲਾਭ ਉਠਾਉਂਦੇ ਰਹੇ। ਬਹੁਤ ਸਾਰੇ ਹੋਰ ਸੱਜਣਾਂ ਦੇ ਸੰਗ, ਰਾਤ ਟਿਬਿਆਂ ਤੇ ਸਵਾਂ ਲੈ ਜਾਂਦੇ, ਸਵੇਰੇ ਸਵਖਤੇ ਇਸ਼ਨਾਨ ਤੋਂ ਬਚਣ ਲਈ। ਬੜੇ ਵਿਨੋਦੀ ਢੰਗ ਨਾਲ ਸਤਿਗੁਰੂ ਜੀ ਨੇ ਸੰਮੇਲਨ ਵਿਚ ਫੁਰਮਾਇਆ—"ਕੁੱਝ ਸਾਡੇ ਬੱਚੇ ਸੂਰਜ-ਮੁਖੇ ਹਨ। ਉਹ ਸੂਰਜ ਦਾ ਮੁੱਖ ਵੇਖਣ ਬਾਅਦ ਹੀ ਉੱਠਦੇ ਹਨ।" ਫਿਰ ਅਸੀਂ ਵੀ ਸਵਾਂ ਟਿੱਬਿਆਂ ਤੇ ਨਾ ਲੈ ਕੇ ਗਏ। ਲਗਾਤਾਰ ਚਾਰ ਪੰਜ ਵਿਦਿਅਕ ਸੰਮੇਲਨਾਂ ਵਿਚ ਹਾਜ਼ਰੀ ਭਰੀ। ਇਕ ਮੰਡੀ (ਹਿਮਾਚਲ) ਵਿਚ ਸੀ। ਇਕ ਜੀਵਨ ਨਗਰ ਸੀ। ਤਿੰਨ ਭੈਣੀ ਸਾਹਿਬ ਵੇਖੇ। ਸੁਣਨ ਸਮਝਣ, ਪਠਨ-ਪਾਠਨ ਦੀ ਚੇਟਕ ਪਰਪੱਕ ਹੋਈ।

ਸਮਾਂ ਆਪਣੀ ਤੋਰ ਤੁਰਦਾ ਗਿਆ। ਮੈਂ ਪੰਜਾਬ ਯੂਨੀਵਰਸਟੀ ਦੇ ਕਾਨੂੰਨ ਵਿਭਾਗ ਵਿਚ ਦਾਖਲ ਹੋਇਆ ੧੯੭੦ ਈ. ਵਿਚ। ਤਿੰਨ ਸਾਲ ਇੱਥੇ ਹੀ ਰਿਹਾ। ਭਾਰਤੀ ਕਮਿਊਨਿਸਟ ਪਾਰਟੀ ਨਾਲ ਨੇੜ ਤਾਂ, ਪ੍ਰੋ. ਹਰਦਿਆਲ ਸਿੰਘ ਦੀ ਸੰਗਤ ਕਾਰਨ, ਕਾਲਜ ਸਮੇਂ ਹੀ ਹੋ ਗਿਆ। ਕੁੱਝ ਇਹ ਵੀ ਮਾਲੂਮ ਹੁੰਦਾ ਸੀ ਕਿ ਸਮਤਾਵਾਦੀ ਨਜ਼ਾਮ ਸਿਰਜਣ ਦੀ, ਟੋਏ ਟਿੱਬੇ ਬਰਾਬਰ ਕਰਨ ਦੀ, ਰਾਜੇ-ਜਗੀਰਦਾਰਾਂ ਦੀਆਂ ਜੜਾਂ ਪੁੱਟਣ ਅਤੇ ਬਰਤਾਨਵੀ ਸਾਮਰਾਜ ਦਾ ਗਲਬਾ ਸਮਾਪਤ ਕਰਨ ਦੀ ਸਤਿਗੁਰੂ ਰਾਮ ਸਿੰਘ ਜੀ ਸਿੱਖਿਆ, ਸਮਾਜਵਾਦੀ ਢਾਂਚੇ ਵਿਚ ਹੀ ਫਲੀ ਭੂਤ ਹੋ ਸੱਕਦੀ ਸੀ। ੧੯੭੨ ਈ. ਵਿਚ ਕਾ. ਜਸਵੰਤ ਸਿੰਘ ਜੋਸ਼ ਹੋਰਾਂ ਦੁਆਰਾ ਐਲਨਾਬਾਦ (ਹਰਿਆਣਾ) ਤੋਂ ਸੀ. ਪੀ. ਆਈ. ਦੇ ਨਿਸ਼ਾਨ ਦਾਤਰੀ ਸਿੱਟੇ ਤੇ ਚੋਣ ਲੜਨ ਸਮੇਂ, ਮੈਂ ਵੀ ਇਸ ਮੁਹਿਮ ਵਿਚ ਸਰਗਰਮੀ ਨਾਲ ਕੁੱਦ ਪਿਆ। ਫਿਰ ਕਾਫੀ ਸਮਾਂ ਸਤਿਗੁਰੂ ਜੀ ਦੇ ਦਰਸ਼ਨ ਦੂਰੋਂ-ਦੂਰੋਂ ਹੁੰਦੇ ਰਹੇ।

ਬਾਪੂ ਜੀ ਦੇ ਹੁੰਦਿਆਂ ਜਦੋਂ ਕਦੇ ਉਹਨਾਂ ਦੀ ਖਬਰ ਲੈਣ ਸਤਿਗੁਰੂ ਜੀ ਸਾਡੇ ਘਰ ਆਉਂਦੇ ਤਾਂ ਦਰਸ਼ਨ ਹੋ ਜਾਂਦੇ। ਇਸੇ ਤਰ੍ਹਾਂ ਉਹਨਾਂ ਤੋਂ ਬਾਅਦ ਮਾਤਾ ਦੇ ਗੁਜ਼ਰਨ ਤਕ ਵੀ, ਉਸਦੇ ਬਹਾਨੇ, ਕਦੇ ਕਦਾਈਂ ਦਰਸ਼ਨ ਹੋ ਜਾਂਦੇ। ੪ ਅਗਸਤ ੧੯੮੩ ਈ. ਵਿਚ ਬਾਪੂ ਜੀ ਪਿੰਡ ਕਰੀਵਾਲੇ ਹੀ ਪੂਰੇ ਹੋ ਗਏ। ਸਤਿਗੁਰੂ ਜੀ ਤੀਜੇ ਚੌਥੇ ਦਿਨ ਆਏ। ਦਸ ਪੰਦਰਾਂ ਮਿੰਟ ਬਾਪੂ ਜੀ ਬਾਰੇ ਬਚਨ ਬਿਲਾਸ ਕਰਕੇ ਕਹਿੰਦੇ ਕਿ ਉਹਨਾਂ ਬਾਰੇ ਇਕ ਲੇਖ ਲਿਖ ਦਿਆਂ। ਫਿਰ ਕਹਿੰਦੇ ਕਿ ਹਿੰਦੀ ਲਿਖ ਲੈਂਦਾ ਹੈਂ ? ਮੇਰੇ ਹਾਂ ਕਹਿਣ ਤੇ ਫੁਰਮਾਇਆ ਕਿ ਜਥੇਦਾਰ ਜੀ ਬਾਰੇ ਹਿੰਦੀ ਵਿਚ ਇਕ ਲੇਖ ਲਿਖ ਕੇ ਮੰਡੀ (ਹਿਮਾਚਲ ਪ੍ਰਦੇਸ਼) ਵਿਚ "ਯੁੱਗ-ਮਰਿਆਦਾ" ਨੂੰ ਭੇਜ ਦੇਵੀਂ। ਪੰਜਾਬੀ ਵਿਚ ਬਾਪੂ ਜੀ ਬਾਰੇ ਲੇਖ ਲਿਖਣ ਦਾ ਹੁਕਮ ਤਾਂ ਕਈ ਸਾਲ ਬਾਦ ਜਗਦੀਸ਼ ਸਿੰਘ 'ਵਰਿਆਮ' ਹੋਰਾਂ ਦੇ ਉਦਮ ਨਾਲ, ਪੂਰਾ ਹੋਇਆ ਤੇ 'ਵਰਿਆਮ' ਵਿਚ ਛਪ ਗਿਆ। ਹਿੰਦੀ ਵਾਲੇ ਹੁਕਮ ਦੀ ਮੇਰੇ ਵੱਲੋਂ ਤਾਮੀਲ ਨਹੀਂ ਸੀ ਹੋ ਸਕੀ। "ਯੁੱਗ-ਮਰਿਆਦਾ' ਦੇ ਨਰਿੰਦਰ ਸਿੰਘ ਹੋਰਾਂ ਦੀ ਸੰਪਾਦਕੀ ਵਾਲੇ ਆਖਰੀ ਪਰਚੇ ਵਿਚ ਵਡਮੁੱਲੀ ਇਤਿਹਾਸਕ ਸਮੱਗਰੀ ਛਪਣ ਤੇ ਮੈਂ ਉਹਨਾਂ ਨਾਲ ਫੋਨ ਤੇ ਕੁਝ ਮਹੀਨੇ ਪਹਿਲਾਂ ਲੰਮੀ ਗੱਲ ਬਾਤ ਕੀਤੀ ਅਤੇ ਸੋਚਿਆ ਕਿ ਬਾਪੂ ਜੀ ਦੀ



Namdhari Elibrary NamdhariElibrary@gmail.com

ਸਤਾਈਵੀਂ ਬਰਸੀ ਤੇ ਹੀ "ਯੁੱਗ-ਮਰਿਆਦਾ" ਨੂੰ ਲੇਖ ਉਹਨਾਂ ਬਾਰੇ ਭੇਜਿਆ ਜਾਵੇ। ਪਰ ਨਰਿਦਰ ਸਿੰਘ ਹੋਰਾਂ ਦੇ ਦੁਖਦਾਈ ਵਿਛੋੜੇ ਨਾਲ ਇਹ ਗੱਲ ਬਣ ਨਾ ਸੱਕੀ। ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਇਸ ਤਰ੍ਹਾਂ ਦੇ ਕਿੰਨੇ ਪਿਆਰਿਆਂ ਤੋਂ, ਪੰਥਕ ਸੇਵਾ ਲੈ ਲੈਂਦੇ ਹਨ, ਇਹ ਉਹਨਾਂ ਦਾ ਆਪਣਾ ਹੀ ਨਿਰਾਲਾ ਢੰਗ ਹੁੰਦਾ ਹੈ।

੨੪ ਜੂਨ, ੧੯੯੩ ਵਿਚ ਮਲੇਕੋਟਲੇ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਿਆ ਗਿਆ। ਪਾਰਟੀ ਲਾਈਨਾਂ ਤੋਂ ਉੱਪਰ ਉਠ ਕੇ ਇਲਾਕਾ ਸ੍ਰੀ ਜੀਵਨ ਨਗਰ ਤੋਂ ਵਿਸ਼ਾਲ ਨਾਮਧਾਰੀ ਸੰਗਤ ਸਮਾਗਮ ਵਿਚ ਪੁੱਜੀ। ਪ੍ਰਵਚਨ ਕਰਦਿਆਂ ਸਤਿਗੁਰੂ ਜੀ ਨੇ ਮੁੱਖ-ਮੰਤਰੀ ਪੰਜਾਬ, ਸ੍ਰ. ਬੇਅੰਤ ਸਿੰਘ ਨੂੰ ਸੰਬੋਧਿਤ ਹੁੰਦਿਆਂ ਬਚਨ ਕੀਤਾ। "ਅਸੀਂ ਜ਼ਿਆਦਾ ਤਰ ਕਾਂਗਰਸੀ ਹਾਂ। ਕੁੱਝ ਸਾਡੇ ਸਿੰਘ ਚੌਧਰੀ ਦੇਵੀ ਨਾਲ ਦੀ ਪਾਰਟੀ ਲੋਕਦਲ ਵਿਚ ਵੀ ਹਨ। ਸਾਡੇ ਕੁਝ ਮੁੰਡੇ ਕਾਮਰੇਡ ਵੀ ਹਨ। ਪ੍ਰੰਤੂ ਇੱਥੇ ਇਹ ਸਾਰੇ ਆਏ ਹਨ, ਕਿਉਂ ਜੁ ਸ਼ਹੀਦ ਸਾਡੇ ਸਾਰਿਆਂ ਦੇ ਸਾਂਝੇ ਹਨ।" ਮੇਲਜੋਲ ਦੀਆਂ ਸਾਂਝੀਆਂ ਤੰਦਾਂ ਲੱਭਣੀਆਂ ਸਤਿਗੁਰੂ ਜੀ ਦਾ ਹੁਨਰ ਹੈ।

ਦਰਸ਼ਨ ਮੇਲਾ ਕਦੇ ਕਦਾਈਂ ਹੋ ਜਾਂਦਾ। ਇਕ ਬੀਬੀ ਦੇ ਭੋਗ ਤੇ ਸੰਤ ਨਗਰ, ਮੈਂ ਤੇ ਕਾਮਰੇਡ. ਜੋਸ਼ ਕੰਧ ਨਾਲ ਲੱਗ ਕੇ ਬੈਠੇ ਸਾਂ। ਸੇਵਕ ਰਛਪਾਲ ਸਿੰਘ ਨੂੰ ਭੇਜ ਕੇ ਸੱਦ ਲਿਆ। ਫੁਰਮਾਇਆ "ਕਿੰਨਾ ਕੁ ਚਿਰ ਲੁਕੋਗੇ। ਆਪਣੇ ਬੱਚੇ ਪਿੱਛੋਂ ਵੀ ਜੱਫੀ ਪਾਉਣ ਤਾਂ ਹਿੱਕ ਠਰ ਜਾਂਦੀ ਹੈ।" ਮੈਂ ਕਿਹਾ, ਜੋਸ਼ ਜੀ ਹੁਣ ਸਨਮੁੱਖ ਹੋਣਾ ਪਵੇਗਾ।" ਉਹਨਾਂ ਵੀ ਹੁੰਗਾਰਾ ਭਰਿਆ।

ਫਿਰ ਇਕ ਵੇਰ, ਵਹਿਮੀ ਜੀ ਦਾ ਸਮਾਗਮ ਸਿਰਸੇ ਸੀ। ਕ੍ਰਿਪਾ ਦ੍ਰਿਸ਼ਟੀ ਕਰਕੇ ਕਹਿਣ ਲਗੇ "ਰਹੁ ਭਾਵੇਂ ਕਮਿਊਸਟ! ਸਾਡੇ ਓ! ਮਿਲਦੇ ਗਿਲਦੇ ਰਿਹਾ ਕਰੋ"!!! ਸੋ ਇਸ ਤਰ੍ਹਾਂ ਦਿਸੰਬਰ, ੧੯੯੬ ਈ. ਤੋਂ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਦੀਦਾਰਿਆਂ ਦਾ ਸੁਭਾਗ ਹਾਸਲ ਹੁੰਦਾ ਰਹਿੰਦਾ ਹੈ। ਇਹ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ, ਜੋ ਆਪਣਿਆਂ ਦਾ ਲੰਮਾ ਪਿੱਛਾ ਕਰ ਸੱਕਦੇ ਹਨ। ਆਪਣਿਆਂ ਨੂੰ ਉਹਨਾਂ ਦੇ ਵਿਸ਼ਵਾਸਾਂ ਸਮੇਤ ਪਰਵਾਨ ਕਰ ਸਕਦੇ ਹਨ।

ਇਕੋ ਸਮੇਂ ਆਉਣ ਵਾਲੀਆਂ, ਦੋਹਾਂ ਅਰਧ ਸ਼ਤਾਬਦੀਆਂ ਨੂੰ, ਯਾਦਾਂ ਦੇ ਝਰੋਖੇ 'ਚੋਂ ਤਿਲ ਫੁੱਲ ਭੇਟ ਹੈ।

*—ਚਰੀਵਾਲਾ (ਸਿਰਸਾ)*
੦੧੬੯੮-੨੭੪੫੬੨
੮-੮-੨੦੦੯

## ਸ਼ਮਸ਼ੀਰ/ *—ਦਲਬੀਰ ਸਿੰਘ 'ਤਰਸ'*

(੧)

ਤੇਰੀ ਸੰਗਤ ਦੇ ਵਿਚ ਜੁੜਿਆਂ, ਜੋ ਸਾਧੂ੧ ਉੱਠ ਉਦਮ ਲਾਗੇ।
ਕੂੜ ਕਮਾਈ ਉਸ ਦੇ ਰਾਹਿਓਂ, ਸੈ ਸੈ ਕੋਹਾਂ ਦੂਰ ਹੋਏ ਭਾਗੇ।
ਇਸ ਮਾਇਆ ਦੇ ਅੰਧ ਅੰਧੇਰੇ, ਸੰਗ ਸਫਲਤਾ ਸਰ ਕਰ ਲੈਂਦੇ;
ਕਾਲੀ ਰਾਤ ਅਮਾਵਸ ਵਰਗੀ, ਸੁੱਤੇ ਭੀ ਸਦ ਰਹਿਣ ਸੁਜਾਗੇ।

ਇਹ ਤੇਰੀ ਹੀ ਸੰਗਤ ਸਦਕਾ, ਪੰਛੀ ਗਾ ਰਿਹਾ ਮਿੱਠੜੀ ਬਾਣੀ।
ਝਰਨੇ ਵਿਚ ਸੰਗੀਤ ਝਰ ਪਵੇ, ਜਾਂ ਮਿਲ ਪਾਈਏ ਧੁੰਨ ਪਛਾਣੀ।
ਇਹ ਕੁਲੁ ਕ੍ਰਿਸ਼ਮਾਂ ਸਾਰਾ ਬ੍ਰਿਮੰਡ, ਸਰਬ ਰੂਪ ਤੇਰਾ ਚੋਜੀ ਪ੍ਰੀਤਮ;
ਨਾਟਕ ਤੇਰਾ ਇਹ ਸਾਰੇ ਪਾਤਰ, ਆਪੂੰ ਹੀ ਤੈਂਡੀ ਕਰੀ ਕਹਾਣੀ।

ਸੰਸਾਰ ਇਹ ਇਕ ਸਿੱਖਿਆ ਕੇਂਦਰ, ਕਿਰਪਾ ਪਾਤਰ ਲਾਭ ਉਠਾਂਦੇ।
ਆਪੇ ਸਤਿਗੁਰ ਦੇ ਲੜ ਪ੍ਰਭ ਜੀ ਲਾਣੇ, ਸਦ ਸਦ ਸੁੱਚੀ ਕਾਰ ਕਮਾਂਦੇ।
ਗੁਰਮੁੱਖ ਸਫਲ ਹੋਏ ਘਰ ਮੁੜ ਪਰਤਣ, ਮਨਮੁੱਖ ਗੇੜੀਂ ਫਿਰਨ ਭਵੰਦੇ;
ਪ੍ਰਭ ਮਹਿਮਾਂ ਵਿਚ ਰਚ ਗਏ ਜਿਹੜੇ, ਈਹਾਂ ਊਹਾਂ ਸੁੱਖ ਜੀਣ ਹੰਢਾਏ।

ਮਾਇਆ ਜਾਲ ਤੂੰ ਤਣਿਆਂ ਆਪੇ, ਮਨਮੁੱਖ ਸਾਰੇ ਵਿਚ ਉਲਝਾਏ।
ਕਰਮ ਕੀਏ ਸਭ ਆਵਣ ਅੱਗੇ, ਨਾ ਕੋ ਬਚ ਸਕਿਆ ਮੂਲ ਚੁਕਾਏ।
ਭਾਗ ਸ਼ੀਲ ਉਹ ਮਾਨਵ ਕਹੀਏ, ਸਤਿਗੁਰ ਦੇ ਲੜ ਲਾ ਦਏ ਜਿਹੜੇ;
ਜਨਮ ਮਰਨ ਦੇ ਚੱਕਰ ਕਾਟੇ, ਆਪਨੜੇ, ਜੋਤੀਏਂ ਸੱਭਿ ਜੀਵ ਮਲਾਏ।
ਧੰਨ ਤੇਰੀ ਹੀ ਬਖਸ਼ਿਸ਼ ਸਦਕਾ, ਨੇਤਰ ਇਹ ਮਿਲਣ ਅਮੀਰ੨।
ਜਿਨ੍ਹਾਂ ਸਜਾਈ, ਸੋ ਸੁੱਖ ਪਾ ਗਏ, ਇਹ ਰਾਮ ਹਰੀ ਸ਼ਮਸ਼ੀਰ।

੧. ਸਾਧੂ-ਗੁਰਮੁੱਖ; ੨. ਅਮੀਰ ਨੇਤਰ-ਆਤਮਿਕ ਨੈਣ।

(੨)

ਸਤਿਗੁਰ ਵੰਡੇ ਬੀਜ ਅਲੌਕਿਕ, ਪਾ ਇਸ ਦਿਹ ਵਿਚ ਬੋਈਏ।
ਸਾਰੀ ਸੁਰਤ ਬਣਾ ਕੇ ਰੰਗਾ, ਮਨ ਦੀ ਮਾਟੀ ਵਿਚ ਸਮੋਈਏ।
ਓਸ ਰੁੱਤ ਦਾ ਹੋਏ ਸੁਆਗਤ, ਜਾਗ ਉੱਠੇ ਜਾਂ ਸਹਿਜ ਸੁਭਾਓ;
ਅੰਮ੍ਰਿਤ ਰਸ ਦਾ ਪੀ ਪੀ ਬਾਟਾ, ਆਪਾ ਸਾਰਾ ਅੰਮ੍ਰਿਤ ਹੋਈਏ।
ਓਸ ਬੀਜ ਜਦੋਂ ਬੂਟਾ ਹਰਿਆ, ਮਹਿਕਾਂ ਮਾਰੇ ਅੰਦਰ ਬਾਹਰ।
ਇਹੁ ਇਸ਼ਕ ਅੱਲਾਹੀ ਬਣਦਾ, ਕਾਰ ਅਸਾਡੀ ਉਸ ਦਾ ਆਹਰ।
ਸੰਗ ਓਸ ਦਾ ਵਿਚਰਨ ਸਾਡਾ, ਪਿਨ ਭਰ ਵਿਛੜਨ ਜਾਣਾ ਨਾ,
ਸਜਿਆ ਰਹੇ ਸਦਾ ਆਤਮੁ੧ ਜਿਹਬਾ, ਹੁੰਦੀ ਜਾਵੇ ਉਸ ਦੀ ਕਾਰ।

ਰਾਤ ਦਿਹੁੰ ਦੇ ਵਰਕਿਆਂ ਉੱਤੇ, ਲਿਖ ਰਿਹਾਂ ਏਸ ਕਹਾਣੀ ਨੂੰ।
ਕਿਧਰੇ ਸਾਨੂੰ ਵਿਹਲ ਨਾ ਮਿਲਦੀ, ਕਹੀ ਜਾਵਾਂ ਰੁੱਤ ਮਾਣੀ ਨੂੰ।
ਨਾ ਇਸ ਤੋਂ ਕੋਈ ਸ਼ਬਦ ਚੰਗੇਰਾ, ਘੁਲਿਆ ਜਿਸ ਵਿਚ ਹੋਵੇ ਆਪ;
ਸੋਚਾਂ ਸਾਰੀਆਂ ਵਿਚ ਸਮੋ ਲੈਣ, ਇਕ ਨੂਹੀ ਸੁਰ ਪਹਿਚਾਣੀ ਨੂੰ।

ਉਗਵਿਆ ਫਲਿਆ ਬੀਜ ਇਹ ਜਿਸ ਘਰ, ਸਦਾ ਸਜੀਵਾ ਬਾਗ ਰਹੇ।
ਨਾਚਣ ਭੰਵਰੇ ਕੂਕਣ ਕੋਇਲਾਂ, ਅੰਬਰ ਤੱਕ ਇਹ ਉਡਦਾ ਰਾਗ ਰਹੇ।
ਸੁੱਖ ਸਾਗਰ ਦੀ ਸਾਰਾ ਬ੍ਰਹਿਮੰਡ, ਸਦ, ਸਦਾ ਸਦੀਵੀ ਕਾਮ੨ ਕਰੇ;
ਨਾ ਸੋਈ ਦੀਸੇ ਕੋ ਕੂੜ ਅਮਾਵਸ, ਇਕ ਸੱਚ ਦਾ ਚੰਦਰਮ ਜਾਗ ਰਹੇ।
ਤੁਰੇ ਜਾਵੀਏ ਪਿੱਛੇ ਪਿੱਛੇ, ਦਾਤਾ ਖਿੱਚੇ ਆਪ ਲਕੀਰ।
ਤਨ ਮਨ ਦੋਵੇਂ ਚਮਕਣ ਲਾਏ, ਰਾਮ ਹਰੀ ਸ਼ਮਸ਼ੀਰ।

੧. ਆਤਮੁ-ਆਤਮਾਂ ਦੀ; ੨. ਕਾਮ-ਕਾਮਨਾ, ਇੱਛਾ।


Namdhari Elibrary NamdhariElibrary@gmail.com



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਸੁਰਿੰਦਰ ਸਿੰਘ ਮੁੰਬਈ

## Surinder Singh
## Golden Music Group

Rhythm Instrumentalist
& Organiser
(Variety Musical Entertainment Programmes)

**ASHISH HOUSING SOCIETY CO-OPERATIVE LTD.**
21/28 Manish Nagar, Four Bunglows,
Andheri (West) Mumbai- 400 053 Maharashtra (India)
Cell: 093239-83968, 98922-72650



Namdhari Elibrary NamdhariElibrary@gmail.com



ਮਾਡਰਨ ਗਨ ਵਰਕਸ ਜੰਮੂ ਦੇ ਸੰਸਥਾਪਕ ਸਵ. ਸੰਤ ਕੁਲਦੀਪ ਸਿੰਘ ਜੀ ਸਤਿਗੁਰੂ ਜੀ ਦਾ ਸੁਆਗਤ ਕਰਦੇ ਹੋਏ। ਨਾਲ ਹਨ ਸੰਤ ਕਰਤਾਰ ਸਿੰਘ, ਅਮਰੀਕ ਸਿੰਘ ਤੇ ਹੋਰ ਸੰਗਤਾਂ


**ਵਧਾਈਆਂ !** **ਵਧਾਈਆਂ !** **ਵਧਾਈਆਂ !**

**ਸਤਿਗੁਰੂ ਜੀ ਦੀ ਛਤਰ ਛਾਇਆ ਦੇ ਪੰਜਾਹ ਸਾਲ**
**ਨਾਮਧਾਰੀ ਸਮਾਜ ਦੇ ਚਹੁੰ ਕੁੰਟੀ ਵਿਕਾਸ ਦੇ ਸਾਲ**

**Reputed Manufacturers of :**

**Superior Quality**

**SINGLE BARREL & DOUBLE BARREL GUNS**

**B.L.–12 Bore**

# MODERN GUN WORKS

**OPP. : INDUSTRIAL ESATE, JAMMU CANNT**





Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ
ਹੋਣ ਤੇ ਕੋਟਿ ਕੋਟਿ ਪ੍ਰਣਾਮ





**ਦਲਜੀਤ ਸਿੰਘ ਕਲਸੀ ਪਰਿਵਾਰ ਮੋਸ਼ੀ ਤਨਜ਼ਾਨੀਆ**


Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

### ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ **ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

**10240/54, Library Road, Azad Market, Delhi-110006**

*S. Charanjit Singh 9810556398*

*S. Satvinder Singh 9811095210*




Namdhari Elibrary NamdhariElibrary@gmail.com

# ਚੋਣਵੇਂ ਪੰਜਾਬੀ ਸ਼ਿਅਰ



*ਕੁਲਵਿੰਦਰ ਕੁੱਲਾ*

* ਅਸੀਂ ਤਾਂ ਤਿਣਕਿਆਂ ਨੂੰ ਫਿਰ ਉਹੀ ਤਰਤੀਬ ਦੇ ਦੇਣੀ,
ਤੁਹਾਡਾ ਸ਼ੌਕ ਭਾਵੇਂ ਆਲ੍ਹਣੇ ਬਰਬਾਦ ਕਰਨਾ ਹੈ।

* ਉਨ੍ਹਾਂ ਮਜਲੂਮਾਂ ਵਿਚ ਮੇਰੀ ਕਲਮ ਨੇ ਅਣਖ ਭਰਨੀ ਹੈ,
ਜਿਨ੍ਹਾਂ ਦਾ ਸਦੀਆਂ ਤੋਂ ਚਿੰਤਨ ਫ਼ਕਤ ਫਰਿਆਦ ਕਰਨਾ ਹੈ।

* ਵਿਖਾ ਛਾਲੇ ਤੇ ਅੱਟਣ ਮਾਣ ਦੇ ਵਿਚ ਬੋਲਿਆ ਕਾਮਾ,
ਹਰ ਇਕ ਨੂੰ ਇਸ ਤਰ੍ਹਾਂ ਦੇ ਕੀਮਤੀ ਜ਼ੇਵਰ ਨਹੀਂ ਮਿਲਦੇ।

* ਹਰ ਵਾਸੀ ਨੂੰ ਰੋਟੀ ਦੇ ਦੇ ਦੇਸ਼ ਮੇਰੇ,
'ਜਨ ਗਨ ਮਨ' ਗਾ ਹੁੰਦਾ ਨਾ ਢਿੱਡ ਖਾਲੀ ਤੋਂ।

*ਜੀ. ਡੀ. ਚੌਧਰੀ (ਡਾ.) ਸਿਰਸਾ*

* ਤੁਸੀਂ ਸਮੁੰਦਰ ਹੋ ਪੀ ਸਕਦੇ ਤੁਸੀਂ ਹਿਮਾਲਿਆ ਹੋ ਖਾ ਸਕਦੇ।
ਪਰ ਸ਼ੈਤਾਨ ਦਾ ਪੱਲਾ ਫੜਕੇ ਜੰਨਤ ਵਿਚ ਨਹੀਂ ਜਾ ਸਕਦੇ।

* ਕੀ ਹੋਇਆ ਜੇ ਆਲ੍ਹਣੇ ਤੇ ਪੈ ਗਈ ਮੌਸਮ ਦੀ ਮਾਰ।
ਹੈ ਭਰੋਸਾ ਏਤਨਾ ਇਕ ਹੋਰ ਕਰ ਲਾਂਗੇ ਤਿਆਰ।

* ਜ਼ਿੰਦਗੀ ਤਾਂ ਗ਼ਜ਼ਲ ਦੇ ਸ਼ੇਅਰਾਂ ਜਿਹੀ ਹੈ ਦੋਸਤਾ,
ਬਸ ਤਵਾਜ਼ਨ ਵਿਗੜਿਆ ਤੇ ਬੇਰਸੀ ਜਿਹੀ ਹੋ ਗਈ।

* ਜ਼ਿੰਦਗੀ ਤਾਂ ਮਹਿਕ ਦਾ ਹੀ ਦੂਜਾ ਨਾਂ ਹੈ ਦੋਸਤਾ,
ਹੈਨ ਉਹ ਸਾਹ ਸੋਗੀ ਜਿਨ੍ਹਾਂ ਵਿਚ ਖ਼ੁਸ਼ਬੋਈ ਨਹੀਂ।

*ਦਰਸ਼ਨ ਸਿੰਘ (ਡਾ.) ਸਿਰਸਾ*

* ਆਖੋ ਉਸਨੂੰ ਤੀਲੇ ਨਾ ਉੱਡਣ ਦੇਵੇ,
ਆਸ ਦਾ ਢਾਰਾ ਹੈ ਜਿਸਦਾ ਢਹਿ ਗਿਆ।

* ਚੜ੍ਹਦੇ ਸੂਰਜ ਦੀ ਲਾਲੀ ਵਿਚ ਜਾਪਿਆ,
ਲੱਗ ਪਈ ਧਰਤੀ ਜਿਵੇਂ ਮੁਸਕਾਉਣ ਹੈ।

* ਧੁੱਪ ਵਿਚ ਲਿੱਬੜੀ ਹੋਈ ਪੁੱਟ ਸੜਕ,
ਕੰਡ ਪਿੱਛੇ ਚੁੱਕ ਕੇ ਬੱਚਾ ਨਿਆਣਾ।

* ਹਰ ਬੰਦੇ ਦੀ ਜੇਬ 'ਚ ਮਾਚਿਸ,
ਰੂੰਅ ਦੀ ਢੇਰੀ ਢਕ ਲੈ ਭਾਈ।

* ਮੌਤ ਦੇ ਵਣਜਾਰਿਆਂ ਨੂੰ ਆਖੋ ਏਥੋਂ ਜਾਣ ਨੱਠ,
ਜਾਗਦੇ ਪਏ ਨੇ ਏਥੇ ਜ਼ਿੰਦਗੀ ਦੇ ਪਹਿਰੇਦਾਰ।

*ਰਸੇਮ ਸਿੰਘ ਸਫ਼ਰੀ*

ਕੋਲ਼ੋ-ਕੋਲ਼ੀ ਰਹਿ ਕੇ ਮਿਲ ਸਕਦੇ ਨਹੀਂ,
ਕਿੰਨੀ ਮਜਬੂਰੀ ਹੈ ਫੁੱਲ ਤੇ ਖਾਰ ਦੀ।
ਨਾ ਇਹ ਸ਼ੀਸ਼ਾ, ਨਾ ਇਹ ਪੱਥਰ, ਨਾ ਇਹ ਫੁੱਲ,
ਕੀ ਖਬਰ ਮੈਂ ਆਪਣੇ ਦਿਲ ਦੀ ਲਵਾਂ।

* ਪਾ ਲੈਂਦੇ ਨੇ ਮੰਜ਼ਿਲ ਇਕ ਦਿਨ ਉਹ ਰਾਹੀ,
ਇਕ ਚਿੱਤ ਹੋ ਕੇ ਮੰਜ਼ਿਲ ਵਲ ਜੋ ਚਲਦੇ ਨੇ।

* ਆਪੇ ਇਖਲਾਕ ਤੋਂ ਗਿਰਿਆ ਹੈ ਏਨਾ ਆਦਮੀ,
ਏਸ ਦਾ ਮੁੜ ਜੰਗਲਾਂ ਵਿਚ ਵਾਸ ਹੋਣਾ ਚਾਹੀਦੇ।

*ਮਨੋਹਰ ਸਿੰਘ ਸਾਦਿਕ*

* ਖੇਤ ਵੀ ਜਦ ਨਾ ਰਹੇ ਆਖਿਰ ਕਿਸਾਨਾਂ ਕੋਲ ਤਾਂ,
ਗ਼ਮਲਿਆਂ ਵਿਚ ਚੌਲ ਤੇ ਕਣਕਾਂ ਉਗਾਇਆ ਕਰਨਗੇ।

* ਹਜ਼ਰਤੇ-ਦਿਲ ਯਾਦ ਉਸਦੀ ਨੂੰ ਭੁਲਾਉਂਦਾ ਹੀ ਨਹੀਂ,
ਸੋਚਿਆ ਸੀ ਚਹੁੰ ਦਿਨਾਂ ਤੱਕ ਟਿਕ-ਟਿਕਾਅ ਹੋ ਜਾਏਗਾ।

* ਨਾਲ ਪਥਰੀ ਦੇ ਕਿਤੇ ਗੁਰਦੇ ਕਢਾ ਨਾ ਬੈਠੀਂ,
ਹਸਪਤਾਲਾਂ ਵਿਚ ਕਿਸੇ ਨੂੰ ਬਖ਼ਸ਼ਦਾ ਕੋਈ ਨਹੀਂ।

* ਜਾਂਦੇ ਵੀ ਜਾਈਏ ਵਿਚ ਦੀ, ਆਉਂਦੇ ਵੀ ਆਈਏ ਵਿਚ ਦੀ
ਮੱਕਾ-ਮਦੀਨਾ 'ਸਾਦਿਕਾ' ਤੇਰਾ ਮੁਹੱਲਾ ਹੋ ਗਿਆ।

* ਭਲਾ ਸਰਬਤ ਦਾ ਮੰਗਣਾ ਦੁਆ ਹੈ 'ਸਾਦਿਕਾ' ਮੇਰੀ,
ਕਿਸੇ ਨੂੰ ਬਦ-ਦੁਆ ਦੇਵਾਂ ਇਹ ਮੈਥੋਂ ਹੋ ਨਹੀਂ ਸਕਣਾ।

* ਸਚਮੁਚ ਗ਼ੁਲਾਮੀ ਖ਼ੂਨ ਸਾਡੇ 'ਚੋਂ ਅਜੇ ਨਿਕਲੀ ਨਹੀਂ,
ਤਕੜੇ ਦਾ ਮਾੜਾ ਆਦਮੀ ਬਸ ਦੁੰਮ-ਛੱਲਾ ਹੋ ਗਿਆ।

*ਪੂਰਨ ਸਿੰਘ ਕਿਰਤੀ*

* ਕੱਟ ਰਹੇ ਹਾਂ ਜੀਵਨ ਸਾਰਾ ਪੀੜਾਂ ਤੇ ਰੁਸਵਾਈਆਂ ਵਿਚ।
ਖੜਕ ਰਹੀਆਂ ਜੰਜੀਰਾਂ ਸਾਡੇ ਪੈਰਾਂ ਅਤੇ ਕਲਾਈਆਂ ਵਿਚ।

* ਛੁਰੀਆਂ ਨਾਲ ਜਿਬ੍ਹਾ ਨੇ ਕਰਦੇ ਭੁੱਖੇ ਸਹਿਦੇ ਲੋਕਾਂ ਨੂੰ,
ਫਰਕ ਨਾ ਦਿੱਸੇ ਕੋਈ ਮੈਨੂੰ ਹਾਕਮ ਅਤੇ ਕਸਾਈਆਂ ਵਿਚ।

*ਰਜਿੰਦਰ ਜਿੰਦ*

* ਗੱਲਾਂ ਨਾਲ ਤਾਂ ਹਰ ਕੋਈ ਏਥੇ ਦਇਆ ਧਰਮ ਦਾ ਪੁੱਤਰ ਏ,
ਲੋੜਵੰਦ ਦੇ ਮੂੰਹ ਵਿਚ ਬੁਰਕੀ ਟੁੱਕ ਦੀ ਕਿਧਰੇ ਪਾਈ ਵੀ ਏ।

* ਕਿੱਕਰ, ਪੋਹਲੀ, ਤੁੰਮੇ ਬੀਜੀ ਜਾਨੇ ਆਂ,
ਫਿਰ ਵੀ ਚਾਹੁੰਨੇ ਇਸਦਾ ਮਿੱਠਾ ਫਲ ਹੋਵੇ।

* ਦੂਜੇ ਦੇ ਘਰ ਕੀ ਪਕਦਾ ਹੈ ਤੱਕਦੇ ਹਾਂ,
ਆਪਣੇ ਘਰ ਦੀ ਦਾਲ ਨਾ ਸਾਥੋਂ ਦਲ ਹੋਵੇ।

*ਪੇਸ਼ਕਾਰ—ਚਰਨ ਸੀਚੇਵਾਲਵੀ*
*੪੨੯, ਗੁਰੂ ਨਾਨਕਪੁਰਾ (ਵੈਸਟ)*
*ਡਾਕ. ਰੇਰੂਟੀ, ਜਲੰਧਰ ੧੪੪੦੦੯*
*ਫੋਨ- ੦੧੮੧-੨੨੩੧੬੫੪*



Namdhari Elibrary NamdhariElibrary@gmail.com

# ਪੰਜਾਬੀ ਸਾਹਿਤ ਲਈ ਵਰਦਾਨ-ਸਤਿਗੁਰੂ ਜਗਜੀਤ ਸਿੰਘ ਜੀ

*—ਗੁਰਭੇਜ ਸਿੰਘ ਗੁਰਾਇਆ*



ਤਾਰੀਖ ਤਾਂ ਯਾਦ ਨਹੀਂ ਪਰ ਗੱਲ ਸੰਨ ੨੦੦੦ ਦੀ ਹੈ। ਓਦੋਂ ਮੈਂ ਵਕਾਲਤ ਛੱਡ ਕੇ ਦਿੱਲੀ ਸਰਕਾਰ ਦਾ ਮੁਲਾਜ਼ਮ ਹੋ ਗਿਆ ਸਾਂ। ਇਕ ਸ਼ਾਮੀ ਚੰਡੀਗੜ੍ਹ ਤੋਂ ਆਲ ਇੰਡੀਆ ਲਾਇਰਜ਼ ਯੂਨੀਅਨ (ਵਕੀਲਾਂ ਦੀ ਯੂਨੀਅਨ) ਵਾਲੇ ਸ੍ਰੀ ਜੋਗਿੰਦਰ ਸਿੰਘ ਤੂਰ ਅਤੇ ਮੇਰੇ ਸਾਬਕਾ ਸਹਿਯੋਗੀ ਰਾਜੀਵ ਗੋਦਾਰਾ ਹੁਰਾਂ ਦਾ ਫੋਨ ਆਇਆ ਕਿ ਆਲ ਇੰਡੀਆ ਲਾਇਰਜ਼ ਯੂਨੀਅਨ ਆਪਣਾ ਸਲਾਨਾ ਸਮਾਗਮ ਇਸ ਵਾਰੀ ਤੂਰ ਸਾਹਿਬ ਦੀ ਦੇਖ ਰੇਖ 'ਚ ਚੰਡੀਗੜ੍ਹ ਕਰ ਰਹੀ ਹੈ। ਸਮਾਗਮ ਦੀ ਸਫਲਤਾ ਲਈ ਕਈ ਤਰ੍ਹਾਂ ਦੇ ਤਰਦੱਦ ਕਰਨੇ ਪੈ ਰਹੇ ਹਨ ਤੇ ਪੰਜਾਬੀ ਲੇਖਕ ਸਭਾ ਵਾਲੇ ਸੰਤੋਖ ਸਿੰਘ ਧੀਰ ਹੁਰਾਂ ਨੇ ਉਹਨਾਂ ਨੂੰ ਸਲਾਹ ਦਿੱਤੀ ਹੈ ਕਿ ਸ੍ਰੀ ਭੈਣੀ ਸਾਹਿਬ ਅਰਜ਼ ਕਰੋ, ਕਈ ਮੁਸ਼ਕਲਾਂ ਹੱਲ ਹੋਣਗੀਆਂ। ਅੱਗੇ ਹੱਸ ਕੇ ਤੂਰ ਸਾਹਿਬ ਨੇ ਕਿਹਾ ਕਿ ਅਸੀਂ ਤੇਰੇ ਤੋਂ ਬਿਨਾਂ ਕਿਸੇ ਹੋਰ ਨੂੰ ਜਾਣਦੇ ਨਹੀਂ। ਮੈਂ ਮਜ਼ਾਕ ਵਜੋਂ ਹੀ ਉੱਤਰ ਦਿੱਤਾ ਕਿ ਮਾਰਕਸਵਾਦੀਆਂ ਨੂੰ ਧਾਰਮਿਕ ਅਕੀਦੇ ਤੋਂ ਕਿਵੇਂ ਆਸ ਹੈ। ਅਗੋਂ ਸੁਹਿਰਦ ਜਵਾਬ ਨੇ ਲਾ-ਜਵਾਬ ਕਰ ਦਿੱਤਾ ਕਿ ਦੋਵੇਂ ਸਿਧਾਂਤ ਮਾਨਵਤਾ ਦੇ ਭਲੇ ਲਈ ਹਨ। ਮੈਂ ਇਹ ਸਭ ਸੁਣ ਸਮਝ ਕੇ ਸ਼ਸ਼ੋਪੰਜ 'ਚ ਪੈ ਗਿਆ। ਸ੍ਰੀ ਭੈਣੀ ਸਾਹਿਬ, ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਵਕੀਲਾਂ ਦੇ ਇਸ ਵਿੰਗ ਬਾਰੇ ਪੇਸ਼ੀ ਕਿਵੇਂ ਭੁਗਤੀਏ।

ਪੇਸ਼ੇ ਵਜੋਂ ਵਕੀਲ ਹੁੰਦਿਆਂ ਪੇਸ਼ੀ ਦੀਆਂ ਤਿਆਰੀਆਂ ਲਈ ਸਰੀਰ ਦੀ ਉਪਰਲੀ ਮੰਜ਼ਿਲ ਨੂੰ ਹਿਲਾਉਣਾ ਸ਼ੁਰੂ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਦਾ ਹੀ ਸੁਚੱਜੀ, ਨਰੋਈ ਸੋਚ ਦੀ ਉਸਾਰੀ ਲਈ ਅਤੇ ਰਖਵਾਲੀ ਲਈ ਦਿਆਲਤਾ ਵਖਾਉਂਦੇ ਹਨ। ਉਹ ਪੰਜਾਬੀ ਸਾਹਿਤ ਜਗਤ ਲਈ ਇਕ ਵਿਲੱਖਣ ਸਥਾਨ ਰੱਖਦੇ ਹਨ। ਕਲਾਕਾਰਾਂ, ਸਾਹਿਤਕਾਰਾਂ ਨੂੰ ਸਾਰੀ ਜ਼ਿੰਦਗੀ ਨਿਵਾਜਦੇ ਰਹੇ ਹਨ। ਇਹ ਤਰਤੀਬਾਂ ਅਜੇ ਦਿਮਾਗ 'ਚ ਚਲ ਹੀ ਰਹੀਆਂ ਸਨ ਕਿ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਧੀਰ ਜੀ ਦਾ ਫੋਨ ਆ ਗਿਆ। ਉਹਨਾਂ ਵਿਸ਼ਵ ਪੰਜਾਬੀ ਕਾਨਫਰੰਸ ਚੰਡੀਗੜ੍ਹ ਵੇਲੇ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਦਾ ਜ਼ਿਕਰ ਕਰਕੇ ਕਾਮਰੇਡ ਵਕੀਲਾਂ ਦੀ ਬਾਂਹ ਸ੍ਰੀ ਭੈਣੀ ਸਾਹਿਬ ਵਾਲਿਆਂ ਨੂੰ ਫੜਾਉਣ ਲਈ ਪ੍ਰੇਰਿਆ।



*ਪ੍ਰੋ. ਕਿਰਪਾਲ ਸਿੰਘ ਕਸੇਲ ਸਤਿਗੁਰੂ ਜੀ ਦੇ ਹਜ਼ੂਰ ਭਾਸ਼ਨ ਕਰਦੇ ਹੋਏ।*

ਗੱਲ ਕੀ ਕੁਝ ਦਿਨਾਂ ਬਾਅਦ ਹੀ ਦਿੱਲੀ ਮਾਨਸਰੋਵਰ ਗਾਰਡਨ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਿਆਂ ਚੰਡੀਗੜ੍ਹੋਂ ਆਏ ਵਕੀਲ ਮਿੱਤਰਾਂ ਨਾਲ ਜਾ ਅਰਜ ਕੀਤੀ। ਅਗੋਂ ਹੁਕਮ ਹੋਇਆ ਕਿ ਵਕੀਲਾਂ ਨੂੰ ਵੀ ਚਾਹੀਦਾ ਹੈ, ਬੱਚੀਆਂ ਜੰਮਦੀਆਂ ਜਾਂ ਅਣਜਮੀਆਂ



Namdhari Elibrary NamdhariElibrary@gmail.com

ਮਾਰਨ ਵਾਲਿਆਂ ਬਾਰੇ ਸਖਤੀ ਨਾਲ ਕਾਨੂੰਨੀ ਸ਼ਿਕੰਜੇ ਕੱਸੇ ਜਾਣ, ਸਤਿਗੁਰੂ ਰਾਮ ਸਿੰਘ ਜੀ ਦੇ ਰਾਹ ਤੁਰਿਆ ਜਾਵੇ, ਗੁਰਬਾਣੀ ਤੋਂ ਸੇਧ ਲਵੇ। ਚੰਡੀਗੜ੍ਹ ਵਾਲੇ ਪ੍ਰੋਗਰਾਮ ਲਈ ਮਿੱਤਰਾਂ ਦੀ ਆਸ ਤੋਂ ਕਿਤੇ ਵੱਧ ਸਹਾਇਤਾ ਬਿਨਾਂ ਉਹਨਾਂ ਦੇ ਕੁਝ ਬੋਲਿਆਂ ਹੀ ਮੇਰੇ ਵਲ ਇਸ਼ਾਰਾ ਕਰਕੇ ਬਚਨ ਹੋਇਆ ਜੋ ਇਸਨੂੰ ਕਹੋਗੇ ਪੂਰਾ ਹੋਵੇਗਾ। ਖੁਸ਼ੀ 'ਚ ਖੀਵੇਂ ਹੋਏ ਘਰ ਪਰਤੇ।



ਪ੍ਰਸਿੱਧ ਲੇਖਕ ਡਾ. ਵਰਿਆਮ ਸਿੰਘ ਸੰਧੂ ਨਾਮਧਾਰੀ ਸਮਾਗਮ ਵਿੱਚ

ਮਾਰਕਸਵਾਦੀਆਂ ਵੀ ਸਫਲ ਸਮਾਗਮ ਤੇ ਰਿਲੀਜ਼ ਕੀਤੇ ਸੁਵੀਨਾਰ 'ਚ ਪਹਿਲੇ ਸਫੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਤੇ ਅਸ਼ੀਰਵਾਦ ਲਾ ਕੇ ਧੰਨਵਾਦ ਕੀਤਾ।

ਸਮਾਗਮ ਦੀ ਸਫਲਤਾ ਤੋਂ ਬਾਅਦ ਹੀ ਚੰਡੀਗੜ੍ਹੀਏ ਮਿੱਤਰਾਂ ਨਾਲ ਚਰਚਾ ਕਰਦਿਆਂ ਇਕ ਗੱਲ ਪ੍ਰਤੱਖ ਰੂਪ 'ਚ ਸਾਹਮਣੇ ਆਈ ਕਿ ਜਿਸ ਤਰ੍ਹਾਂ ਕਲਾਕਾਰਾਂ, ਸਾਹਿਤਕਾਰਾਂ, ਲਿਖਾਰੀਆਂ, ਸੂਝਵਾਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਵਾਜਦੇ ਹਨ, ਸਾਂਭਦੇ ਹਨ, ਇਹ ਕੰਮ ਤਾਂ ਸਰਕਾਰਾਂ ਵੀ ਨਹੀਂ ਕਰ ਰਹੀਆਂ। ਗੁਰੂ ਜੀ ਦਾ ਇਹਨਾਂ ਨੂੰ ਵਰਦਾਨ ਕਾਬਲੇ ਜ਼ਿਕਰ ਹੈ।

ਭਾਵੇਂ ਇਹ ਸੁਰਜੀਤ ਖੁਰਸ਼ੀਦੀ ਜੀ ਹੋਣ, ਪ੍ਰੋ. ਕਿਰਪਾਲ ਸਿੰਘ ਕਸੇਲ ਜੀ, ਨਾਹਰ ਸਿੰਘ ਐਮ. ਏ., ਪ੍ਰਿੰ. ਸੰਤ ਸਿੰਘ ਸੇਖੋਂ ਜੀ ਜਾਂ ਨਾ ਖਤਮ ਹੋਣ ਵਾਲੀ ਸਰਵਉਚ ਸਾਹਿਤਕਾਰਾਂ ਦੀ ਸੂਚੀ ਇਹਨਾਂ ਸਭ ਨੂੰ ਜੋ ਅਸ਼ੀਰਵਾਦ ਸ੍ਰੀ ਸਤਿਗੁਰੂ ਜੀ ਬਖਸ਼ਦੇ ਹਨ ਉਹਦੀ ਮਿਸਾਲ ਸਾਡੇ ਸਮਿਆਂ 'ਚ ਹੋਰ ਕਿਤੇ ਨਹੀਂ ਮਿਲਦੀ।

ਕਾ. ਸੁਰਜੀਤ ਖੁਰਸ਼ੀਦੀ ਹੁਰਾਂ ਦੀ ਲਾਸਾਨੀ ਰਚਨਾ "ਜਗਜੀਤ ਕੋਸ਼" ਜਿਹੜੀ ਪੰਜਾਬੀ ਸ਼ਬਦਾਵਲੀ ਵਿਚ ਅਰਬੀ ਫਾਰਸੀ ਤੇ ਤੁਰਕੀ ਭਾਸ਼ਾਵਾਂ ਦੇ ਸ਼ਬਦਾਂ ਦਾ ਕੋਸ਼ ਹੈ, ਉਹਦੇ ਮੁੱਢਲੇ ਸਫੇ ਲਿਖੀਆਂ ਚਾਰ ਸਤਰਾਂ ਇਹੀ ਕਹਿੰਦੀਆਂ ਹਨ, "ਇਹ ਕੋਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਪਾਵਨ ਨਾਂ ਨਾਲ ਜੋੜਨ ਦਾ ਮਾਣ ਪ੍ਰਾਪਤ ਕਰ ਰਿਹਾ ਹਾਂ। ਜਿਨ੍ਹਾਂ ਨੇ ਆਪਣੀ ਛਤਰ ਛਾਇਆ ਅਤੇ ਅਸ਼ੀਰਵਾਦ ਬਖਸ਼ ਕੇ ਵੇਹਲ ਪ੍ਰਦਾਨ ਕੀਤੀ ਤਾਂ ਜੋ ਇਹ ਕਾਰਜ ਨੇਪਰੇ ਚਾੜ੍ਹਿਆ ਜਾ ਸਕੇ।"

ਅਸੀਂ ਗੁਰੂ ਜੀ ਦੀ ਗੁਰਗੱਦੀ ਦੀ ਅਰਧ ਸ਼ਤਾਬਦੀ ਮਨਾ ਰਹੇ ਹਾਂ। ਉਹਨਾਂ ਦਾ ਪੰਜਾਬੀ ਸਾਹਿਤ, ਪੰਜਾਬੀਅਤ ਲਈ ਯੋਗਦਾਨ, ਸਾਡੀ ਪੀੜ੍ਹੀ ਲਈ ਨਵੀਆਂ ਕਦਰਾਂ ਕੀਮਤਾਂ ਲਈ ਸੁਚੱਜੀ ਸੋਚ ਲਈ ਅਸ਼ੀਰਵਾਦ ਸਦਾ ਹੀ ਸਾਡੀ ਅਗਵਾਈ ਕਰਦਾ ਰਹੇਗਾ।

੧੯੮੩ ਦੀ ਬੈਂਕਾਕ ਵਿਸ਼ਵ ਪੰਜਾਬੀ ਕਾਨਫਰੰਸ ਹੋਵ ਜਾਂ ਮਿਲਵਾਕੀ, ਦਿੱਲੀ, ਚੰਡੀਗੜ੍ਹ ਵਾਲੀ ਕਾਨਫਰੰਸ ਹੋਵੇ। ਸ੍ਰੀ ਸਤਿਗੁਰੂ ਜੀ ਦੀ ਰਹਿਨੁਮਾਈ ਸਦਾ ਹੀ ਕੁਝ ਅਜਿਹੀਆਂ ਪੈੜਾਂ ਛੜ ਜਾਂਦੀ ਹੈ ਜਿਸਦੀ ਪੰਜਾਬੀ ਸਾਹਿਤ ਜਗਤ ਸਦਾ ਪਿਤਰੀ ਰਿਣ ਵਜੋਂ ਕਬੂਲੀਅਤ ਮੰਨਦਾ ਹੈ।

ਹੁਣ ਵੀ ਨਾਮਧਾਰੀ ਦਰਬਾਰ ਇਸ ਅਰਧ ਸ਼ਤਾਬਦੀ ਤੇ ਵਰ੍ਹੇ ਵਜੋਂ ਪੰਜਾਹ ਪੁਸਤਕਾਂ ਪ੍ਰਕਾਸ਼ਿਤ ਕਰਨ ਦਾ ਹੀਲਾ ਕਰਕੇ ਪੰਜਾਬੀ ਸਾਹਿਤ ਦੀ ਸੇਵਾ ਲਈ ਤੱਤਪਰ ਹੈ।

ਸ਼ਾਲਾਂ ਅਸੀਂ ਸ਼ਤਾਬਦੀਆਂ ਦਰ ਸ਼ਤਾਬਦੀਆਂ ਮਨਾਈਏ ਤੇ ਸ੍ਰੀ ਸਤਿਗੁਰੂ ਜੀ ਦਾ ਅਸ਼ੀਰਵਾਦ ਸਦਾ ਸਾਡੇ ਸਿਰ ਤੇ ਰਹੇ।

ਆਮੀਨ



Namdhari Elibrary NamdhariElibrary@gmail.com

*ਲੰਡਨ ਵਿਚ ਸੰਗੀਤ ਦੀ ਇਕ ਇਤਿਹਾਸਕ ਸ਼ਾਮ*

# ਭੈਣੀ, ਰਾਗ ਦੀ ਤ੍ਰਿਵੈਣੀ

*—ਬਲਬੀਰ ਸਿੰਘ ਕੰਵਲ, ਲੰਡਨ*

*(ਨਾਮਧਾਰੀ ਸੰਪਰਦਾ ਮੁੱਢ ਕਦੀਮ ਤੋਂ ਬਾਣੀ, ਬਾਣੇ ਅਤੇ ਤੰਤੀ ਸਾਜ਼ਾਂ ਨਾਲ ਜੁੜੀ ਹੋਈ ਹੈ। ਜਿੱਥੇ ਇਨ੍ਹਾਂ ਦੀ ਦੇਣ ਦੇਸ਼ ਦੀ ਆਜ਼ਾਦੀ ਲਈ ਬੜੀ ਤਕੜੀ ਹੈ, ਓਥੇ ਇਨ੍ਹਾਂ ਨੇ ਗੁਰੂ ਸਾਹਿਬਾਨ ਵਲੋਂ ਚਲਾਈ ਗਈ ਨਿਰਧਾਰਤ ਰਾਗਾਂ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਸ਼ੈਲੀ ਅਤੇ ਪ੍ਰੰਪਰਾ ਨੂੰ ਵੀ ਕਾਇਮ ਰੱਖਿਆ ਹੈ। ਬ੍ਰਹਮ ਗਿਆਨੀ ਬਾਬਾ ਪ੍ਰਤਾਪ ਸਿੰਘ ਜੀ ਜਿੱਥੇ ਸੰਗੀਤ ਦੇ ਬੜੇ ਵੱਡੇ ਪਾਰਖੂ ਅਤੇ ਕਦਰਦਾਨ ਸਨ-ਓਥੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਬਾਬਾ ਸਤਿਗੁਰ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਨੇ ਦੇਸ਼ ਦੇ ਵੱਡੇ ਵੱਡੇ ਉਸਤਾਦਾਂ ਕੋਲੋਂ ਤਾਲੀਮ ਲਈ ਅਤੇ ਅਗਾਂਹ ਇਸ ਤੋਰੇ ਨੂੰ ਚੱਲਦੇ ਰੱਖਿਆ। ਇਸ ਸੰਪਰਦਾ ਨੇ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਵਰਗੇ ਸਿਆਣੇ ਰਾਗੀ ਵੀ ਪੈਦਾ ਕੀਤੇ। ਮਹਿੰਦਰ ਸਿੰਘ 'ਨੁਮਰੀ' ਅੰਮ੍ਰਿਤਸਰ ਵਰਗੇ ਪੁਰਸੋਜ਼ ਗਾਇਕ ਵੀ ਇਨ੍ਹਾਂ ਦੇ ਬੱਚਿਆਂ ਨੂੰ ਤਾਲੀਮ ਦਿੰਦੇ ਰਹੇ। ਸਹੀ ਅਰਥਾਂ ਵਿਚ ਭੈਣੀ-ਰਾਗ ਦੀ ਅਜਿਹੀ ਤ੍ਰਿਵੇਣੀ ਹੈ ਜਿੱਥੇ ਗੁਰਮਤਿ ਅਤੇ ਸ਼ਾਸਤ੍ਰੀ ਸੰਗੀਤ ਦਾ ਪਰਵਾਹ ਚੱਲਦਾ ਰਹਿੰਦਾ ਹੈ। ਅਸੀਂ ਇਹ ਲੇਖ, ਇਸ ਦਰਬਾਰ ਨੂੰ ਸਮਰਿਪਤ ਕਰਦੇ ਹੋਏ, ਅਕੀਦਤ ਵਜੋਂ ਇਸ ਨੂੰ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ।)*

ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦਾ ਇਤਿਹਾਸ ਬੜਾ ਵਿਚਿੱਤਰ ਹੈ। ਇਸਦੇ ਅਨੇਕ ਘਰਾਣਿਆਂ ਨੇ ਸਮੇਂ ਸਮੇਂ ਸਿਰ ਕੁਝ ਅਜਿਹੇ ਉਸਤਾਦਾਂ ਨੂੰ ਜਨਮ ਦਿੱਤਾ ਜਿਨ੍ਹਾਂ ਦਾ ਸਾਰੀ ਦੁਨੀਆ ਵਿਚ ਕੋਈ ਮੁਕਾਬਲਾ ਹੀ ਨਹੀਂ ਸੀ। ਪਝੱਤਰ ਸਾਲ ਦੀ ਵੱਡੀ ਉਮਰ ਵਿਚ ਵੀ ਕੁਦਰਤ ਅੱਲਾ ਖ਼ਾਂ ਦੀ ਦਰੁੱਤ ਤਾਨ ਵੀ, ਉਸਦੀ ਜੁਆਨੀ ਦਾ ਪਤਾ ਦਿੰਦੀ ਰਹੀ। ਸੌ ਵਰ੍ਹਿਆਂ ਦੀ ਬੁੱਢੀ ਉਮਰ ਵਿਚ ਧਰੁੱਪਦ ਗਾਇਕ ਕਰਾਮਤ ਖ਼ਾਂ ਜੈਪੁਰੀ ਨੇ ਰਾਗ ਆਸਾਵਰੀ ਨੂੰ ਅਲਾਪਦਿਆਂ, "ਧੈਵਤ" ਨੂੰ ਪੁਰਸੋਜ਼ ਢੰਗ ਨਾਲ ਕੀ ਹਿਲਾਇਆ ਕਿ ਦਿਲ ਹਿੱਲ ਗਿਆ। ਸੁਣਦਿਆਂ ਸਾਰ, ਅੱਖੀਆਂ 'ਚੋਂ ਆਪ ਮੁਹਾਰੇ ਹੰਝੂ ਵਹਿ ਤੁਰੇ। ਨੱਬੇ ਸਾਲ ਦੀ ਵਡੇਰੀ ਉਮਰ ਵਿਚ ਆਗਰਾ ਘਰਾਣੇ ਦੇ ਪ੍ਰਸਿੱਧ ਉਸਤਾਦ ਮੀਆਂ ਗੁਲਾਮ ਅੱਬਾਸ ਖ਼ਾਂ ਸਾਹਿਬ ਨੇ, "ਨੇਵਰ ਕੀ ਝਨਕਾਰ" ਪੂਰੀ ਅਸਥਾਈ ਦੋ ਸਾਹਾਂ 'ਚ ਗਾ ਕੇ ਨੌਜਵਾਨ ਗਵੱਈਆਂ ਨੂੰ ਹੈਰਤ ਦੇ ਸਮੁੰਦਰ ਵਿਚ ਗਰਕ ਕਰ ਦਿੱਤਾ। ਅਲਵਰ ਦੇ ਸੁਪ੍ਰਸਿੱਧ ਧਰੁੱਪਦ ਗਾਇਕ ਅੱਲਾ ਖ਼ਾਂ (੧੮੬੦-੧੯੨੫) ਨੇ ਇਕ ਵੇਰ ਲਖਨਊ ਵਿਖੇ ਮਾਲਕੌਂਸ ਅਲਾਪਦੇ ਹੋਏ, ਗਮਕ ਦੀਆਂ ਤਾਨਾਂ ਕੁਝ ਅਜਿਹੇ ਢੰਗ ਨਾਲ ਲਈਆਂ ਕਿ ਇੰਝ ਪ੍ਰਤੀਤ ਹੋਣ ਲੱਗਾ ਜਿਵੇਂ ਗਲੇ ਵਿਚ ਉਸਨੇ ਕੋਈ ਵੀਣਾ ਉਤਾਰੀ ਹੋਈ ਹੋਵੇ। ਉਸਦੇ ਪੁੱਤਰ ਨਸੀਰਉਦੀਨ ਖ਼ਾਂ ਦਾ ਵੀ ਏਹੋ ਹਾਲ ਸੀ। ਬੜੌਦਾ ਦੇ ਜਮਾਲ ਖ਼ਾਂ ਅਤੇ ਮੰਗੇਸ਼ ਰਾਓ ਤੇਲੰਗ ਬੁਢਾਪੇ 'ਚ ਵੀ ਵੀਣਾ ਵਜਾਉਣੀ ਸ਼ੁਰੂ ਕਰਦੇ ਤਾਂ ਇੰਝ ਮਲੂਮ ਹੁੰਦਾ ਜਿਵੇਂ ਅਸਮਾਨ ਤੇ ਬੱਦਲ ਜਮ੍ਹਾਂ ਹੋ ਕੇ ਹੁਣ ਇਕ ਦਮ ਝਮ ਝਮ ਵਰ੍ਹਨ ਲੱਗ ਪਏ ਹੋਣ। ਅਮੀਰ ਖ਼ਾਂ ਸਰੋਦ ਨਵਾਜ਼ ਨੇ ਵੀ ਆਪਣੇ ਬੁਢਾਪੇ ਦੇ ਆਲਮ ਵਿਚ ਕੁਝ ਅਜਿਹੀ ਸਰੋਦ ਵਜਾਈ ਕਿ ਦੁਨੀਆ ਝੂਮ ਝੂਮ ਉੱਠੀ। ਬਰਕਤ ਅੱਲਾ ਖ਼ਾਂ, ਇਸਮਾਇਲ ਅਤੇ ਭਾਈ ਮਹਿਬੂਬ ਅਲੀ ਉਰਫ਼ ਬੂਬਾ ਰਬਾਬੀ ਵਰਗੇ ਸਿਤਾਰ ਨਵਾਜ਼ ਦੁਬਾਰਾ ਸੁਣਨ ਵਿਚ ਨਹੀਂ ਆਏ। ਇਹ ਸਭ ਲੋਕ, ਜਿੰਨੇ ਤਿਆਰ ਸਨ, ਓਨੇ ਹੀ ਸੁਰੀਲੇ ਵੀ, ਰਾਗ ਅਤੇ ਤਾਲ ਦੇ ਵੀ ਪੱਕੇ। ਹੱਦੂ ਖ਼ਾਂ ਗਵਾਲੀਆਰੀ ਦੇ ਬੇਟੇ ਰਹਿਮਤ ਖ਼ਾਂ ਦੀ ਪਝੱਤਰ ਸਾਲ ਦੀ ਉਮਰ 'ਚ ਵੀ ਆਵਾਜ਼ ਐਨੀ ਸੁਰੀਲੀ ਸੀ ਕਿ ਸੁਣਨ ਉਪਰੰਤ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਸ਼ਹਿਦ ਵਿਚ ਅੰਗੂਰ ਭਿਗੋਏ ਹੋਏ ਹੋਣ। ਬਾਹਠ ਸਾਲ ਦੀ ਉਮਰ ਵਿਚ, ਉਹ ਵੀ ਲਕਵੇ ਵਰਗੇ ਮੂਜੀ ਰੋਗ ਦੇ ਹਮਲੇ ਪਿਛੋਂ, ਬੜੇ ਗੁਲਾਮ ਅਲੀ ਖ਼ਾਂ (੧੯੦੧-੧੯੬੮) ਨੇ ਇਕ ਵੇਰ ਜਲੰਧਰ ਦੇ ਸੁਪ੍ਰਸਿੱਧ ਹਰਿਵਲਭ ਮੇਲੇ ਤੇ ਦੂਜਾ 'ਆਈਟਮ' 'ਕਾ ਕਰੂੰ ਸੱਜਨੀ, ਆਏ ਨਾ ਬਾਲਮ', ਕੁਝ ਇਸ ਅੰਦਾਜ਼ ਨਾਲ ਪੇਸ਼ ਕੀਤਾ ਕਿ ਸਰੋਤੇ ਝੂਮ ਝੂਮ ਕੇ ਮਤਵਾਲੇ ਮਸਤਾਨੇ ਹੋ ਗਏ।

ਪਰ ਅੱਜ ੪-੧੨-੧੯੯੮ ਵਾਲੀ ਸ਼ਾਮ ਲੰਡਨ ਦੇ ਮਹਾਂਨਗਰ ਵਿਚ ਵੀ ਸੰਗੀਤ ਦੀ ਇਕ ਯਾਦਗਾਰੀ ਅਤੇ ਇਤਿਹਾਸਕ ਸ਼ਾਮ ਸੀ, ਜਦ ਕਿ ਜਗਤ-ਵਿਖਿਆਤ ਭੈਣੀ ਸਾਹਿਬ ਵਾਲੇ ਸਤਿਗੁਰ ਜਗਜੀਤ ਸਿੰਘ ਜੀ ਨੇ ਆਪਣੀ ਅਠੱਤਰ ਸਾਲ ਦੀ ਉਮਰ ਵਿਚ ਸੰਗੀਤ ਦਾ ਇਕ ਲਾਸਾਨੀ ਪ੍ਰੋਗਰਾਮ ਪੇਸ਼ ਕਰਕੇ ਯੂ. ਕੇ. ਭਰ ਦੇ ਚੀਦਾ ਚੀਦਾ ਕਲਾ ਪ੍ਰੇਮੀਆਂ ਨੂੰ ਨਿਹਾਲ ਕਰ ਦਿੱਤਾ। ਇਹ ਪ੍ਰੋਗਰਾਮ ਜਿਹੜਾ ਨਾਮਧਾਰੀ ਦਰਬਾਰ ਫਾਰੈਸਟ ਗੇਟ ਦੇ ਖੱਲੜੇ ਹਾਲ ਵਿਚ ਆਯੋਜਿਤ ਕੀਤਾ ਗਿਆ ਸੀ, ਕਰੀਬਨ ਢਾਈ ਤਿੰਨ ਘੰਟੇ



Namdhari Elibrary NamdhariElibrary@gmail.com

ਲਗਾਤਾਰ ਚੱਲਦਾ ਰਿਹਾ। ਗਿਣਵੇਂ ਚੁਣਵੇਂ ਸੰਗੀਤ ਰਸੀਆਂ ਤੋਂ ਛੁੱਟ, ਇਸ ਥਾਂ ਭਾਰਤ ਦੇ ਹਾਈ ਕਮਿਸ਼ਨਰ ਵੀ ਪਧਾਰੇ ਹੋਏ ਸਨ।

ਸਭ ਤੋਂ ਪਹਿਲਾਂ ਸਤਿਗੁਰਾਂ ਦੇ ਹਜ਼ੂਰੀ ਰਾਗੀਆਂ ਮੋਹਨ ਸਿੰਘ, ਸੁਖਦੇਵ ਸਿੰਘ ਅਤੇ ਬਲਵੰਤ ਸਿੰਘ ਦੇ ਜੱਥੇ ਨੇ ਗਾਇਨ ਸ਼ੁਰੂ ਕਰਨ ਦੀ ਆਗਿਆ ਮੰਗੀ। ਤਬਲੇ ਤੇ ਸੰਗਤ ਲਈ ਸੁਖਵਿੰਦਰ ਸਿੰਘ ਪਿੰਕੀ ਵੀ ਉਚੇਚੇ ਤੌਰ ਤੇ ਪੁੱਜਿਆ ਹੋਇਆ ਸੀ। ਹਜ਼ੂਰੀ ਰਾਗੀਆਂ ਨੇ ਕੀਰਤਨ ਸ਼ੁਰੂ ਕਰਦਿਆਂ ਆਪਣਾ ਖ਼ੂਬ ਰੰਗ ਬੰਨ੍ਹਿਆ। ਜਥੇ ਦੇ ਆਗੂ ਤਾਂ ਭਾਵੇਂ ਮੋਹਨ ਸਿੰਘ ਸੁਖਦੇਵ ਸਿੰਘ ਸਨ, ਪਰ ਅਠਾਰਾਂ ਸਾਲਾ ਬਲਵੰਤ ਸਿੰਘ ਦੀ ਗੱਦਰ ਅਤੇ ਪਾਟਦਾਰ ਆਵਾਜ਼ ਨੇ ਸਰੋਤਿਆਂ ਨੂੰ ਖ਼ਾਸ ਤੌਰ ਤੇ ਪ੍ਰਭਾਵਿਤ ਕੀਤਾ। ਪਿੰਕੀ ਦਾ ਤਬਲੇ ਤੇ ਸਾਥ ਵੀ ਸ਼ਾਸਤ੍ਰੀਅਤਾ ਦੇ ਸਾਗਰ ਨੂੰ ਹੋਰ ਵੀ ਸੁਰੰਗੜਾ ਬਣਾ ਰਿਹਾ ਸੀ।

ਜਦ ਨੂੰ ਸੰਗੀਤ ਦੇ ਸ਼ਾਹਸਵਾਰ (ਸਤਿਗੁਰੂ ਜਗਜੀਤ ਸਿੰਘ ਜੀ) ਨੇ ਸਟੇਜ ਸੰਭਾਲ ਲਈ ਅਤੇ ਰਸ-ਭਿੰਨੜੇ ਸ਼ਬਦਾਂ ਵਿਚ ਨਾਮਾਤਰ ਜਿਹਾ ਆਪਣੇ ਪਿਛੋਕੜ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ, "ਸਾਡੀ ਦੀਨੀ ਤਾਲੀਮ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਤਾਪ ਸਦਕਾ ਹੋਈ ਜਿਹੜੇ ਅਕਸਰ ਕਿਹਾ ਕਰਦੇ ਸਨ ਕਿ ਗੁਰੂ ਦੇ ਹਰ ਸਿੱਖ 'ਚੋਂ ਰਾਗ ਦੀ ਖੁਸ਼ਬੂ ਆਉਣੀ ਚਾਹੀਦੀ ਹੈ। ਰਸਮੀ ਅਤੇ ਦੁਨਿਆਵੀ ਤੌਰ ਤੇ ਸਾਡੇ ਉਸਤਾਦ ਭਾਈ ਹਰਨਾਮ ਸਿੰਘ ਚਵਿੰਡਾ ਜ਼ਿਲ੍ਹਾ ਅੰਮ੍ਰਿਤਸਰ ਵਾਲੇ ਵੀ ਰਹੇ ਹਨ।" ਇਸ ਸੰਦਰਭ ਵਿਚ ਇਨ੍ਹਾਂ ਦੋ ਵਿਅਕਤੀਆਂ ਤੋਂ ਛੁੱਟ ਉਨ੍ਹਾਂ ਪੰਜਾਬ ਦੀ ਮੁਮਤਾਜ਼ ਅਤੇ ਮਹਾਨ ਹਸਤੀ ਭਾਈ ਨਸੀਰਾ ਪਖਾਵਜੀ ਦਾ ਵੀ ਸਰਸਰੀ ਜਿਹਾ ਜ਼ਿਕਰ ਕੀਤਾ। ਉਸ ਪਿਛੋਂ ਤਾਂ ਫਿਰ ਚੱਲ ਸੋ ਚੱਲ ਸੀ। ਉਨ੍ਹਾਂ ਨਮੂਨੇ ਮਾਤਰ ਹੀ ਵੱਖੋ ਵੱਖਰੇ ਰਾਗ ਰਾਗਨੀਆਂ 'ਚ ਕੋਈ ਪੰਦਰਾਂ ਕੁ ਕਿਸਮ ਦੀਆਂ ਤਾਂ ਹੋਰੀਆਂ ਹੀ ਸੁਣਾ ਦਿੱਤੀਆਂ। 'ਬਾਜਨ ਲੱਗੀ ਬਾਂਸੁਰੀ ਬ੍ਰਿੰਜ ਨੰਦ ਲਾਲ ਕੀ' (ਦੇਸ) ਹੇ ਮਾਂ ਗਰਜ ਗਰਜ ਬਰਸ ਰਹੀਆਂ ਬੂੰਦਰੀਆਂ' (ਦੇਸ) 'ਚਤੁਰੰਗ ਕੋ ਗਾਈਐ ਰਸ ਰੰਗਤ ਸੇ,' 'ਦਾ ਦਾ ਕੜਾਨ ਦਾ' (ਪਿਛਲੀਆਂ ਤਿੰਨ ਚੀਜ਼ਾਂ ਤਿੰਨ ਤਾਲ 'ਚ ਸਨ)। ਉਸ ਪਿਛੋਂ ਉਨ੍ਹਾਂ ਦੁਨੀਆ ਭਰ 'ਚ ਮੰਨੇ ਪ੍ਰਮੰਨੇ ਸਿਤਾਰ ਨਵਾਜ਼ ਉਸਤਾਦ ਵਲਾਇਤ ਖ਼ਾਂ ਦੇ ਮਾਮਾ ਉਸਤਾਦ ਅੱਬਣ ਖ਼ਾਂ ਸਹਾਰਨਪੁਰ ਵਾਲਿਆਂ ਦੀ ਪੰਜਾਬੀ ਦੀ ਇਕ ਬੰਦਸ਼ ਝੱਪਤਾਲ 'ਚ ਸੁਣਾਈ :

"ਤੇਰੇ ਮਿਲਣ ਦਾ ਚਾਵ ਨੀ ਸਈਓ ਮੈਨੂੰ-
ਸੋਹਣੀ ਸੂਰਤ ਮਨ ਪਰ ਵਸਦੀ
ਨੈਣਾ ਦੀ ਤਪਸ਼ ਬੁਝਾਵੇ, ਲੋਗੀ ਦੇ।" (ਕੁਕਬ ਬਿਲਾਵਲ)

ਸੰਗੀਤ ਨਾਲ ਮਸ ਰੱਖਣ ਵਾਲੇ ਪ੍ਰੇਮੀ ਇਹ ਗੱਲ ਭਲੀ ਭਾਂਤ ਜਾਣਦੇ ਹਨ ਕਿ ਉਸਤਾਦ ਵਲਾਇਤ ਖ਼ਾਂ ਸਿਤਾਰ ਵਜਾਉਂਦੇ ਵਜਾਉਂਦੇ ਜੇਕਰ ਮੂਡ 'ਚ ਹੋਣ ਤਾਂ ਕਦੇ ਕਦੇ ਨਾਲ ਵਿਚ ਗਾਉਣ ਵੀ ਲੱਗ ਪੈਂਦੇ ਹਨ ਅਤੇ ਫਿਰ ਓਹੀ ਚੀਜ਼ ਆਪਣੀ ਸਿਤਾਰ 'ਚੋਂ ਕੱਢਦੇ ਹਨ। ਇਸ ਦੀ ਤਾਲੀਮ ਉਨ੍ਹਾਂ ਆਪਣੇ ਮਾਤਾ ਅਤੇ ਮਾਮਾ ਜੀ ਤੋਂ ਪ੍ਰਾਪਤ ਕੀਤੀ ਸੀ। ਸਿਤਾਰੀਆਂ ਦੇ ਇਸ ਸਿਰਮੌਰ ਖ਼ਾਨਦਾਨ ਦੀ ਹਿੰਦੁਸਤਾਨ ਦੇ ਸੰਗੀਤ ਨੂੰ ਸੱਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹਾਂ, ਖ਼ਾਸ ਕਰਕੇ ਉਸਤਾਦ ਇਮਦਾਦ ਖ਼ਾਂ ਅਤੇ ਇਨਾਇਤ ਖ਼ਾਂ ਹੋਰਾਂ ਨੇ ਆਪਣੀਆਂ ਆਪਣੀਆਂ ਸਾਰੀਆਂ ਉਮਰਾਂ ਲਾ ਕੇ, ਘਾਲਾਂ ਘਾਲ ਕੇ, ਤਰ੍ਹਾਂ ਤਰ੍ਹਾਂ ਦੇ ਤਜਰਬੇ ਕਰ ਕਰ ਕੇ, ਸਿਤਾਰ ਵਰਗੇ ਸਾਜ਼ ਦਾ ਮਿਆਰੀਕਰਨ (Standardisation) ਕਰ ਕੇ, ਇਸਦੀ ਸਹੀਖ਼ਾਨੀ ਕੀਤੀ; ਨਹੀਂ ਤਾਂ ਉਸ ਤੋਂ ਪਹਿਲਾਂ ਸਿਤਾਰਾਂ ਜਾਂ ਤਾਂ ਬਹੁਤ ਵੱਡੀਆਂ ਹੁੰਦੀਆਂ ਸਨ ਅਤੇ ਜਾਂ ਫਿਰ ਬਹੁਤ ਛੋਟੀਆਂ, ਜਿਹੜੀਆਂ ਕਿ ਟਿਕਾਉਣ ਵਜਾਉਣ ਲਈ ਮੁਸ਼ਕਲਾਂ ਪੇਸ਼ ਕਰਦੀਆਂ ਸਨ ਅਤੇ ਐਨੀਆਂ ਸੁਰੀਲੀਆਂ ਵੀ ਨਹੀਂ ਸਨ ਹੁੰਦੀਆਂ। ਪੰਜਾਬੀ ਦੀ ਕਿਉਂਕਿ ਇਹ ਇਕ ਬੜੀ ਫੜਕਦਾਰ ਬੰਦਸ਼ ਸੀ ਜਿਸ ਨੂੰ ਸੁਣ ਕੇ ਸਰੋਤੇ ਖ਼ੂਬ ਲੱਟੂ ਹੋ ਗਏ।

ਉਸ ਤੋਂ ਅਗਲਾ 'ਆਈਟਮ' ਹੋਰ ਵੀ ਆਨੰਦਮਈ ਸੀ ਜਦ ਕਿ ਸਤਿਗੁਰਾਂ ਸਰੋਤਿਆਂ ਨੂੰ ਮੁਖ਼ਾਤਿਬ ਹੁੰਦਿਆਂ ਇਹ ਗੱਲ ਕਹੀ, "ਏਥੇ ਬੜੇ ਬੜੇ ਲਯਕਾਰ ਆਏ ਹੋਏ ਨੇ-ਉਨ੍ਹਾਂ ਨੂੰ ਵੀ ਕੁਝ ਸੁਣਾ ਦੇਈਏ।" ਸਹਿਜ ਦੀ ਸ਼ਬਦਾਵਲੀ ਅਤੇ ਅਵੱਸਥਾ 'ਚ ਖ਼ਬਰੇ ਉਨ੍ਹਾਂ ਦਾ ਰਮਜ਼ੀ ਭਾਵ ਇਹ ਸੀ ਕਿ ਹੁਣ ਇਨ੍ਹਾਂ ਦਾ ਵੀ ਕਲਿਆਣ ਕਰ ਦੇਈਏ। ਸੋ ਉਨ੍ਹਾਂ 'ਗੁਣ ਨਾਦ ਧੁੰਨ ਅਨੰਦ ਬੇਦ' ਕਲਿਆਣ ਦੀ ਇਹ ਚੀਜ਼ ਚਾਰ ਤਾਲ ਪੌਣੇ ਅੱਠ ਮਾਤ੍ਰਿਆਂ 'ਚ ਕੀ ਛੇੜੀ ਕਿ ਸੱਭ ਪਾਸੀਂ ਹੈਰਾਨੀ ਭਰੀ ਖੁਸ਼ੀ ਦਾ ਮਾਹੌਲ ਪਸਰ ਗਿਆ। ਇਸ ਤੋਂ ਅਗਲੇ 'ਆਈਟਮ' ਧਮਾਰ ਤਾਲ 'ਚ ਸਨ-"ਚੋਰੀ ਚੋਰੀ ਮਰਿਤ ਹੋ ਕੁੰਮ ਕੁੰਮਾ" (ਕੇਦਾਰਾ), "ਲਚਕਤ ਆਵੈ ਹੇ ਗੋਰੀ" (ਛਾਇਆ ਨਟ) "ਏ ਜੁ ਕਾਲ ਕੀ ਗੁਆਲਨੀਆ" (ਅਲੀਆ ਬਿਲਾਵਲ, ਅਤੇ "ਅਬ ਕੋਊ ਕੈਸੇ ਹੋਰੀ ਖੇਲੈਂ", (ਸ਼ੁਕਲ ਬਿਲਾਵਲ)।

"ਏ ਜੁ ਕਾਲ ਕੀ ਗੁਆਲਨੀਆ" ਦੇ ਨਾਲ ਬਿਲਾਵਲਾਂ ਚੱਲ ਪਈਆਂ ਸਨ। ਹੁਣ ਬਿਲਾਵਲਾਂ ਦਾ ਦੌਰ ਦੌਰਾ ਸੀ,


Namdhari Elibrary NamdhariElibrary@gmail.com

ਘੱਟੋ ਘੱਟ ਬਿਲਾਵਲ ਦੀਆਂ ਪੰਜ ਚੀਜ਼ਾਂ ਸੁਣਨ ਵਿਚ ਆਈਆਂ। ਪਹਿਲੀ ਅਲੀਆ ਬਿਲਾਵਲ ਦੀ ਚੀਜ਼ ਸੀ, ਉਸ ਪਿਛੋਂ ਸ਼ੁਕਲ ਬਿਲਾਵਲ ਦੀ ਚੀਜ਼ ਅਤੇ ਉਸ ਪਿਛੋਂ ਬਿਲਾਵਲ ਦੀਆਂ ਹੀ ਤਿੰਨ ਚੀਜ਼ਾਂ ਹੋਰ : "ਮੋਹਨ ਨੀਂਦ ਨਾ ਆਵੇ", "ਸੁਆਮੀ ਤੈਨੂੰ ਉਹ ਦਿਨ ਭੂਲ ਗਏ" ਨਾਲ ੧੬ ਮਾਤਰੇ ਦਾ ਪੰਜਾਬੀ ਠੇਕਾ। ਇਹ ਦੋਵੇਂ ਚੀਜ਼ਾਂ ਵੀ ਬਹੁਤ ਵਸੀਆਂ। ਜਾਪ ਰਿਹਾ ਸੀ ਕਿ ਹੁਣ ਸਤਿਗੁਰਾਂ ਨੂੰ ਕੋਈ ਕਾਹਲ ਨਹੀਂ ਹੈ, ਉਹ ਗਾ ਰਹੇ ਸਨ, ਟਿਕ ਕੇ ਅਤੇ ਆਪਣਾ ਆਨੰਦ ਮਾਣ ਰਹੇ ਸਨ। ਇਨ੍ਹਾਂ ਦੋਹਾਂ ਚੀਜ਼ਾਂ ਵਿਚ ਸੁਰ ਸਰਗਮ ਵੀ ਆਪਣੀ ਪੂਰੀ ਮੁਰਾਦ ਨੂੰ ਪੁੱਜਾ।

"ਸਹੰਸਰ ਗੋਪੀ ਏਕ ਘਨਈਆ", ਅਗਲੀ ਚੀਜ਼ ਵੀ ਬਿਲਾਵਲ ਦੀ ਸੀ ਜਿਸ ਵਿਚ ਸੁੱਘੜ ਗਾਇਕ ਨੇ ਸ਼ੁਰੂ ਸ਼ੁਰੂ ਵਿਚ ਹੀ ਅਨੇਕ ਤਰ੍ਹਾਂ ਨਾਲ ਅਦਾਇਗੀ ਕਰ ਕੇ ਕਿੰਨਾ ਕੁਝ ਦਿਖਾ ਦਿੱਤਾ।

"ਦੇਹਿਰੇ ਮੇਂ ਮਸੀਤ ਮੇਂ
ਬੁੱਤ ਖ਼ਾਨੇ ਮੇਂ ਮੈਖਾਨੇ ਮੇਂ
ਕੋਈ ਪੜ੍ਹਾਵੇ ਕਲਮਾ ਹਰਿ ਹਰਿ,
ਕੋਈ ਜਪਾਵੇ ਰਾਮ ਰਾਮ।"

ਇਸ ਚੀਜ਼ ਦੇ ਬੋਲ ਜਦੋਂ ਏਥੇ ਤੱਕ ਆਏ ਤਾਂ ਸਮੂਹ ਗਾਇਕ ਆਪਣੇ ਗਾਇਨ ਕਾਰਜ ਵਿਚ ਮਸਤ ਸਨ, ਸੁਰ-ਸੰਗਤੀਆਂ ਦਾ ਮਿਸ਼ਰਨ ਕਰਨ ਵਿਚ ਮੁਗਧ ਸਨ-ਜਦ ਕਿ ਸਰੋਤੇ ਆਪਣੇ ਕੰਮ ਵਿਚ ਮਸਤ-ਅਰਥਾਤ ਝੂਮਣ ਵਿਚ!

ਗੁਣੀ ਗਾਇਕਾਂ ਨੇ ਅਗਲਾ ਰਾਗ ਮਾਲਕੌਂਸ ਚੁਣਿਆ। ਇਸ ਵਿਚ ਉਨ੍ਹਾਂ ਤਿੰਨ ਚੀਜ਼ਾਂ ਗਾਈਆਂ-"ਅਹੋ ਧੁੰਨ ਧੁਕਾਰ ਧੰਨ", "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾਵੀਂ, ਆਪਣਾ ਤੂੰ ਫਜ਼ਲ ਕਰੀਂ" ਅਤੇ "ਆਜ ਮੋਰੇ ਘਰ ਆਏ ਰੇ ਬਲਮਾ" ਅਤੇ ਉਹ ਵੀ ਬਹੁਤ ਹੀ ਭਿੱਜ ਕੇ। ਨਾਲ ਦੇ ਸਹਾਇਕਾਂ ਨੇ ਪਹਿਲਾਂ ਇਸ ਰਾਗ ਦਾ ਆਕਾਰ ਜਾਂ ਪਿੰਜਰ ਬੜੀ ਖ਼ੂਬਸੂਰਤੀ ਨਾਲ ਘੜਿਆ ਅਤੇ ਫਿਰ ਉਸ ਵਿਚ ਪੂਰੀ ਰੂਹ ਭਰਨ ਦੀ ਕੋਸ਼ਿਸ਼ ਕੀਤੀ। ਇਸ ਵਿਚ ਉਨ੍ਹਾਂ ਨੇ ਵਿਚ ਵਿਚ ਬੜੀਆਂ ਬੜੀਆਂ ਖ਼ੂਬਸੂਰਤ ਤਾਨਾਂ ਲਈਆਂ, ਮੀਂਡਾਂ, ਗਮਕਾਂ, ਗੱਲ ਕੀ ਸੱਭ ਕੁਝ। ਤੌਬਾ! ਸਰੋਤੇ ਕੁਰਬਾਨ ਹੋਣ ਤੱਕ ਗਏ। ਇਸ ਵਿਚ ਜਥੇ ਦੇ ਉਸਤਾਦੀ ਅੰਗ ਨਿੱਖਰ ਕੇ ਖ਼ੂਬ ਸਾਹਮਣੇ ਆਏ। ਸਰੋਤਿਆਂ ਦਾ ਵਿਸਮਾਦੀ ਰੰਗ 'ਚ ਰੰਗਿਆ ਜਾਂ ਗੜੂੰਦ ਜਾਣਾ ਇਕ ਕੁਦਰਤੀ ਕਰਮ ਸੀ।

ਇਸ ਤੋਂ ਅਗਲਾ 'ਆਈਟਮ' ਵੀ, ਕਿਸੇ ਵੀ ਤਰ੍ਹਾਂ, ਘੱਟ ਪੁਰਤਾਸੀਰ ਨਹੀਂ ਸੀ। ਇਹ ਇਕ ਕਨ੍ਹੜ ਭਗਤੀ-ਭਜਨ ਸੀ, ਕਰਨਾਟਕੀ ਅੰਗ 'ਚ, ਜਿਹੜਾ ਇਕੱਲਿਆਂ ੧੮ ਸਾਲਾ ਬਲਵੰਤ ਸਿੰਘ ਨੇ ਪੇਸ਼ ਕੀਤਾ। ਆਈਟਮ ਕਾਹਦਾ ਸੀ, ਇਕ ਤਰ੍ਹਾਂ ਦਾ ਬੰਬ ਸੀ। ਪਾਠਕ-ਜਨ ਇਹ ਗੱਲ ਸੋਚ ਸਕਦੇ ਹਨ ਕਿ ਭਗਤੀ-ਸੰਗੀਤ ਦੀ ਗੱਲ-ਕਥ ਕਰਦਿਆਂ, ਵਿਚ 'ਬੰਬ' ਨਾਂ ਦੀ ਚੀਜ਼ ਦਾ ਕੀ ਦਖ਼ਲ? ਗੱਲ ਬੜੀ ਬੇਤੁਕੀ ਅਤੇ ਬੇਸੁਰੀ ਹੈ-ਪਰ ਨਹੀਂ, ਇਹ ਬੰਬ ਤਬਾਹੀ ਮਚਾਉਣ ਵਾਲਾ ਨਹੀਂ ਸੀ-ਸਗੋਂ ਦਿਲਾਂ ਨੂੰ ਆਤਮਿਕ ਸ਼ਾਂਤੀ ਅਤੇ ਸੁਆਦ ਨਾਲ ਠਾਰਨ ਵਾਲਾ ਸੀ। ਹਨੇਰ ਸਾਈਂ ਦਾ! ਕੰਨ੍ਹੜ ਬੋਲੀ ਦੇ ਸ਼ਬਦਾਂ ਦੀ ਕਿਸੇ ਨੂੰ ਵੀ ਕੋਈ ਸਮਝ ਨਹੀਂ, ਕੋਈ ਦੂਰ ਨੇੜੇ ਦਾ ਵੀ ਗਿਆਨ ਨਹੀਂ, ਤਾਂ ਵੀ ਰਾਗ ਦੀਆਂ ਸੁਰ-ਸੰਗਤੀਆਂ ਹੀ ਕੁਝ ਅਜਿਹੀਆਂ ਸ਼ਾਂਤਮਈ ਅਤੇ ਸ਼ਕਤੀਸ਼ਾਲੀ ਸਨ ਕਿ ਦਿਲਾਂ ਅੰਦਰ ਧੱਸਦੀਆਂ ਜਾ ਰਹੀਆਂ ਸਨ ਅਤੇ ਸਰੋਤੇ ਮਹਿਵੀਅਤ ਦੇ ਆਲਮ ਵਿਚ ਮੁਗਦ ਹੋ ਕੇ ਝੂਮ ਰਹੇ ਸਨ। ਏਸੇ ਲਈ ਤਾਂ ਇਹ ਗੱਲ ਅਕਸਰ ਕਹੀ ਜਾਂਦੀ ਹੈ ਕਿ ਸੰਗੀਤ ਇਕ ਆਲਮੀ ਜ਼ੁਬਾਨ ਹੈ। ਅੱਜ ਬਲਵੰਤ ਦੇ ਇਸ 'ਆਈਟਮ' ਨੇ ਕਾਹਿਰਾ, ਮਿਸਰ ਦੀ ਮਸ਼ਹੂਰ ਮਗਨੀਆਂ, ਉਮਿ-ਕਲਸੂਮ (੧੯੨੨-?) ਦੀ ਯਾਦ ਤਾਜ਼ਾ ਕਰਵਾ ਦਿੱਤੀ, ਜਿਹੜੀ ਕਿ ਕਦੇ ਅਰਬ ਦੇਸ਼ਾਂ ਦੀ ਰਾਗ-ਰਾਣੀ ਰਹੀ ਹੈ। ਉਹ ਅਰਬੀ ਦਾ ਕਲਾਮ ਪੇਸ਼ ਕਰ ਰਹੀ ਹੈ, ਫਾਰਸੀ ਗਾ ਰਹੀ ਹੈ ਜਿਸਦਾ ਸਰੋਤਿਆਂ ਨੂੰ ਇਕ ਸ਼ਬਦ ਵੀ ਸਮਝ ਨਹੀਂ ਆ ਰਿਹਾ-ਪਰ ਤਾਂ ਵੀ ਉਸਦੇ ਸੰਗੀਤ ਦਾ ਜਾਦੂ ਕਾਇਮ ਹੈ-ਉਸਦੇ ਸੰਗੀਤ ਦੀਆਂ ਸੁਰਾਂ ਦੀ ਸੱਚਾਈ ਅਤੇ ਨਰਗਸੀਅਤ ਹੀ ਐਨੀ ਪ੍ਰਬਲ, ਅਜਿਹੀ ਨਵੀਂ-ਨਰੋਈ ਅਤੇ ਨਿਆਰੀ-ਨਿਰਾਲੀ ਹੈ ਕਿ ਦਿਲ ਕਰਦਾ ਹੈ ਇਸਨੂੰ ਬਾਰ ਬਾਰ ਸੁਣਦੇ ਚਲੇ ਜਾਈਏ। ਅੱਜ ਕੁਝ ਇਸ ਤਰ੍ਹਾਂ ਦਾ ਹੀ ਤਾਸਰ, ਕੁਝ ਇਸ ਤਰ੍ਹਾਂ ਦਾ ਹੀ ਮਾਹੌਲ ਇਸ ਨੌਜਵਾਨ ਗਾਇਕ ਨੇ ਪੈਦਾ ਕਰ ਕੇ ਦਿਖਾ ਦਿੱਤਾ। ਖ਼ਾਤਮੇ ਤੇ, ਹਾਲ ਵਿਚ ਭਰਪੂਰ ਤਾੜੀਆਂ ਦੀ ਆਵਾਜ਼ ਇਸ ਗੱਲ ਦਾ ਅੱਕਟ ਪ੍ਰਮਾਣ ਸੀ ਕਿ ਸਰੋਤਿਆਂ ਨੇ ਉਸਦੀ ਸੁਰ ਦੀ ਸੁੱਚਤਾ ਅਤੇ ਰਾਗ ਦੀ ਰਾਗਮਤਾ ਅਤੇ ਸਹੀਖ਼ਾਨੀ ਨੂੰ ਕਿੰਨਾ ਕੁ ਮਾਣਿਆ ਹੈ। ਇਸ ਗੱਲ ਦਾ ਬਾਅਦ ਵਿਚ ਸੰਤ ਕਿਰਪਾਲ ਸਿੰਘ ਜੀ ਤੋਂ ਪਤਾ ਲੱਗਾ ਕਿ ਇਸ ਹੋਣਹਾਰ ਗਾਇਕ ਨੂੰ ਤਬਲੇ, ਹਾਰਮੋਨੀਅਮ ਅਤੇ ਸੰਤੂਰ ਤੇ ਵੀ ਐਨਾ ਕੁ ਹੀ ਅਬੂਰ ਹਾਸਲ ਹੈ। ਇਹ ਉਸਦੇ ਪ੍ਰਵੀਨ ਦਿਲ ਦਿਮਾਗ ਅਤੇ ਮਿਹਨਤ ਰਿਆਜ਼ ਦਾ ਸਾਖਸ਼ਿਤ ਸਬੂਤ ਹੈ।



Namdhari Elibrary NamdhariElibrary@gmail.com



*ਸਤਿਗੁਰੂ ਜਗਜੀਤ ਸਿੰਘ ਅਤੇ ਪੰ. ਹਰੀ ਪ੍ਰਸਾਦ ਚੌਰਸੀਆ ਇੱਕ ਸੁੱਖਦ ਵਾਰਤਾਲਾਪ ਦੇ ਸਮੇਂ। ਨਾਲ ਹੋਰ ਸੰਗੀਤ ਪ੍ਰੇਮੀ ਸੰਗਤ।*

ਅਗਲੀ ਚੀਜ਼ ਬਿਲਾਸਖਾਨੀ ਤੋੜੀ ਜਾਂ ਟੋਡੀ ਦੀ ਸੀ- "ਕਾਨ੍ਹਾ ਰੇ ਮੁਰਲੀ ਕਾਹੇ ਨਾ ਤੂੰ ਵਜਾਈ" : ਜਿਸ ਬੰਦਸ਼ ਦਾ ਸਾਰਅੰਸ਼ ਇਹ ਸੀ ਕਿ ਕਾਨ੍ਹਾ ਤੂੰ ਸਾਡੇ ਨਾਲ ਚੰਗੀ ਕੀਤੀ- ਕਿਸੇ ਕਾਰਨ ਤੂੰ ਮੁਰਲੀ ਵਜਾਉਣੋ ਭੁੱਲ ਗਿਆ ਜਿਸਦਾ ਅਸਰ ਇਹ ਹੋਇਆ ਕਿ ਅੱਜ ਸੂਰਜ ਵੀ ਉਦੇ ਨਹੀਂ ਹੋਇਆ। ਇਸ ਰਾਗ ਦੀ ਪਿੱਠ-ਭੂਮੀ ਅਤੇ ਖ਼ੂਬੀ ਇਹ ਹੈ ਕਿ ਇਸਦਾ ਨਾਮਕਰਨ ਮੀਆਂ ਤਾਨ ਸੈਨ ਦੇ ਪੁੱਤਰ ਬਿਲਾਸ ਖ਼ਾਂ ਦੇ ਨਾਂ ਤੋਂ ਅਜਿਹਾ ਹੋਇਆ ਸੀ, ਕਿਉਂਕਿ ਉਸਨੇ ਇਸ ਰਾਗ ਨੂੰ ਵੈਰਾਗ ਵਿਚ ਗਾ ਕੇ ਆਪਣੇ ਮਰੇ ਹੋਏ ਬਾਪ ਦੀ ਲਾਸ਼ ਨੂੰ ਲਰਜ਼ਸ਼ (ਹਿੱਲਜੁੱਲ) ਦੇ ਦਿੱਤੀ ਸੀ। ਤੇ ਅੱਜ ਵੀ ਇਸ ਰਾਗ ਨੇ ਸਰੋਤਿਆਂ ਤੇ ਆਪਣੀ ਤਾਸੀਰ ਛੱਡਦਿਆਂ, ਉਨ੍ਹਾਂ ਦੇ ਦਿਲਾਂ ਨੂੰ ਖ਼ੂਬ ਖ਼ੂਬ ਰੰਗ ਕੇ ਰੱਖ ਦਿੱਤਾ ਸੀ।

ਇਸ ਤੋ ਅਗਲੀ ਚੀਜ਼ "ਰੁੱਤ ਬਸੰਤ ਸਿਉਂ ਅਪਨੇ ਮਨ ਕੋ" ਬਾਗੇਸ਼ਰੀ ਬਹਾਰ ਦੀ ਸੀ। ਆਸਾ ਵਾਂਗ, ਜਿਹੜੀ ਕਿ ਪੰਜਾਬ ਦੀ ਖ਼ਾਸ ਚੀਜ਼ ਹੈ, ਬਾਗੇਸ਼ਰੀ ਦਾ ਵੀ ਪੰਜਾਬ 'ਚ ਬੜਾ ਰਵਾਜ ਰਿਹਾ ਹੈ। ਇਸ ਰਾਗ ਨੂੰ ਜ਼ਿਲ੍ਹਾ ਵੀ ਕਿਹਾ ਜਾਂਦਾ ਹੈ ਅਤੇ ਅਵਾਮੀ ਜਾਂ ਖੇਤਰੀ ਬੋਲੀ ਵਿਚ ਸਿੰਧੜਾ ਵੀ। "ਲੰਘ ਆ ਜਾ ਪੱਤਣ ਝਨਾ ਦਾ"-ਦੀ ਤਰਜ਼ ਪੰਜਾਬ ਦੇ ਹਰ ਛੇੜੂ ਅਤੇ ਮਲਾਹ ਨੂੰ ਯਾਦ ਹੈ। ਸੰਗੀਤ ਨਾਲ ਗੂੜ੍ਹਾ ਪਿਆਰ ਰੱਖਣ ਵਾਲੇ ਪ੍ਰੇਮੀਆਂ ਨੂੰ ਇਸ ਗੱਲ ਦਾ ਵੀ ਭਲੀ ਭਾਂਤ ਪਤਾ ਹੋਸੀ ਕਿ ਸਾਂਝੇ ਪੰਜਾਬ ਦੀ ਅਤਿ ਲੋਕ-ਪ੍ਰਿਯ ਇਹ ਧੁਨ (ਲੰਘ ਆ ਜਾ ਪੱਤਣ ਝਨਾ ਦਾ ਯਾਰ) ਬਿੰਗਾਲੀਆਂ ਦੀ ਭਟਿਆਲੀ ਵਾਂਗ ਸਾਡੇ ਲੌਕਿਕ ਸੰਗੀਤਕ ਵਿਰਸੇ ਦਾ ਇਕ ਅਟੁੱਟਵਾਂ ਅੰਗ ਬਣ ਚੁੱਕੀ ਹੈ, ਇਸਨੂੰ ਸੁਰਬੱਧ ਕਰਨ ਦੇ ਪਹਿਲੇ ਜਨਮ ਦਾਤਾ ਭਾਈ ਲਾਲ ਰਬਾਬੀ (੧੮੮੭-੧੯੬੨)-ਸਿੱਖ ਪੰਥ ਦੇ ਪ੍ਰਸਿੱਧ ਕੀਰਤਨਕਾਰਾਂ ਭਾਈ ਸੰਤਾ ਸਿੰਘ ਅਤੇ ਸੁਰਜਨ ਸਿੰਘ ਦੇ ਉਸਤਾਦ ਹੀ ਸਨ। ਖੈਰ, ਗਾਇਕਾਂ ਵਲੋਂ, ਬਾਗੇਸ਼ਰੀ ਦੀ ਗਾਈ ਗਈ ਇਹ ਚੀਜ਼ ਵੀ ਕਾਫ਼ੀ ਵਸੀ।

ਅਗਲੀ ਬੰਦਸ਼ "ਕਤ ਔ ਬ੍ਰਿਤ ਔਗਨ ਨਾਦ" ਸਾਰੰਗ ਦੀ ਸੀ, ਜਿਹੜੀ ਪੰਜਾਬ ਦੇ ਵਿਰਾਟ ਸੰਗੀਤ ਘਰਾਣੇ ਤਲਵੰਡੀ ਦੇ ਇਕ ਨਾਇਕ ਉਸਤਾਦ ਮੌਲਾਦਾਦ ਖ਼ਾਂ ਦੀ ਸੀ। ਰੂਪਕ ਤਾਲ 'ਚ ਇਸਦਾ ਵੀ ਆਪਣਾ ਸਹੀ ਸਰੂਪ ਖ਼ੂਬ ਨਿਖਰਿਆ। ਇਸਤੋਂ ਅਗਲੀ ਚੀਜ਼, "ਝਿੜਕਾਂ ਨਾਲ ਜਿੰਦ ਕੱਢ ਲਈ, ਤੇਰਾ ਕੀ ਦਮੜੀ ਦਾ ਲੋਟਾ?" ਵੀ ਬੜੀ ਕਮਾਲ ਦੀ ਸੀ।

ਇਸ ਤੋਂ ਪਿੱਛੋਂ ਵੀ ਉਨ੍ਹਾਂ ਕੋਈ ਅਠਾਰਾਂ ਦੇ ਕਰੀਬ ਹੋਰ



Namdhari Elibrary NamdhariElibrary@gmail.com

ਆਈਟਮ ਪੇਸ਼ ਕੀਤੇ, ਜਿਹੜੇ ਆਪਣੇ ਆਪ ਵਿਚ ਬੜੇ ਆਨੰਦ-ਮਈ ਸਨ ਅਤੇ ਆਪਣੀ ਆਪਣੀ ਹੀ ਸੰਗੀਤਕ-ਸੁਗੰਧ ਰੱਖਦੇ ਸਨ। ਚੜਿ ਕੈ ਘੋੜੜੇ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ" (ਆਸਾ) "ਤੁਮ ਬਿਨ ਧੀਰਜ ਕੋ ਨ ਕਰੇ ਮਿਲ ਰਾਮ ਪਿਆਰੇ" (ਆਸਾ) "ਬਾਦਰਵਾ ਘਿਰ ਘਿਰ ਆਏ" (ਮਲ੍ਹਾਰ), "ਕੋਇਲੀਆ ਕੂਕ ਸੁਨਾਵੇ, ਪੀਆ ਬਿਨ ਕਿਛੁ ਨਾ ਸੁਹਾਵੇ" (ਖਮਾਜ), "ਆਵਨ ਕਹ ਗਏ ਅਜੂ ਹੂ ਨ ਆਏ, ਲਿਖ ਲਿਖ ਚਿੱਠੀਆਂ ਪੀਆ ਵਲ ਭੇਜੂੰ" (ਮਾਲਸ਼੍ਰੀ), "ਸੁਗੰਧ ਰੰਗ ਚੋਲੜਾ" (ਮਾਲਸ਼੍ਰੀ), "ਹਰਿ ਕਿ ਗਤਿ ਨ ਕੋਊ ਜਾਨੇ" (ਖਟ), "ਢੋਲਨ ਦੇ ਦਰਸ਼ਨ" (ਹਿੰਡੋਲ), "ਤਾਂਡਵ ਰਾਤ ਮੁੰਡਨ ਪੁਰ ਨਿਰਤਕ ਬਨਵਾਰੀ" (ਕਮੋਦ) "ਜਾ ਰੇ ਕਾਗਾ ਜਾ" (ਹਮੀਰ), "ਮਥੁਰਾ ਮੰਡਲ ਕੇ ਬਿਖੇ ਜਨਮ ਧਰਿਉ ਹਰਿ ਰਾਏ" (ਪੂਰੀਆ ਕਲਿਆਣ-ਪੌਣੇ ਗਿਆਰਾਂ ਮਾਤ੍ਰਿਆਂ 'ਚ) "ਮਥੁਰਾ ਨ ਜਾਵੇ ਮੇਰਾ ਸ਼ਾਮ" (ਪੂਰਬੀ), "ਤੀਬਰ ਵਾਦੀ ਗੰਧਾਰ" (ਪੂਰਬੀ), "ਗਾਵੋ ਚਤੁਰੰਗ" (ਬਹਾਰ), ਅਤੇ ਉਸ ਪਿਛੋਂ "ਜਿੰਦ ਜਾਨ ਤੁਸਾਂ ਪੁਰ ਘੋਲੀ ਨੀ, ਬਾਬਲ ਜਾਈਓ ਨੀ, ਭਰਜਾਈਓ ਨੀ" (ਤੋੜੀ ਜਾਂ ਟੋਡੀ) ਤਿੰਨ ਤਾਲ ਪੰਜਾਬੀ ਠੇਕੇ 'ਚ, ਇਹ ਚੀਜ਼ ਵੀ ਬੇਹੱਦ ਵਸੀ।

ਪੈਰ ਡੋਲੀ ਵਿਚ ਮੂਲ ਨਾ ਧਰਸਾਂ
ਸਈਓ ਤੁਸਾਂ ਤੋਂ ਵਿਛੜੀ ਮਰਸਾਂ।
ਹਰਦਮ ਯਾਦ ਤੁਸਾਂ ਨੂੰ ਕਰਸਾਂ,
ਡੋਲੀ ਪਕੜ ਬਿਠਾਲੀ ਭਾਈਆਂ।

ਕੋਹੀ 'ਵਾ ਤੇ ਵਗੇ ਵਰੋਲੇ, ਆਲੇ ਵਿਚ ਰੋਣ ਪਏ ਗੁੱਡੀਆਂ ਪਟੋਲੇ, ਖੇਡਣ ਦਾ ਅਜੇ ਚਾਅ ਨਾ ਲੱਥਿਆ...ਗਾਇਕ ਜਦੋਂ ਇਸ ਮੁਕਾਮ ਤੋਂ ਹੁੰਦੇ ਹੋਏ, 'ਡੋਲੀ ਪਕੜ ਬਿਠਾਲੀ ਭਾਈਆਂ', ਤੱਕ ਪੁੱਜੇ ਤਾਂ ਜਾਪ ਰਿਹਾ ਸੀ ਜਿਵੇਂ ਸਰੋਤੇ ਵੀ ਉਨ੍ਹਾਂ ਦੇ ਨਾਲ ਚੱਲ ਰਹੇ ਹਨ ਅਤੇ ਉਨ੍ਹਾਂ ਦੀਆਂ ਅੱਖੀਆਂ ਵੀ ਸਿਲ੍ਹੀਆਂ ਹੋ ਚੁੱਕੀਆਂ ਹਨ। 'ਸਈਓ ਤੁਸਾਂ ਤੋਂ ਵਿਛੜੀ ਮਰਸਾਂ'-ਇਸ ਚੀਜ਼ ਨੂੰ ਜਦੋਂ ਉਨ੍ਹਾਂ ਨੇ ਬਾਰਮਬਾਰ ਝੂਲਾ ਦਿੱਤਾ ਤਾਂ ਵੈਰਾਗ ਅਤੇ ਸੋਹਜ-ਸੁਆਦ ਦੇ ਰਲਵੇਂ ਮਿਲਵੇਂ ਭਾਵਾਂ ਨੇ ਝੜੀ ਲਾਈ ਹੋਈ ਸੀ। ਇਸ ਤੋਂ ਪਿਛੋਂ ਤਿੰਨ ਹੋਰ ਆਈਟਮ ਪੇਸ਼ ਕਰਕੇ, ਅੱਜ ਦੀ ਸ਼ਾਮ ਸੰਪੰਨ ਕੀਤੀ ਗਈ! ਉਸ ਪਿਛੋਂ ਕੁਝ ਸੰਗੀਤ ਪ੍ਰੇਮੀਆਂ ਨੂੰ ਮਿਲੇ ਜਿਵੇਂ ਕਿ ਐਚ. ਐਸ. ਰੰਧਾਵਾ, ਜੈ, ਮਠਾਰੂ, ਰਮਾਕੰਤ, ਉਦੇ ਕੰਤ, ਕਿਰਪਾਲ ਸਿੰਘ ਅਤੇ ਲੂੰਬਾ ਆਦਿ ਜਿਹੜੇ ਕਿ ਅੱਜ ਦੀ ਸ਼ਾਮ ਬਾਰੇ ਖ਼ਬਰੇ ਆਪਣੇ ਆਪਣੇ ਪ੍ਰਭਾਵ ਦੇਣਾ ਚਾਹੁੰਦੇ ਸਨ, ਪਰ ਹੁਣ ਮੇਰੀ ਏਹੋ ਜਿਹੀ ਕਿਸੇ ਵੀ ਗੱਲ 'ਚ ਕੋਈ ਦਿਲਚਸਪੀ ਨਹੀਂ ਸੀ ਰਹੀ। ਹੋਰ ਕਿਸੇ ਦੀ ਗੱਲ ਹੁਣ ਮੈਂ ਕੀ ਸੁਣਨੀ ਸੀ, ਮੈਨੂੰ ਤਾਂ ਆਪਣੇ ਆਪ ਦਾ ਹੀ ਕੋਈ ਪਤਾ ਨਹੀਂ ਸੀ ਰਿਹਾ ਕਿ ਹੁਣ ਮੈਂ ਕਿੱਥੇ ਹਾਂ-ਕਿਸੇ ਧਰਤ ਪਾਤਾਲ 'ਚ ਧੱਸਿਆ ਹੋਇਆ, ਖ਼ਲਾ 'ਚ ਲਟਕਦਾ ਜਾਂ ਉਚੇ ਗਗਨਾਂ ਦਾ ਵਾਸੀ। ਪਰ ਇਕ ਗੱਲ ਪ੍ਰਪੱਕ ਅਤੇ ਅਟੱਲ ਸੀ ਕਿ ਹੁਣ ਮੈਂ ਇਸ ਘੜਮੱਸ-ਭਰਪੂਰ, ਹਲ੍ਹਾ ਹਲ੍ਹਾ ਕਰਦੀ ਦੌੜ-ਭੱਜ ਵਾਲੀ ਜ਼ਿੰਦਗੀ ਅਤੇ ਦੁਨੀਆ ਤੋਂ ਉੱਕਾ ਦੂਰ ਜਾ ਚੁੱਕਾ ਸਾਂ। ਇਹ ਭਗਤੀ ਸੰਗੀਤ ਦੇ ਅਥਾਹ ਸਾਗਰ 'ਚੋਂ ਪ੍ਰਾਪਤ ਹੋਏ ਕੁਝ ਚਰਨਾਮਤ ਦਾ ਚਮਤਕਾਰਾ ਸੀ ਜਾਂ ਕੁਝ ਹੋਰ, ਮੈਂ ਆਪਣੀ ਛੋਟੀ ਜਿਹੀ ਖ਼ਿਆਲੀ ਦੁਨੀਆ ਸਿਰਜ ਕੇ ਉਸਦਾ ਬਾਦਸ਼ਾਹ-ਨੁਮਾ ਕੈਦੀ ਬਣ ਚੁੱਕਾ ਸਾਂ। ਇਸ ਗੱਲ ਦੀ ਮਾਮੂਲੀ ਜਿਹੀ ਸਮਝ ਮੈਨੂੰ ਅੱਜ ਆਈ ਸੀ ਕਿ ਭਾਰਤ ਦੇ ਵੱਡੇ ਤੋਂ ਵੱਡੇ ਅਜੋਕੇ ਉਸਤਾਦ, ਵਿਸ਼ਵ-ਪ੍ਰਸਿੱਧੀ ਦੇ ਮਾਲਿਕ, ਸਤਿਗੁਰਾਂ ਦੀ ਅਸ਼ੀਰਵਾਦ ਲਈ ਕਿਉਂ ਸਹਿਕਦੇ ਰਹਿੰਦੇ ਹਨ। ਉਸਤਾਦ ਵਲਾਇਤ ਖ਼ਾਂ ਕਿਉਂ ਕਹਿੰਦਾ ਹੈ ਕਿ ਹੁਣ ਮੈਂ ਇਸ ਗੱਲ ਦੀ ਵਸੀਅਤ ਕਰ ਦੇਣੀ ਹੈ ਕਿ ਸਾਡੇ ਪਿਤਾ-ਪੁਰਖੀ, ਪੁਰਾਣੇ ਤੋਂ ਪੁਰਾਣੇ ਸਾਜ਼ ਵੀ ਸਾਰੇ ਸਤਿਗੁਰਾਂ ਦੇ! ਅਮਜਦ ਅਲੀ ਖ਼ਾਂ ਕਿਉਂ ਕਹਿੰਦਾ ਹੈ ਕਿ ਮੈਨੂੰ ਮਾਰਗ ਦਰਸ਼ਨ ਹੀ ਸਤਿਗੁਰਾਂ ਕਰ ਕੇ ਹੋਏ, ਰਾਜਨ ਮਿਸ਼ਰਾ, ਸਾਜਨ ਮਿਸ਼ਰਾ ਭੈਣੀ ਸਾਹਿਬ ਆ ਕੇ ਕਿਉਂ ਆਖਦੇ ਹਨ ਕਿ ਮਹਾਰਾਜ, ਅਸੀਂ ਤੁਹਾਨੂੰ ਕੁਝ ਸੁਣਾਉਣ ਲਈ ਨਹੀਂ ਬਲਕਿ ਤੁਹਾਡੇ ਕੋਲੋਂ ਕੁਝ ਗੂੜ੍ਹ ਚੀਜ਼ਾਂ ਸਿੱਖਣ ਸਮਝਣ ਲਈ ਆਏ ਹਾਂ!

ਸੰਗੀਤ ਦੇ ਬਾਕੀ ਪੰਡਿਤ ਇਹ ਗੱਲ ਭਾਵੇਂ ਪਏ ਕਹੀ ਜਾਣ ਕਿ ਪ੍ਰੋਗਰਾਮ ਦੇ ਸ਼ੁਰੂ ਵਿਚ ਤਾਂ ਸਤਿਗੁਰਾਂ ਦੀ ਆਵਾਜ਼ ਨਹੀਂ ਸੀ ਲੱਗ ਰਹੀ, ਪਰ ਘੱਟ ਘੱਟ ਮੈਂ ਅੱਜ ਬੜਾ ਕੁਝ ਪਾਇਆ, ਘੱਟ-ਘੱਟ ਉਨ੍ਹਾਂ ਦੀ ਤਾਲ ਦੀ ਪੁਖ਼ਤਗੀ, ਇਸ ਉਮਰੇ ਵੀ ਸੈਂਕੜੇ ਕਿਸਮ ਦੀ ਅਦੁੱਤੀ ਬੰਦਸ਼ਾਂ ਅਤੇ ਚੀਜ਼ਾਂ ਦਾ ਖਜ਼ਾਨਾ ਉਹ ਵੀ ਮੂੰਹ ਜ਼ੁਬਾਨੀ ਯਾਦ ਅਤੇ ਬਿਖੜੇ ਤੋਂ ਬਿਖੜੇ ਸੁਰ ਸਰਗਮ ਦੀ ਵੀ ਸਰਲਤਾ ਨਾਲ ਅਦਾਇਗੀ-ਇਹ ਚੀਜ਼ਾਂ ਕੁੱਲ ਮਿਲਾ ਕੇ ਮੇਰੇ ਲਈ ਬੜਾ ਕੁਝ ਸਨ। ਨਿਰਸੰਦੇਹ ਲੰਡਨ ਦੀ ਅੱਜ ਦੀ ਇਹ ਇਕ ਯਾਦਗਾਰੀ ਅਤੇ ਇਤਿਹਾਸਕ ਸ਼ਾਮ ਸੀ!

*(ਲੇਖਕ ਦੀ ਨਵੀਂ ਛਪ ਰਹੀ ਪੁਸਤਕ-ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ-੧੬੦੪-੨੦੦੪ ਤੱਕ ਵਿਚੋਂ)*



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ
ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਸ. ਹਰਭਜਨ ਸਿੰਘ ਔਰੰਗਾਬਾਦ ਵਾਲੇ ਸਤਿਗੁਰੂ ਜੀ ਨੂੰ ਆਪਣੇ ਇੱਕ ਪ੍ਰਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ।

**M/S Pal Estate Devellopers**
Builders & Contractors
Plot No. 34-40, N-2, CIDCO,
Aurangabad- 431 003.
Phone No. 0240-3292049

**M/S Vasant Construction**
(Builders And Developers)
79, Peacock Palace, North Avenue
10th Road, Kalyani Nagar, Pune
Phone No. 020-65247479

**M/S HARBHAJAN SARBJEET & ASSOCIATES**
(Builders And Developers)
16-17, N-4, Sector-A, CIDCO,
Aurangabad- 431003
Phone No. 02402482016





Namdhari Elibrary NamdhariElibrary@gmail.com



# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਕਰਤਾਰ ਸਿੰਘ ਪੰਛੀ
ਮਲੇਰਕੋਟਲਾ

ਮਿਰਾ ਮਨ ਲੋਚਦਾ ਰਹਿੰਦਾ, ਸਦਾ ਦੀਦਾਰ ਸਤਿਗੁਰ ਦਾ
ਜੇ ਚੰਗੇ ਭਾਗ ਹੋਵਣ ਤਾਂ, ਹੈ ਮਿਲਦਾ ਪਿਆਰ ਸਤਿਗੁਰ ਦਾ
ਹੈ ਪਹਿਰੇ ਕਲਜੁਗੀ ਅੰਦਰ, ਇਹ ਤੋਰੀ ਕਾਰ ਸਤਿਜੁਗ ਦੀ
ਇਹ ਕਿੰਨਾ ਰਾਹ ਲੰਮੇਰਾ ਤੇ ਹੈ ਗੁੰਝਲਦਾਰ ਸਤਿਗੁਰ ਦਾ
ਇਹ ਪੰਜੇ ਵੱਸ ਵਿਚ ਕੀਤੇ, ਪੰਜਾਂ ਨੂੰ ਨੱਥ ਪਾਈ ਹੈ
ਸਦਾ ਸਿਮਰਨ, ਸਦਾ ਸਿਮਰਨ, ਭਜਨ ਆਹਾਰ ਸਤਿਗੁਰ ਦਾ
ਇਹ ਦੁਨੀਆਂਦਾਰ ਹੋ ਕੇ ਵੀ, ਰੂਹਾਨੀ ਜੋਤ ਹੁੰਦੀ ਹੈ
ਕਲਾਵਾਂ ਦਾ ਖ਼ਜਾਨਾ ਹੈ, ਖਰਾ ਕਿਰਦਾਰ ਸਤਿਗੁਰ ਦਾ
ਇਹ ਧੀਮੀ ਸੁਰ 'ਚ ਜਦ ਵੀ ਸਭ ਇਕੱਠੇ ਸਾਜ਼ ਵਜਦੇ ਨੇ
ਚੁਗਿਰਦਾ ਝੂੰਮ ਉੱਠਦਾ ਏ, ਸੁਣੇ ਟੁਣਕਾਰ ਸਤਿਗੁਰ ਦਾ
ਇਹ ਬੇੜਾ ਪਾਰ ਹੋ ਜਾਵੇ, ਭਿਆਨਕ ਝੱਖੜਾਂ ਵਿੱਚੋਂ
ਜੋ ਬਣ ਕੇ ਹੈ ਸਦਾ ਚਲਦਾ, ਜੀ ਬਰਖੁਰਦਾਰ ਸਤਿਗੁਰ ਦਾ
ਕਰਾਵਣ ਭਜਨ ਸਭਨਾਂ ਤੋਂ, ਪਵਿੱਤਰ ਕਰਨ ਲਈ ਜੀਵਨ
ਜੁਗਾਂ ਤੋਂ ਚਲ ਰਿਹਾ 'ਪੰਛੀ' ਰਬੀ ਵਿਵਹਾਰ ਸਤਿਗੁਰ ਦਾ।



Namdhari Elibrary  NamdhariElibrary@gmail.com

ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਦੇ ਪੰਜਾਹ ਸਾਲ
ਸੰਪੂਰਨ ਹੋਣ ਤੇ ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ ਹਾਰਦਿਕ ਵਧਾਈਆਂ



# ਹਰੀ ਸਿੰਘ ਭੋਗਲ

**S. HARI SINGH BHOGAL**
6-Shole Brook Mount
Leeds, W-Yorkshire
Ls-7 3HGH U.K.





Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀ ਛੱਤਰ ਛਾਇਆ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ ਹਾਰਦਿਕ ਵਧਾਈਆਂ



**ਕੁਰਸੀਆਂ ਉਤੇ ਖਬਿਓਂ... :-** ਵਰਿਆਮ ਸਿੰਘ ਪਿਆਸਾ, ਸਵਰਨ ਸਿੰਘ ਚੀਮਾ, ਮਾ. ਅਮਰੀਕ ਸਿੰਘ (ਸਰਪ੍ਰਸਤ), ਸਾਧੂ ਸਿੰਘ ਕਿਸਾਨ (ਪ੍ਰਧਾਨ) , ਗੁਰਦਿਆਲ ਸਿੰਘ ਪ੍ਰੀਤ ( ਉਪ ਪ੍ਰਧਾਨ) , ਲਖਵਿੰਦਰ ਸਿੰਘ ਬਾਜਵਾ (ਜਨਰਲ ਸਕੱਤਰ) , ਗੁਰਮੇਲ ਸਿੰਘ ਹੰਸ।

**ਖੜੇ ਖਬਿਓਂ... :-** ਕੁਲਦੀਪ ਸਿੰਘ ਦੀਪ, ਕਰਨੈਲ ਸਿੰਘ ਅਸਪਾਲ, ਜੋਗਿੰਦਰ ਸਿੰਘ ਮੁਕਤਾ, ਰਾਜਿੰਦਰ ਸਿੰਘ ਰਾਜ, ਜਸਵਿੰਦਰ ਭਿੰਡਰ, ਹਰਭਜਨ ਸਿੰਘ ਰਾਜਾ ਖਜ਼ਾਨਚੀ, ਪੂਰਨ ਸਿੰਘ ਨਿਰਾਲਾ

# ਨਾਮਧਾਰੀ ਪੰਜਾਬੀ ਸਾਹਿਤ ਸਭਾ

# ਸ੍ਰੀ ਜੀਵਨ ਨਗਰ



Namdhari Elibrary    NamdhariElibrary@gmail.com

# ਬੇਅੰਤ ਜੀ

*—ਉਸਤਾਦ ਹਰਭਜਨ ਸਿੰਘ*



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਪਨ ਦਾ ਨਾਮ ਬੇਅੰਤ ਜੀ ਹੈ। ਇਸੇ ਉਪਨਾਮ ਨਾਮ ਦੇ ਅਨੁਰੂਪ ਹੀ ਸ੍ਰੀ ਸਤਿਗੁਰੂ ਜੀ ਬੇਅੰਤ ਗੁਣਾਂ ਸ਼ਕਤੀਆਂ ਦੇ ਮਾਲਿਕ ਹਨ। ਸ੍ਰੀ ਸਤਿਗੁਰੂ ਜੀ ਦੇ ਕਿਹੜੇ-ਕਿਹੜੇ ਗੁਣ ਦੀ ਵਿਆਖਿਆ ਕੀਤੀ ਜਾਵੇ ਇਹ ਸਮਝ ਨਹੀਂ ਆਉਂਦੀ। ਉਹ ਤਾਂ ਅਥਾਹ ਸਮੁੰਦਰ ਹਨ। ਸੰਗੀਤ ਦੇ ਪੱਖੋਂ ਤਾਂ ਸਭ ਨੂੰ ਹੀ ਪਤਾ ਹੈ ਕਿ ਸ੍ਰੀ ਸਤਿਗੁਰੂ ਜੀ ਸੰਗੀਤ ਦੇ ਕਿੰਨੇ ਮਰਮੱਗ ਹਨ। ਸੰਗੀਤ ਦਾ ਕਿੰਨਾ ਪ੍ਰਚਾਰ ਕੀਤਾ ਹੈ ਤੇ ਸਭ ਵੱਡੇ ਵੱਡੇ ਸੰਗੀਤਕਾਰਾਂ ਨੂੰ ਸ੍ਰੀ ਸਤਿਗੁਰੂ ਜੀ ਕਿਵੇਂ ਨਿਵਾਜਦੇ ਤੇ ਪਿਆਰਦੇ ਰਹੇ ਹਨ।

ਭਾਰਤ ਦੇ ਪ੍ਰਸਿਧ ਸਰੋਦ ਵਾਦਕ ਉਸਤਾਦ ਅਮਜਦ ਅਲੀ ਖਾਂ ਸਾਹਿਬ ਕੋਲ ਅਸੀਂ (ਗੁਰਦੇਵ ਸਿੰਘ ਤੇ ਮੈਂ) ਸੰਗੀਤ ਦੀ ਤਾਲੀਮ ਲੈ ਰਹੇ ਸਾਂ। ਸਤਿਗੁਰੂ ਜੀ ਇਕ ਵਾਰ ਸ੍ਰੀ ਭੈਣੀ ਸਾਹਿਬ ਕਹਿਣ ਲੱਗੇ ਕਿ ਮੇਰਾ ਦਿਲ ਕਰਦਾ ਹੈ ਕਿ ਮੈਂ ਕੁਛ ਮੁੰਡੇ ਉਸਤਾਦ ਬਿਸਮਿੱਲਾ ਖਾਨ ਸਾਹਿਬ ਦੇ ਸ਼ਾਗਿਰਦ ਬਣਾਵਾਂ ਪਰ ਕੀ ਕਰਾਂ ਮੇਰਾ ਦਿਲ ਤਾਂ ਨੱਥ ਘੜਾਉਣ ਨੂੰ ਕਰਦਾ ਹੈ ਪਰ ਨਾਲ ਦੇ ਨੱਕ ਵੱਢਣ ਨੂੰ ਫਿਰਦੇ ਹਨ। ਪਰ ਸਮਾਂ ਆਉਣ ਤੇ ਸ੍ਰੀ ਸਤਿਗੁਰੂ ਜੀ ਨੇ ਉਸਤਾਦ ਬਿਸਮਿਲਾ ਖਾਨ ਦਾ ਪਹਿਲਾ ਸ਼ਾਗਿਰਦ ਬਲਜੀਤ ਸਿੰਘ ਨੂੰ ਬਣਾਇਆ ਫਿਰ ਉਸ ਤੋਂ ਕਾਫੀ ਸਮਾਂ ਬਾਦ ਕੁਛ ਹੋਰ ਸ਼ਾਗਿਰਦ ਵੀ ਉਹਨਾਂ ਨੂੰ ਦਿੱਤੇ ਜਿਵੇਂ ਕਿ ਇੰਗਲੈਂਡ ਤੋਂ ਕ੍ਰਿਪਾਲ ਸਿੰਘ (ਪਾਲੀ) ਪਨੇਸਰ ਆਦਿ। ਇਸਦੀ ਵੀ ਬੜੀ ਰੌਚਿਕ ਗਾਥਾ ਹੈ। ਮੈਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੂੰ ਬਨਾਰਸ ਜਾ ਕੇ ਖਾਂ ਸਾਹਿਬ ਨੂੰ ਮਿਲ ਤੇ ਉਹਨਾਂ ਨੂੰ ਪੁੱਛ ਕੇ ਆ ਕਿ ਤੁਹਾਨੂੰ ਕੁਛ ਹੋਰ ਸ਼ਿਸ਼ ਦੇਣੇ ਹਨ। ਨਾਲ ਦਿਆਂ ਨੇ ਹਿਸਾਬ ਲਾ ਕੇ ਕਿਹਾ ਕਿ ੧੧੦੦ ਰੁਪਏ. ਤੇ ਕੁਛ ਫਲ ਫਰੂਟ ਖਾਂ ਸਾਹਿਬ ਦੀ ਭੇਟਾ ਕਰ ਦੇਣਾ ਪਰ ਤੁਰਣ ਲੱਗਿਆਂ ਸਤਿਗੁਰੂ ਜੀ ਹੁਕਮ ਕੀਤਾ ਕਿ ਪੰਜੀ ਹਜ਼ਾਰ ਰੁਪਏ. ਤੇ ਇਕ, ਇਕ ਸੌ ਅੱਠ ਮਨਕਿਆਂ ਦੀ ਸੋਨੇ ਦੀ ਮਾਲਾ ਭੇਟ ਕਰਨੀ ਹੈ ਨਾਲ ਹੀ ਇਕ ਤੇਲ ਦਿੱਤਾ ਗੋਡੇ ਤੇ ਲਾਉਣ ਲਈ ਕਿਉਂਕਿ ਉਨ੍ਹਾਂ ਨੂੰ ਗੋਡੇ ਦਰਦ ਹੈ। ਇਸਤਰਾਂ ਉਨ੍ਹਾਂ ਦੇ ਸੰਗੀਤ ਪ੍ਰੇਮ ਦੀਆਂ ਅਨੇਕਾਂ ਘਟਨਾਵਾਂ ਹਨ ਇਸ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਹਰ ਕੰਮ ਨੂੰ ਕਿਵੇਂ ਕਰਦੇ ਜਾਣਦੇ ਹਨ ਇਹ ਬਹੁਤ ਹੈਰਾਨੀ ਜਨਕ ਹੈ।

ਸ੍ਰੀ ਸਤਿਗੁਰੂ ਜੀ ਨੇ ਬਚਪਨ ਤੋਂ ਹੀ ਸ੍ਰੀ ਭੈਣੀ ਸਾਹਿਬ ਵਿਦਿਆਲੇ ਪੜ੍ਹਦਿਆਂ ਕੀ ਕੁਛ ਨਹੀਂ ਦੁਨਿਆਵੀ ਤੌਰ ਤੇ ਸਿਖਿਆ? ਘੁਲਨਾ, ਤੈਰਾਕੀ, ਗਤਕਾ, ਘੋੜ ਸਵਾਰੀ, ਖੱਡੀਆਂ ਤੇ ਕੱਪੜਾ ਬੁਨਨਾ, ਲੰਗਰ ਬਨਾਉਣਾ, ਪ੍ਰਿੰਟਿੰਗ ਪ੍ਰੈਸ ਚਲਾਉਣੀ, ਕੰਪੋਜ਼ਿੰਗ ਕਰਨੀ, ਲਕੜੀ ਦੇ ਪਊਏ, ਖੜਾਵਾਂ ਬਨਾਉਣਾ, ਨਾਮਧਾਰੀ ਕਾਟ ਦੇ ਕੱਪੜੇ ਕੱਟ ਕੇ ਸੀ ਲੈਣੇ ਜਿਹੜੇ ਉਨ੍ਹਾਂ ਪੰਥ ਰਤਨ ਸੰਤ ਅਨੰਤਾ ਸਿੰਘ ਜੀ ਤੋਂ ਸਿਖੇ ਸਨ, ਡਰਾਈਵਰੀ ਤਾਂ ਉਹਨਾਂ ਵਰਗੀ ਕੋਈ ਕਰ ਹੀ ਨਹੀਂ ਸਕਦਾ। ਮੁਸ਼ਕਿਲ ਤੋਂ ਮੁਸ਼ਕਿਲ ਜਗ੍ਹਾ 'ਚੋਂ ਕਾਰ ਕੱਢ ਕੇ ਲੈ ਜਾਣਾ।

ਇਥੇ ਮੈਨੂੰ ਇਕ ਦੋ ਘਟਨਾਵਾਂ ਯਾਦ ਆ ਰਹੀਆਂ ਹਨ ਸੰਤ ਖਜ਼ਾਨ ਸਿੰਘ ਜੀ ਰਾਗੀ ਦੱਸਦੇ ਹੁੰਦੇ ਸਨ ਕਿ ਇਕ ਵਾਰ ਮੰਡੀ ਜਾ ਰਹੇ ਸਾਂ ਤੇ ਰਸਤੇ ਵਿਚ ਬਾਰਿਸ਼ ਹੋਣ ਕਰਕੇ ਪਹਾੜ ਤੋਂ ਬਹੁਤ ਵੱਡੀਆਂ ਮਿਟੀ ਦੀਆਂ ਢਿੱਗਾਂ ਡਿੱਗ ਪਈਆਂ ਅੱਗੇ ਵੀ ਤੇ ਪਿਛੇ ਵੀ। ਹੁਣ ਅਸੀਂ ਵਿਚਕਾਰ ਫਸੇ ਪਏ ਸਾਂ। ਸ੍ਰੀ ਸਤਿਗੁਰੂ ਜੀ ਆਪ ਡਰਾਈਵਰ ਸੀਟ ਤੇ ਬੈਠ ਗਏ ਤੇ ਸਾਨੂੰ ਸਭ ਨੂੰ ਹੁਕਮ ਕੀਤਾ ਕਿ ਬੈਠੋ ਕਾਰ ਵਿਚ। ਪਤਾ ਨਹੀਂ ਕਿਸਤਰਾਂ ਸ੍ਰੀ ਸਤਿਗੁਰੂ ਜੀ ਬੜੀ ਫੁਰਤੀ ਨਾਲ ਐਧਰ ਓਧਰ ਕਾਰ ਕਰਦੇ ਹੋਏ ਉਸ ਮਿੱਟੀ ਚਿਕੜ 'ਚੋਂ ਕੱਢ ਕੇ ਲੈ ਗਏ। ਜਦੋਂ ਕਿ ਇਕ ਪਾਸੇ ਪਹਾੜ ਤੇ ਦੂਜੇ ਪਾਸੇ ਸੈਂਕੜੇ ਫੁੱਟ ਡੂੰਘੀ ਖਾਈ ਸੀ। ਸ੍ਰੀ ਸਤਿਗੁਰੂ ਜੀ ਨੇ ਜਦੋਂ ਉਸ ਖਤਰਨਾਕ ਜਗ੍ਹਾ 'ਚੋਂ ਕਾਰ ਕੱਢ ਕੇ ਖਲਾਰੀ ਤਾਂ ਉਥੇ ਲੋਕ ਇਕੱਠੇ ਹੋ ਕੇ ਪੁਛਾਣ ਲੱਗੇ ਕਿ ਇਹ ਅਦਭੁਤ ਡਰਾਈਵਰ ਕੌਣ ਹੈ ਤਾਂ ਅਸਾਂ ਦੱਸਿਆ ਕਿ ਇਹ ਸਾਡੇ ਸਤਿਗੁਰੂ ਜੀ ਹਨ। ਇਸੇਤਰਾਂ ਹੀ ਇਕ ਵਾਰ ਸਤਿਗੁਰੂ ਜੀ ਡਾਲਟਨਗੰਜ (ਬਿਹਾਰ ਹੁਣ ਝਾਰਖੰਡ) ਦੇ ਦੌਰੇ ਤੇ ਸਨ। ਆਪ ਜੀ ਡਾਲਟਨ ਗੰਜ ਤੋਂ ਗੜਵਾ ਕਾਰ ਰਾਹੀਂ ਜਾ ਰਹੇ ਸਨ ਤੇ ਉਸ ਛੋਟੀ ਜਿਹੀ ਫੀਏਟ ਕਾਰ ਨੂੰ ਓਂਕਾਰ ਸਿੰਘ ਸਪੁੱਤਰ ਸੇਠ ਕ੍ਰਿਪਾਲ ਸਿੰਘ ਚੱਲਾ ਰਿਹਾ ਸੀ ਤੇ ਜੋ ਉਸ ਤੋਂ ਅਚਾਨਕ ਸੜਕ ਤੇ ਪਈ ਰੋੜੀ ਉਤੇ ਚੜ੍ਹ ਗਈ ਤੇ ਕਾਰ ਨਾ ਅਗੇ ਨਾ ਪਿਛੇ ਉਥੇ ਹੀ ਭੁਰਰਰ ਭੁਰਰਰ ਕਰੀ ਜਾਏ। ਸਤਿਗੁਰੂ ਇਹ ਸਭ ਦੇਖ ਰਹੇ ਸਨ। ਮੈਂ ਵੀ ਕਾਰ ਵਿਚ ਨਾਲ ਹੀ ਸਾਂ। ਫਿਰ ਸਤਿਗੁਰੂ ਜੀ ਨੇ ਉਸਨੂੰ ਕਿਹਾ ਕਿ ਪਿਛੇ ਆ ਕੇ ਬੈਠ ਜਾ ਤੇ ਆਪ ਡਰਾਈਵਰ ਸੀਟ



Namdhari Elibrary NamdhariElibrary@gmail.com

ਤੇ ਜਾ ਬੈਠੇ ਤੇ ਬੈਕ ਗੇਅਰ ਪਾ ਕੇ ਐਸਾ ਐਕਸੀਲੇਟਰ ਦਿੱਤਾ ਕਿ ਕਾਰ ਔਹ ਗਈ ਔਹ ਗਈ। ਫਿਰ ਸਤਿਗੁਰੂ ਜੀ ਸਾਰੇ ਰਸਤੇ ਆਪ ਹੀ ਹੀ ਕਾਰ ਚਲੌਂਦੇ ਰਹੇ।

ਹੁਣ ਗੱਲ ਘੋੜ ਸਵਾਰੀ ਦੀ ਕਰਦੇ ਹਾਂ। ਇਕ ਘੋੜੀ ਬਹੁਤ ਅਥਰੀ ਸੀ। ਛੇਤੀ ਕੀਤਿਆ ਕਿਸੇ ਵੀ ਸਵਾਰ ਨੂੰ ਸਵਾਰੀ ਨਹੀਂ ਸੀ ਕਰਨ ਦੇਂਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ ਕਿ ਕਾਕਾ ਇਹਦੇ ਉਤੇ ਸਵਾਰੀ ਕਰ। ਸਤਿਗੁਰਾਂ ਨੇ ਹੁਕਮ ਅਨੁਸਾਰ ਉਹਦੇ ਤੇ ਸਵਾਰੀ ਕਰ ਲਈ। ਸਤਿਗੁਰੂ ਜੀ ਦੇ ਬੈਠਦਿਆਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਘੋੜੀ ਨੂੰ ਹਲਕੀ ਜਿਹੀ ਸੋਟੀ ਲਾ ਦਿੱਤੀ। ਉਹ ਤਾਂ ਸਤਿਗੁਰੂ ਜਗਜੀਤ ਸਿੰਘ ਨੂੰ ਲੈ ਕੇ ਐਸੀ ਦੌੜੀ ਕਿ ਧੂੜ ਤੋਂ ਸਿਵਾ ਕੁਝ ਵੀ ਦਿਖਾਈ ਨਾ ਦੇਵੇ ਅਤੇ ਫੇਰ ਧੂੜ ਦਿਸਣੀ ਵੀ ਬੰਦ ਹੋ ਗਈ ਪਤਾ ਨਹੀਂ ਕਿਧਰ ਚਲੀ ਗਈ। ਜਿਉਂ ਜਿਉਂ ਸਤਿਗੁਰੂ ਜੀ ਰੋਕਣ ਵਾਸਤੇ ਲਗਾਮ ਖਿੱਚਣ ਤਿਉਂ ਤਿਉਂ ਉਹ ਹੋਰ ਜ਼ੋਰ ਨਾਲ ਦੌੜੇ। ਫੇਰ ਸਤਿਗੁਰੂ ਜੀ ਨੇ ਉਤੇ ਲੰਮੇ ਪੈ ਕੇ ਲਗਾਮ ਛੱਡ ਕੇ ਘੋੜੀ ਦੇ ਕੰਨ ਫੜ ਲਏ ਤੇ ਕੰਨਾਂ ਨੂੰ ਏਨੀ ਜ਼ੋਰ ਨਾਲ ਵਟਣਾ ਚਾੜ੍ਹਿਆ ਕਿ ਘੋੜੀ ਇਕਦਮ ਓਥੇ ਖੋਲ ਗਈ। ਸਤਿਗੁਰੂ ਜੀ ਘੋੜੀ ਨੂੰ ਆਰਾਮ ਨਾਲ ਵਾਪਸ ਲੈ ਆਏ। ਪਿਤਾ ਸਤਿਗੁਰੂ ਜੀ ਉਡੀਕ ਵਿਚ ਖੜੇ ਸਨ। ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਘੋੜੀ ਰੁਕਣ ਦਾ ਬਿਰਤਾਂਤ ਸੁਣਿਆ ਤਾਂ ਬਹੁਤ ਖੁਸ਼ ਹੋਏ।

ਅੱਜ ਜੋ ਨਾਮਧਾਰੀ ਸੀਡਜ਼ ਬੰਗਲੌਰ ਦਾ ਪੂਰੀ ਦੁਨੀਆ ਵਚ ਨਾਮ ਹੈ ਇਸ ਪਿਛੇ ਵੀ ਸਤਿਗੁਰੂ ਜੀ ਦਾ ਬਾਗਬਾਨੀ ਦਾ ਸ਼ੌਕ ਹੀ ਕੰਮ ਕਰ ਰਿਹਾ ਹੈ। ਮੈਨੂੰ ਯਾਦ ਆਉਂਦਾ ਹੈ ਕਿ ਜੀਵਨ ਨਗਰ ਦੇ ਇਲਾਕੇ ਵਿਚ ਜਿਥੇ ਕਿਤੇ ਕੋਈ ਅੰਗੂਰ ਬਾਰੇ ਸੋਚ ਸੀ ਨਹੀਂ ਸਕਦਾ ਉਥੇ ਬਾਗਾਂ ਦੇ ਬਾਗ ਆਪਣੇ ਸੇਵਕ ਜ਼ਿਮੀਦਾਰਾਂ ਤੋਂ ਲਵਾ ਦਿੱਤੇ ਜਿਹੜੇ ਵਿਗਿਆਨੀ ਧਰਤੀ ਦੀ ਗੁਣਵਤਾ ਦੇਖਦੇ ਸਨ ਉਹ ਵੇਖ ਕੇ ਹੈਰਾਨ ਰਹਿ ਗਏ ਕਿ ਜੋ ਵੀ ਸਤਿਗੁਰੂ ਜੀ ਨੇ ਚਾਹਿਆ, ਉਹ ਸੰਤਰੇ, ਅਨਾਰ, ਕਿੰਨੂ ਆਦਿਕ ਫਰੂਟ ਪੈਦਾ ਕਰ ਲਏ।

ਹੁਣ ਕਈ ਛੋਟੀਆਂ ਛੋਟੀਆਂ ਗੱਲਾਂ ਯਾਦ ਆ ਰਹੀਆਂ ਹਨ। ਸਤਿਗੁਰੂ ਜੀ ਦੀ ਯਾਦ ਦਾਸ਼ਤ ਕਿੰਨੀ ਕਮਾਲ ਦੀ ਹੈ। ਇਕ ਵਾਰੀ ਸਾਡਾ ਬੱਚਿਆਂ ਦਾ ਜੱਥਾ, ਜਿਨ੍ਹਾਂ ਵਿਚ ਮੈਂ (ਹਰਭਜਨ ਸਿੰਘ) ਸੁਰਜੀਤ ਸਿੰਘ ਮੱਤੂ ਤੇ ਮਨਜੀਤ (ਮੇਰਾ ਛੋਟਾ ਵੀਰ) ਸ਼ਾਮਲ ਸਨ ਮੰਡੀ ਹਿਮਾਚਲ ਪ੍ਰਦੇਸ਼ ਸਤਿਗੁਰੂ ਜੀ ਨਾਲ ਗਏ। ਓਥੇ ਇਕ ਦਿਨ ਸਤਿਗੁਰੂ ਜੀ ਦੇ ਨਾਲ ਬਿਆਸ ਦਰਿਆ ਦੇ ਕੰਢੇ ਹਾਸ ਬਿਲਾਸ ਦੀਆਂ ਗੱਲਾਂ ਕਰਦੇ ਜਾ ਰਹੇ ਸਾਂ। ਸਤਿਗੁਰੂ ਜੀ ਵੀ ਬੱਚਿਆਂ ਨਾਲ ਬੱਚੇ ਹੀ ਹੋਏ ਹੋਏ ਸਨ। ਅਸੀਂ ਅੱਗੇ ਅੱਗੇ ਇਕ ਖੋਤੀ ਜਾਂਦੀ ਵੇਖੀ ਜਿਸਦੀ ਪੂਛ ਨੂੰ ਲਾਲ ਰਿਬਨ ਬੰਨਿਆ ਹੋਇਆ ਸੀ। ਇਹ ਆਪਣੇ ਆਪਣੇ ਡੰਗਰ ਦੀ ਪਛਾਣ ਵਾਸਤੇ ਪਹਾੜ ਵਿਚ ਬੰਨ੍ਹ ਛੱਡਦੇ ਹਨ। ਮਨਜੀਤ ਸਿੰਘ ਅਚਾਨਕ ਉਸਨੂੰ ਵੇਖ ਕੇ ਬੋਲ ਪਿਆ, ਸੱਚੇ ਪਾਤਸ਼ਾਹ ਜੀ, ਸੱਚੇ ਪਾਤਸ਼ਾਹ ਜੀ, ਓਹ ਵੇਖੋ ਮੱਤੂ ਦੀ ਵਹੁਟੀ ਤੁਰੀ ਜਾਂਦੀ। (ਮੱਤੂ ਦਾ ਅਸਲ ਨਾਮ ਸੁਰਜੀਤ ਸਿੰਘ ਸੀ। ਉਹ ਤਬਲਾ ਵਜਾਉਂਦਾ ਸੀ। ਪੁਰਾਣੇ ਤਬਲਾ ਵਾਦਕ ਭਾਈ ਮੱਤੂ ਦੇ ਨਾਂਅ ਤੇ ਸੁਰਜੀਤ ਸਿੰਘ ਦਾ ਉਪਨਾਮ ਮੱਤੂ ਪ੍ਰਸਿੱਧ ਸੀ)। ਉਹ ਗੱਲ ਆਈ ਗਈ ਹੋ ਗਈ...।

ਫੇਰ ਸਤਿਗੁਰੂ ਜੀ ਨੇ ਸੁਰਜੀਤ ਸਿੰਘ ਮੱਤੂ ਦਾ ਅਨੰਦ ਕਾਰਜ ਇੰਗਲੈਂਡ ਕਰ ਦਿੱਤਾ। ਮੱਤੂ ਆਪਣੀ ਖ਼ੂਬਸੂਰਤ ਪਤਨੀ ਤੇ ਬੱਚੇ ਨੂੰ ਲੈ ਕੇ ਭਾਰਤ ਦਰਸ਼ਨ ਕਰਨ ਆਇਆ। ਸਤਿਗੁਰੂ ਜੀ ਨੇ ਵਿਨੋਦ ਨਾਲ ਮੈਨੂੰ ਕਿਹਾ ਮੱਤੂ ਵਾਪਸ ਆ ਗਿਆ ਹੈ ਮੰਡੀ ਵਾਲੀ ਨੂੰ ਸੁਨੇਹਾ ਭੇਜ ਦਈਏ। ਪੰਝੀ ਸਾਲ ਪਹਿਲਾਂ ਵਾਲੀ ਗੱਲ ਖੋਤੀ ਵਾਲੀ ਅਸੀਂ ਭੁਲ ਭੁਲਾ ਚੁੱਕੇ ਸਾਂ। ਯਕਦਮ ਯਾਦ ਆਇਆ ਤਾਂ ਸਤਿਗੁਰੂ ਜੀ ਦੀ ਯਾਦ ਸ਼ਕਤੀ ਤੋਂ ਅਸੀਂ ਬਹੁਤ ਹੀ ਹੈਰਾਨ ਰਹਿ ਗਏ। ਸ਼ਾਇਦ ਖੋਤੀ ਵਾਲਾ ਵਿਅੰਗ ਸੁਣ ਕੇ ਹੀ ਮੱਤੂ ਦਾ ਵਿਆਹ ਇੰਗਲੈਂਡ ਵਿਚ ਕੀਤਾ ਸੀ ਅਤੇ ਹੁਣ ਸਾਨੂੰ ਯਾਦ ਕਰਵਾ ਰਹੇ ਸਨ।

ਹੁਣ ਕੁਝ ਅਧਿਆਤਮਕ ਪੱਖ ਦੀ ਗੱਲ ਕਰ ਲਈਏ। ਸਾਡੇ ਪ੍ਰਸਿੱਧ ਲੇਖਕ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਸਤਿਗੁਰੂ ਜੀ ਦੇ ਸਹਿਪਾਠੀ ਮਿੱਤਰ ਸਖਾ ਸਨ ਅਤੇ ਸਤਿਗੁਰੂ ਜੀ ਨਾਲ ਉਹਨਾਂ ਦਾ ਅੰਤਾਂ ਦਾ ਸਨੇਹ ਸੀ। ਸਤਿਜੁਗ ਦੀ ਸੰਪਾਦਨ ਸੇਵਾ ਤੋਂ ਮੁਕਤ ਹੋਣ ਬਾਦ ਕਵੀ ਜੀ ਦਿੱਲੀ ਚਲੇ ਗਏ ਅਤੇ ਉਥੇ ਕਾਰੋਬਾਰ ਦੇ ਹਿਸਾਬ ਨਾਲ ਕਿਸੇ ਗ੍ਰੰਥੀ ਸਿੰਘ ਨਾਲ ਮਿਲ ਕੇ ਪਾਠ ਕਰਨ ਲੱਗ ਪਏ। ਕਵੀ ਜੀ ਭੈਣੀ ਸਾਹਿਬ ਦੀ ਟਕਸਾਲ ਦੇ ਚੰਡੇ ਹੋਏ ਬਹੁਤ ਸ਼ੁੱਧ ਸਪੱਸ਼ਟ ਤੇ ਸੁਰੀਲਾ ਪਾਠ ਕਰਨ ਵਾਲੇ ਸਨ। ਪਾਠ ਦੇ ਭੋਗ ਸਮੇਂ ਵਿਸ਼ੇਸ਼ ਤੌਰ ਤੇ ਇਹਨਾਂ ਤੋਂ ਹੀ ਨਾਵੇਂ ਮਹੱਲੇ ਦੇ ਸਲੋਕ ਪੜ੍ਹਾ ਕੇ ਭੋਗ ਪਾਇਆ ਜਾਂਦਾ ਸੀ। ਇਕ ਦਿਨ ਸਤਿਗੁਰੂ ਜੀ ਨੇ ਮੈਨੂੰ ਤੇ ਗੁਰਦੇਵ ਸਿੰਘ (ਸਰੋਦ ਵਾਦਕ) ਨੂੰ ਭੇਜਿਆ ਕਿ ਕਵੀ ਜੀ ਨੂੰ ਲੱਭ ਕੇ ਲੈ ਆਓ। ਓਧਰ ਕਵੀ ਜੀ ਵੀ ਸਤਿਗੁਰੂ ਜੀ ਨੂੰ ਏਨਾ ਯਾਦ ਕਰ ਰਹੇ ਸਨ ਕਿ ਬਕੌਲ ਕਵੀ ਜੀ, "ਮੇਰਾ ਏਨਾ ਮਨ ਬਣਿਆ ਸੀ ਕਿ ਮੈਂ ਏਨਾਂ ਰੋਵਾਂ ਕਿ ਆਪਣੇ ਅਥਰੂਆਂ ਨਾਲ ਰੱਬ ਦੀ ਸਾਜੀ ਹੋਈ ਰਚਨਾ ਨੂੰ ਡਬੋ ਦਿਆਂ।" ਜਦੋਂ ਸਤਿਗੁਰੂ ਜੀ ਦਾ ਮਿਲਣ ਦਾ ਸੁਨੇਹਾ ਮਿਲਿਆ ਤਾਂ ਕਵੀ ਜੀ ਅਤਿ ਨਿਹਾਲ ਨਿਹਾਲ ਹੋ ਕੇ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਭੱਜੇ ਗਏ। ਉਹਨਾਂ ਦਿਨਾਂ ਵਿਚ ਸਤਿਗੁਰੂ ਜੀ ਦੀ ਤਬੀਅਤ ਠੀਕ ਨਹੀਂ ਸੀ ਤੇ ਓਹਨਾਂ ਨੂੰ ਵਾਰੀ ਦਾ ਬੁਖਾਰ ਚੜ੍ਹਦਾ ਸੀ। ਸਤਿਗੁਰੂ ਜੀ ਨੇ ਕਵੀ ਜੀ ਨੂੰ ਕਿਹਾ ਕਿ



Namdhari Elibrary NamdhariElibrary@gmail.com

"ਕਵੀ ਜੀ ਜੇ ਤੁਹਾਡਾ ਨੁਕਸਾਨ ਨਾ ਹੁੰਦਾ ਹੋਵੇ ਤਾਂ ਕਲ ਤੁਸੀਂ ਮੇਰੇ ਕੋਲ ਰਹਿ ਸਕਦੇ ਹੋ ? ਕਲ ਮੇਰੇ ਬੁਖਾਰ ਚੜ੍ਹਨ ਦੀ ਵਾਰੀ ਹੈ। ਕਵੀ ਜੀ ਕਹਿਣ ਲੱਗੇ ਸੱਚੇ ਪਾਤਸ਼ਾਹ ਜੇ ਤੁਸੀਂ ਮੈਨੂੰ ਯਾਦ ਕਰਦੇ ਹੋ ਤਾਂ ਮੇਰਾ ਨੁਕਸਾਨ ਕਾਹਦਾ? ਮੇਰੇ ਤਾਂ ਅਹੋ ਭਾਗ ਨੇ। ਇਸ ਤੋਂ ਬਾਅਦ ਕਵੀ ਜੀ ਨੇ ਆਪਣੇ ਸਹਿਯੋਗੀ ਪਾਠੀ ਨੂੰ ਕਿਹਾ ਕਿ ਮੈਂ ਕਲ ਪਾਠ ਕਰਨ ਨਹੀਂ ਆ ਸਕਦਾ। ਉਹ ਕਹਿਣ ਲੱਗਾ ਜੀ ਕਲ੍ਹ ਤਾਂ ਤੁਹਾਡਾ ਆਉਣ ਬਹੁਤ ਜ਼ਰੂਰੀ ਹੈ ਕਿਉਂਕਿ ਭੋਗ ਪਾਉਣੇ ਨੇ। ਕਵੀ ਜੀ ਕਹਿਣ ਲੱਗੇ ਨਹੀਂ ਮੈਂ ਨਹੀਂ ਆ ਸਕਦਾ ਮੈਨੂੰ ਮੇਰੇ ਸਤਿਗੁਰਾਂ ਨੇ ਯਾਦ ਕੀਤੈ। ਉਹ ਭਾਈ ਅੱਗੋਂ ਕਹਿਣ ਲੱਗਾ ਇਹ ਨਹੀਂ ਸਤਿਗੁਰ...ਕਵੀ ਜੀ ਕਹਿਣ ਲੱਗੇ ਨਹੀਂ ਭਾਈ ਇਹ ਤੇਰਾ ਤੇ ਮੇਰਾ ਕਮਾਈ ਦਾ ਸਾਧਨ ਹੈ। ਭਾਈ ਕਹਿਣ ਲੱਗਾ ਵੇਖ ਲਓ ਫਿਰ। ਕਵੀ ਜੀ ਕਹਿਣ ਲੱਗੇ ਵਾਹ ਉਹ ਭਾਈ ਸਾਰੀ ਉਮਰ ਤੇਰੀ ਹੋ ਗਈ ਏ ਗੁਰਬਾਣੀ ਪੜ੍ਹਦਿਆ। ਤੈਨੂੰ ਹੁਣ ਤੱਕ ਇਹ ਹੀ ਸਮਝ ਆਈ ਏ ਕਿ ਤੂੰ ਮੇਰਾ ਰਿਜ਼ਕਦਾਤਾ ਬਣ ਬੈਠੇਂ। ਹੁਣ ਤਕ ਮੈਂ ਆਪਣੇ ਦੋ ਪੁੱਤਰ ਪੰਜ ਧੀਆਂ ਪਾਲੀਆਂ ਹਨ ਅਤੇ ਉਹਨਾਂ ਦੇ ਵਿਆਹ ਵੀ ਕੀਤੇ ਹਨ। ਤੇਰੇ ਨਾਲ ਤਾਂ ਮੇਰਾ ਥੋਹੜੇ ਚਿਰ ਤੋਂ ਹੀ ਸੰਪਰਕ ਹੋਇਆ ਹੈ। ਜਾ ਭਾਈ ਜੋ ਮੈਂ ਤੇਥੋਂ ਮਾਇਆ ਲੈਣੀ ਹੈ ਉਹ ਵੀ ਛੱਡੀ ਤੇ ਆਪਣਾ ਸੰਬੰਧ ਖਤਮ। ਇਹ ਕਹਿ ਕੇ ਕਵੀ ਜੀ ਸਤਿਗੁਰੂ ਜੀ ਕੋਲ ਆ ਗਏ। ਬਾਦ ਵੀ ਭਾਈ ਜੀ ਕੋਲ ਨਹੀਂ ਗਏ। ਉਂਜ ਇਹ ਗੱਲ ਉਸ ਭਾਈ ਜੀ ਦੇ ਹੱਕ ਵਿਚ ਵੀ ਜਾਂਦੀ ਹੈ ਕਿ ਉਸਨੇਂ ਕਵੀ ਜੀ ਨੂੰ ਲੱਭਿਆ, ਸਾਰੀ ਮਾਇਆ ਵੀ ਭੇਟ ਕੀਤੀ ਅਤੇ ਖਿਮਾ ਵੀ ਮੰਗੀ।

ਕਵੀ ਜੀ ਪੱਕੇ ਕਮਿਊਨਿਸਟ ਵਿਚਾਰਾਂ ਦੇ ਸਨ ਇਸਦੇ ਬਾਵਜੂਦ ਵੀ ਉਹਨਾਂ ਦਾ ਸਤਿਗੁਰੂ ਜੀ ਨਾਲ ਬਹੁਤ ਅੰਦਰੂਨੀ ਘਨਿਸ਼ਠ ਰਿਸ਼ਤਾ ਸੀ ਪਰ ਕਦੀ ਕਦੀ ਅਪਣੇ ਵਿਚਾਰਾਂ ਕਰਕੇ ਮੈਨੂੰ ਤੇ ਕਈਆਂ ਹੋਰਨਾਂ ਨੂੰ ਵੀ ਕਹਿੰਦੇ ਹੁੰਦੇ ਸਨ ਕਿ ਨਾਮ ਸਿਮਰਨ ਵਾਧੂ ਜਿਹੀ ਗੱਲ ਹੈ। ਆਦਮੀ ਅੰਦਰੋਂ ਬਾਹਰੋਂ ਸ਼ੁੱਧ ਹੋਵੇ ਤੇ ਝੂਠ ਫਰੇਬ ਧੋਖਾ ਕਿਸੇ ਨਾਲ ਨਾ ਕਰੇ ਤਾਂ ਇਸ ਚੀਜ਼ ਦੀ ਕੋਈ ਲੋੜ ਨਹੀਂ। ਇਸ ਤੋਂ ਬਾਦ ਜੋ ਪਰਿਵਰਤਨ ਕਵੀ ਜੀ ਵਿਚ ਆਇਆ ਉਹ ਆਪਣੀਆਂ ਅੱਖਾਂ ਨਾਲ ਵੇਖਿਆ ਹੋਇਆ ਹੈ ਤੇ ਕਵੀ ਜੀ ਦਾ ਮੂੰਹ ਨਾਮ ਸਿਮਰਨ ਵਿਚ ਲਗਾਤਾਰ ਚਲਦਾ ਰਹਿੰਦਾ ਸੀ ਤੇ ਮਸਤੀ ਵਿਚ ਵਾਹ ਵਾਹ ਕਰਦੇ ਰਹਿੰਦੇ ਸਨ। ਮੈਨੂੰ ਓਹਨਾਂ ਆਪ ਦੱਸਿਆ ਕਿ ਉਹ ਸਮਾਂ ਐਸਾ ਸੀ ਕਿ ਸਿਮਰਨ ਨਾਲ ਮੇਰਾ ਸਰੀਰ ਹੌਲਾ ਫੁਲ ਹੋ ਚੁੱਕਾ ਸੀ ਤੇ ਜੇ ਮੈਂ ਚਾਹੁੰਦਾ ਤਾਂ ਮੈਂ ਉਡਾਰੀ ਵੀ ਲਾ ਸਕਦਾ ਸੀ ਪਰ ਮੈਂ ਇਹਨਾਂ ਗੱਲਾਂ ਵਿਚ ਵਿਸ਼ਵਾਸ ਨਹੀਂ ਕਰਦਾ। ਇਹ ਸਥਿਤੀ ਓਹਨਾਂ ਦੀ ਕਿਵੇਂ ਬਣੀ ਉਹ ਦਸਦੇ ਸਨ ਕਿ ਇਕ ਵਾਰ ਸ੍ਰੀ ਭੈਣੀ ਸਾਹਿਬ ਆਪਣੇ ਕਮਰੇ ਵਿਚ ਬੈਗ ਰੱਖ ਕੇ ਮੈਂ ਰਾਮਸਰ ਵਲ ਫੇਰਾ ਮਾਰਨ ਗਿਆ ਤੇ ਓਥੇ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕੱਲੇ ਬੋਹੜ ਦੇ ਥੱਲੇ ਖਲੋਤੇ ਮਿਲੇ। ਮੈਂ ਅਰਜ ਕੀਤੀ ਸੱਚੇ ਪਾਤਸ਼ਾਹੋ ਅੱਜ ਇਕਲੇ ਹੀ..ਕੋਈ ਸੇਵਕ ਵੀ ਨਾਲ ਨਹੀਂ। ਸਤਿਗੁਰੂ ਜੀ ਨੇ ਅਗੋਂ ਫਰਮਾਇਆ ਤੁਹਾਡੇ ਨਾਲ ਹੀ ਗੱਲ ਕਰਨੀ ਸੀ। ਮੈਂ ਕਿਹਾ ਹੁਕਮ ਕਰੋ ਜੀ। ਸਤਿਗੁਰੂ ਜੀ ਕਹਿਣ ਲੱਗੇ, ਮੈਂ ਤੁਹਾਨੂੰ ਤੇ ਕਦੇ ਨਹੀਂ ਕਿਹਾ ਭਜਨ ਕਰਨ ਵਾਸਤੇ ਪਰ ਤੁਸੀਂ ਲੋਕਾਂ ਨੂੰ ਕਿਓਂ ਪ੍ਰਚਾਰ ਕਰਦੇ ਹੋ ਕਿ ਨਾਮ ਨਹੀਂ ਜਪਣਾ ਚਾਹੀਦਾ। ਏਨੀ ਗੱਲ ਕਰਦਿਆਂ ਹੀ ਕਵੀ ਜੀ ਨੂੰ ਵਾਰੀ ਵਾਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਭ ਗੁਰੂਆਂ ਦੇ ਦਰਸ਼ਨ ਹੋਣੇ ਸ਼ੁਰੂ ਹੋ ਗਏ ਤੇ ਬਾਅਦ ਵਿਚ ਸ੍ਰੀ ਗ੍ਰੰਥ ਸਾਹਿਬ ਜੀ ਦਾ ਇਕ ਇਕ ਅੰਗ ਖੁਲਦਾ ਦਖਾਇਆ ਗਿਆ। ਇਹ ਸਾਰਾ ਨਜ਼ਾਰਾ ਦੋ ਮਿੰਟ ਵਿਚ ਹੀ ਖਤਮ ਹੋ ਗਿਆ। ਕਵੀ ਜੀ ਨੇ ਦੇਖਿਆ ਕਿ ਨਾ ਸਤਿਗੁਰੂ ਜੀ ਹਨ ਨਾ ਕੋਈ ਹੋਰ ਸਗੋਂ ਉਹ ਆਪ ਇਕਲੇ ਹੀ ਖੜੇ ਸਨ। ਆਪਣੇ ਸੁਭਾਅ ਅਨੁਸਾਰ ਕਵੀ ਜੀ ਨੇ ਸੋਚਿਆ ਕਿ ਇਹ ਕੋਈ ਵਹਿਮ ਹੀ ਹੈ। ਕਵੀ ਜੀ ਨੇ ਸੋਚਿਆ ਕਿ ਸਾਰੇ ਗੁਰੂ ਵੀ ਨਾਮ ਜਪਾਉਂਦੇ ਹਨ ਅਤੇ ਬਾਣੀ ਵੀ ਇਸ ਗੱਲ ਦਾ ਹੀ ਜ਼ਿਕਰ ਕਰਦੀ ਹੈ। ਮੇਰੇ ਮਨ ਵਿਚ ਖਿਆਲ ਆਇਆ ਕਿ ਸ਼ਾਇਦ ਇਸੇ ਕਰਕੇ ਇਹ ਝਾਕੀ ਵਖਾਈ ਗਈ ਹੈ। ਕਵੀ ਜੀ ਵਾਪਸ ਆਪਣੇ ਕਮਰੇ ਵਿਚ ਆ ਗਏ। ਰਾਤ ਸੌਂ ਕੇ ਸਵੇਰੇ ਜਦੋਂ ਉਠੇ ਤਾਂ ਇਹਨਾਂ ਦਾ ਮੂੰਹ ਚਲ ਰਿਹਾ ਸੀ ਤੇ ਨਾਮ ਸਿਮਰਨ ਨਿਰੰਤਰ ਹੋ ਰਿਹਾ ਸੀ। ਕਵੀ ਜੀ ਆਪਣੇ ਆਪ ਨੂੰ ਕਹਿਣ ਲੱਗੇ ਕਵੀਆਂ ਇਹ ਤੈਨੂੰ ਕੀ ਹੋ ਗਿਐ ਤੇ ਕੋਸ਼ਿਸ਼ ਕਰਨ ਲੱਗੇ ਕਿ ਮੂੰਹ ਖੁਲ੍ਹੇ ਨਾ। ਪਰ ਇਹ ਸਭ ਯਤਨ ਬੇਕਾਰ ਹੋ ਗਿਆ। ਉਹ ਜਿਨ੍ਹਾਂ ਵੀ ਮੂੰਹ-ਬੁਲ ਦਬਾਉਂਦੇ ਸਨ ਨਾਮ ਸਿਮਰਨ ਉਦੋਂ ਦੁਗਣੇ ਜ਼ੋਰ ਨਾਲ ਸ਼ੁਰੂ ਹੋ ਜਾਂਦਾ। ਕਵੀ ਜੀ ਏਨੇ 'ਦੁਖੀ' ਹੋਏ ਉਹਨਾਂ ਜਾ ਸਤਿਗੁਰਾਂ ਨੂੰ ਸ਼ਕਾਇਤ ਕੀਤੀ ਕਿ ਤੁਹਾਡਾ ਭੱਜਨ ਮੇਰੇ ਨਾਲ ਜ਼ਿਆਦਤੀ ਕਰਦਾ ਪਿਐ। ਇਕ ਦਿਨ ਮੈਂ (ਲੇਖਕ) ਦਿਲੀਓਂ ਭੈਣੀ ਸਾਹਿਬ ਆਇਆ ਤਾਂ ਜਾ ਦੀਵਾਨ ਵਿਚ ਸਤਿਗੁਰਾਂ ਨੂੰ ਮੱਥਾ ਟੇਕਿਆ। ਤਾਂ ਸਤਿਗੁਰਾਂ ਨੇ ਅਚਾਨਕ ਮੇਰੇ ਤੇ ਸਵਾਲ ਕੀਤਾ ਕਿ ਤੂੰ ਕਵੀ ਜੀ ਨੂੰ ਤੰਗ ਕਿਓਂ ਕਰਦੈਂ। ਮੈਂ ਜਦੋਂ ਥੋਹੜਾ ਜਿਹਾ ਹੈਰਾਨ ਹੋਇਆ ਕਿ ਮੈਂ ਤੰਗ ਕਰਦਾਂ! ਤਾਂ ਸਤਿਗੁਰੂ ਜੀ ਹੱਸ ਕੇ ਕਹਿਣ ਲੱਗੇ ਕਿ ਕਵੀ ਜੀ ਕਹਿੰਦੇ ਨੇ ਕਿ ਭਜਨ (ਲੇਖਕ ਦਾ ਨਾਮ) ਬਹੁਤ ਤੰਗ ਕਰਦੈ।

ਰਘਬੀਰ ਨਗਰ ਦਿੱਲੀ ਸਾਡੇ ਘਰ ਦੇ ਸਾਹਮਣੇ ਸੰਤ ਸੰਤਾ ਸਿੰਘ ਰਹਿੰਦੇ ਸਨ। ਉਹ ਬਹੁਤ ਸਾਧੂ ਬਿਰਤੀ ਵਾਲੇ



Namdhari Elibrary NamdhariElibrary@gmail.com

ਸਜਨ ਪੁਰਸ਼ ਸਨ। ਕਪੜੇ ਸੀਉਣ ਦਾ ਕੰਮ ਕਰਦੇ ਸਨ ਅਤੇ ਜ਼ਿਆਦਾ ਤਰ ਉਹ ਲੇਡੀ ਗਾਉਣ ਹੀ ਕਿਸੇ ਦੁਕਾਨ ਵਾਸਤੇ ਬਣਾਉਂਦੇ ਸਨ। ਘਰ ਕੰਮ ਕਰਕੇ ਕਰੋਲ ਬਾਗ ਜਾ ਕੇ ਦੁਕਾਨਦਾਰ ਨੂੰ ਦਿੰਦੇ ਸਨ। ਉਹ ਦੁਕਾਨਦਾਰ ਸਰਦਾਰ ਜੀ ਇਕ ਦਿਨ ਇਹਨਾਂ ਨੂੰ ਸਵਾਲ ਕਰਣ ਲੱਗੇ ਕਿ ਤੁਹਾਡੇ ਨਾਮਧਾਰੀ, ਕੀਰਤਨ ਵਿਚ ਮਸਤਾਨੇ ਹੋ ਜਾਂਦੇ ਹਨ ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਇਹ ਕਿਵੇਂ ਹੋ ਜਾਂਦਾ ਹੈ। ਅਗੋਂ ਸੰਤਾ ਸਿੰਘ ਜੀ ਨੇ ਜੁਆਬ ਦਿੱਤਾ ਕਿ ਸਾਰੀ ਬਾਣੀ ਹੀ ਨਾਮ ਸਿਮਰਨ ਤੇ ਗੁਰੂ ਸਿੱਖ ਦੇ ਸੰਬੰਧਾਂ ਬਾਬਤ ਹੀ ਰਚੀ ਗਈ ਹੈ। ਜਿਹੜੇ ਸਿੱਖ ਦਾ ਆਪਣੇ ਗੁਰੂ ਨਾਲ ਸੰਪਰਕ ਬਣਦਾ ਹੈ ਪਿਆਰ ਬਣਦਾ ਹੈ ਉਸ ਗੱਲ ਨੂੰ ਜਦੋਂ ਬਾਣੀ ਉਜਾਗਰ ਕਰਦੀ ਹੈ ਸੰਗੀਤ ਦੇ ਨਾਲ ਤਾਂ ਕਈ ਪ੍ਰੇਮੀ ਜਗਿਆਸੂ ਆਪਣੇ ਆਪ ਤੇ ਕਾਬੂ ਨਹੀਂ ਰਖ ਸਕਦੇ ਅਤੇ ਮਸਤ ਹੋ ਜਾਂਦੇ ਹਨ। ਇਸ ਤੇ ਉਹ ਸਰਦਾਰ ਜੀ ਕਹਿਣ ਲੱਗੇ ਕਿ ਮੈਨੂੰ ਵੀ ਆਪਣੇ ਬਾਬਾ ਜੀ ਦੇ ਕਦੇ ਦਰਸ਼ਨ ਕਰਾਓ।

ਇਕ ਦਿਨ ਸੰਤਾ ਸਿੰਘ ਜੀ ਕਰੋਲ ਬਾਗ ਨੂੰ ਆ ਰਹੇ ਸਨ ਤਾਂ ਉਹਨਾਂ ੧੧/੧੦ ਪੂਸਾ ਰੋਡ ਤੇ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਅੱਗੇ ਸਾਧ ਸੰਗਤ ਦੀ ਭੀੜ ਵੇਖੀ ਤਾਂ ਪੁੱਛਣ ਤੇ ਪਤਾ ਲੱਗਾ ਕਿ ਸਵੇਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇ ਰਹੇ ਹਨ ਅਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੀ ਹੈ। ਉਹਨਾਂ ਖੁਸ਼ੀ ਖੁਸ਼ੀ ਸਰਦਾਰ ਜੀ ਨੂੰ ਦੱਸਿਆ ਕਿ ਸਵੇਰੇ ਕੀਰਤਨ ਹੈ ਤੇ ਅਸ਼ਨਾਨ ਕਰਕੇ ਤੁਸੀਂ ਦੀਵਾਨ ਵਿਚ ਆ ਜਾਇਓ। ਉਹ ਕਹਿਣ ਲੱਗਾ ਜੀ ਇਸ਼ਨਾਨ ਤਾਂ ਅਸੀਂ ਰੋਜ਼ ਕਰਦੇ ਹਾਂ। ਅਗੋਂ ਸੰਤਾ ਸਿੰਘ ਜੀ ਨੇ ਕਿਹਾ ਕਿ ਠੀਕ ਹੈ ਕਿ ਤੁਸੀਂ ਇਸ਼ਨਾਨ ਤਾਂ ਰੋਜ਼ ਹੀ ਕਰਦੇ ਹੋਵੋਗੇ ਪਰ ਗੁਰਬਾਣੀ ਅਨੁਸਾਰ ਸਣੇ ਕੇਸੀ ਇਸ਼ਨਾਨ ਕਰਨ ਦਾ ਹੁਕਮ ਹੈ। ਇਸ ਤੇ ਸਰਦਾਰ ਜੀ ਨੇ ਕਿਹਾ ਠੀਕ ਹੈ ਅਤੇ ਸਵੇਰੇ ਸਰਦਾਰ ਜੀ ਆਪਣੀ ਪਤਨੀ ਸਮੇਤ ਕੇਸ ਧੋ ਕੇ ਖਿਲਾਰੇ ਹੋਏ ਅਤੇ ਉਪਰ ਪੱਗ ਰੱਖੀ ਹੋਈ ਅਤੇ ਬੀਬੀ ਜੀ ਨੇ ਚੁੰਨੀ ਲਈ ਹੋਈ ਦੀਵਾਨ ਵਿਚ ਹਾਜ਼ਰ ਹੋਏ। ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਦਾ ਜੱਥਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਵਾਰ (ਵਾਰੇ) ਦਾ ਕੀਰਤਨ ਕਰ ਰਿਹਾ ਸੀ। ਅਤੇ ਬਹੁਤ ਅਦਭੁਤ ਰਸ ਬਣਿਆ ਹੋਇਆ ਸੀ। ਸੰਤ ਸੰਤਾ ਸਿੰਘ ਜੀ ਦੀਵਾਨ 'ਚ ਬੈਠੇ ਮਨ ਹੀ ਮਨ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰ ਰਹੇ ਸਨ ਕਿ ਸਚੇ ਪਾਤਸ਼ਾਹ ਇਹਨਾਂ ਸਰਦਾਰ ਜੀ ਨੂੰ ਕ੍ਰਿਸ਼ਮਾ ਦਿਖਾਓ। ਤਾਹੀਓਂ ਹੀ ਪਤਾ ਹੀ ਨਾ ਲੱਗਾ ਕਿ ਕਿਸ ਸ਼ਬਦ ਦੀ ਚੋਟ ਨਾਲ ਸਰਦਾਰ ਜੀ ਦੀ ਜ਼ੋਰ ਦੀ ਚੀਕ ਨਿਕਲ ਗਈ ਕਿ ਓਹਨਾਂ ਏਨੀ ਜ਼ੋਰ ਦੀ ਸਿਰ ਮਾਰਿਆ ਕਿ ਪੱਗ ਬਹੁਤ ਦੂਰ ਜਾ ਪਈ। ਪਰ ਸਰਦਾਰ ਜੀ ਕਾਬੂ ਪਾ ਕੇ ਅੱਖਾਂ ਮੀਟੇ ਬੈਠੇ ਰਹੇ। ਉਹਨਾਂ ਦੀ ਸਰਦਾਰਨੀ ਘਬਰਾ ਕੇ ਦੌੜੀ ਆਈ ਕਿ ਪਤਾ ਨਹੀਂ ਸਰਦਾਰ ਜੀ ਨੂੰ ਕੀਹ ਹੋ ਗਿਐ ਤੇ ਪੱਗ ਚੁੱਕ ਕੇ ਸਰਦਾਰ ਜੀ ਦੇ ਸੀਸ ਤੇ ਟਿਕਾ ਦਿੱਤੀ। ਵਾਰ ਦੀ ਸਮਾਪਤੀ ਤੋਂ ਬਾਦ ਸੰਤਾ ਸਿੰਘ ਜੀ ਨੇ ਬਾਹਰ ਗੇਟ ਅਗੇ ਘੇਰ ਲਿਆ ਤੇ ਪੁੱਛਿਆ ਸਣਾਓ ਸਰਦਾਰ ਜੀ ਅੱਜ ਕੀਰਤਨ ਵਿਚ ਤੁਹਾਨੂੰ ਕੀਹ ਹੋ ਗਿਆ ਸੀ। ਅਗੋਂ ਸਰਦਾਰ ਜੀ ਨੇ ਕਿਹਾ ਕਿ ਪਤਾ ਹੀ ਨਹੀਂ ਲੱਗਾ। ਅਗੋਂ ਸੰਤਾ ਸਿੰਘ ਜੀ ਨੇ ਜੁਆਬੀ ਬਚਨ ਕੀਤਾ ਕਿ ਬਸ ਐਹੋ ਹੀ ਗੱਲ ਹੈ ਕਿ ਉਹ ਅਵਸਥਾ ਹੀ ਐਸੀ ਹੁੰਦੀ ਹੈ ਕਿ ਪਤਾ ਹੀ ਨਹੀਂ ਲੱਗਦਾ।

ਲੀਡਜ਼ ਇੰਗਲੈਂਡ ਮੇਰੇ ਕੋਲ ਬਿਲਕੁਲ ਨਾਲ ਦੇ ਟਾਊਨ ਵੇਕਫੀਲਡ ਤੋਂ ਇਕ ਸਰਦਾਰ ਜੀ ਜਿਨ੍ਹਾਂ ਦਾ ਨਾਮ ਜਗਦੀਸ਼ ਸਿੰਘ ਭੋਗਲ ਹੈ, ਆਪਣੀ ਪੋਤੀ ਨੂੰ ਸਿਤਾਰ ਸਿਖਾਉਣ ਲਿਆਉਂਦੇ ਹਨ। ਇਹ ਬੜੇ ਹੀ ਗੁਰਮੁਖ ਸੁਭਾਅ ਵਾਲੇ ਹਨ। ਇਹ ਸਾਡੇ ਸਾਊਥਹਾਲ ਦੇ ਸਾਬਕਾ ਪ੍ਰਧਾਨ ਸੰਤ ਕੁਲਦੀਪ ਸਿੰਘ ਚਾਨਾ (ਹੁਣ ਸੀਨੀਅਰ ਐਡਵਾਈਜ਼ਰ) ਦੇ ਨਜ਼ਦੀਕੀ ਰਿਸ਼ਤੇਦਾਰ ਹਨ। ਓਹਨਾਂ ਮੈਨੂੰ ਇਕ ਗੱਲ ਸੁਣਾਈ। ਇਕ ਵਾਰ ਹਿੰਦੁਸਤਾਨ ਫੇਰੀ ਸਮੇਂ ਉਹ ਲੁਧਿਆਣਾ ਹਵਾਈ ਅੱਡੇ ਤੇ ਸਨ। ਉਹਨਾਂ ਨੂੰ ਪਤਾ ਲੱਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਵੀ ਪਧਾਰੇ ਹੋਏ ਹਨ। ਇਸ ਤੋਂ ਪਹਿਲਾਂ ਉਹਨਾਂ ਸਤਿਗੁਰੂ ਜੀ ਦੇ ਕਦੀ ਵੀ ਦਰਸ਼ਨ ਨਹੀਂ ਸਨ ਕੀਤੇ। ਉਹ ਕਹਿੰਦੇ ਹਨ ਕਿ ਜਦੋਂ ਮੈਂ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕਿਆ ਤਾਂ ਸਤਿਗੁਰੂ ਜੀ ਮੈਨੂੰ ਇਕਦਮ ਪੁਛਣ ਲੱਗ ਪਏ ਕਿ ਕੁਲਦੀਪ ਸਿੰਘ ਹੋਰਾਂ ਦਾ ਕੀਹ ਹਾਲ ਹੈ। ਉਹ ਕਹਿੰਦੇ ਹਨ ਕਿ ਮੈਂ ਬਹੁਤ ਹੈਰਾਨ ਹੋਇਆ ਕਿ ਮੈਂ ਤਾਂ ਕਦੀ ਪਹਿਲਾਂ ਸਤਿਗੁਰੂ ਜੀ ਨੂੰ ਮਿਲਿਆ ਹੀ ਨਹੀਂ ਅਤੇ ਨਾ ਹੀ ਕਦੀ ਕੁਲਦੀਪ ਸਿੰਘ ਜੀ ਦੇ ਨਾਲ ਜਾ ਕੇ ਇਹਨਾਂ ਦੇ ਦਰਸ਼ਨ ਕਰ ਸਕਿਆਂ। ਸਤਿਗੁਰਾਂ ਦਾ ਬਚਨ ਸੁਣ ਕੇ ਮੈਂ ਯਕਦਮ ਹਿਲ ਗਿਆ ਹੈਰਾਨ ਵੀ ਹੋਇਆ ਤੇ ਖੁਸ਼ ਵੀ ਹੋਇਆ ਕਿ ਇਹ ਤਾਂ ਠੀਕ ਹੀ ਅੰਤਰਜਾਮੀ ਹਨ।

ਕੰਵਲਜੀਤ ਸਿੰਘ ਚਾਨਾ, ਇੰਗਲੈਂਡ ਵਾਲਾ ਬਹੁਤ ਭਾਰੇ ਸਰੀਰ ਦਾ ਕਲਾਕਾਰ ਹੈ। ਸ਼ਬਦ ਗਾਇਣ ਵੀ ਕਰਦਾ ਹੈ ਅਤੇ ਤਬਲਾ ਵੀ ਬਹੁਤ ਵਧੀਆ ਵਜਾਉਂਦਾ ਹੈ। ਇੰਗਲੈਂਡ ਵਿਚ ਤੜਕੇ ਆਸਾ ਦੀ ਵਾਰ ਦਾ ਬਹੁਤ ਭਰਵਾਂ ਕੀਰਤਨ ਹੋ ਰਿਹਾ ਸੀ। ਉਸਨੇ ਤਬਲਾ ਵਾਦਨ ਕਰਦਿਆਂ ਆਸਾ ਦੀ ਵਾਰ ਦੀ ਪਉੜੀ ਪਾਠ ਦੇ ਵਕਫੇ ਵਿਚ ਹੀ ਜਗਦੀਸ਼ ਸਿੰਘ ਹੋਰਾਂ ਨੂੰ ਇਸ਼ਾਰੇ ਨਾਲ ਦੱਸਿਆ ਕਿ ਕੀਰਤਨ ਕਰਦਿਆਂ ਜ਼ੋਰ ਹੋ ਗਿਆ ਹੈ ਅਤੇ ਪੇਟ ਤੇ ਵੀ ਹੱਥ ਫੇਰ ਕੇ ਸਮਝਾਇਆ ਕਿ



Namdhari Elibrary NamdhariElibrary@gmail.com

ਬਹੁਤ ਭੁਖ ਵੀ ਲੱਗੀ ਹੈ। ਸਤਿਗੁਰੂ ਜੀ ਦਾ ਉਸੇ ਸਮੇਂ ਸ਼ਬਦ ਆਰੰਭ ਹੋਇਆ-

ਪ੍ਰਭ ਦੇਖਦਿਆ ਦੁਖ ਭੁਖ ਗਈ
ਢਾਢੀ ਕਉ ਮੰਗਣੁ ਚਿਤਿ ਨ ਆਵੈ॥
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ॥
ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥

ਥਾਈਲੈਂਡ ਵਿਚ ਦੀਵਾਨ ਕੀਰਤਨ ਸਮੇਂ ਕਿਸੇ ਨੇ ਸੋਨੇ ਦੀ ਜ਼ੰਜੀਰੀ ਭੇਟਾ ਕੀਤੀ। ਸਤਿਗੁਰੂ ਜੀ ਉਸਨੂੰ ਸਪਨੀ ਵਾਂਗ ਬਣਾ ਕੇ ਆਸਣ ਤੇ ਘੁਮਾਣ ਲੱਗ ਪਏ ਅਤੇ ਨਾਲ ਹੀ ਰਾਗ ਸ਼ੰਕਰਾ ਵਿਚ ਇਕ ਬੰਦਸ਼ ਗਾਣੀ ਸ਼ੁਰੂ ਕੀਤੀ ਸ਼ਬਦ ਸੀ "ਸਰਪਣੀ ਤੇ ਉਪਰ ਨਹੀਂ ਬਲੀਆ, ਜਿਨ ਬ੍ਰਹਮਾ ਬਿਸਨ ਮਹਾਦੇਵ ਛਲੀਆ।...

ਇਕ ਸਿੰਘ ਪਾਲ ਸਿੰਘ ਨਾਮ ਦਾ ਸਿੰਘ ਦੀਵਾਨ ਵਿਚ ਸਤਿਗੁਰੂ ਜੀ ਨੂੰ ਮੱਥਾ ਟੇਕਣ ਆਇਆ। ਦੁਪਹਿਰ ਦੇ ਕੀਰਤਨ ਵਿਚ ਸਤਿਗੁਰੂ ਜੀ ਸ਼ਬਦ ਪੜ੍ਹ ਰਹੇ ਸਨ। ਉਹਨੂੰ ਵੇਖ ਕੇ ਹੀ ਸਤਿਗੁਰੂ ਜੀ ਨੇ ਭਗਤ ਕਬੀਰ ਦਾ ਦੋਹਾ ਪੜ੍ਹਨਾ ਸ਼ੁਰੂ ਕੀਤਾ। ਰਾਗ ਭੋਪਾਲੀ ਵਿਚ ਸੁਰਬਧ ਕਰਕੇ ਸਤਿਗੁਰੂ ਜੀ ਨੇ ਬਹੁਤ ਸੁੰਦਰ ਬੰਦਿਸ਼ ਬਣਾ ਕੇ ਗਾਇਆ।

ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨਾ ਸਕੈ ਕੋਈ ਨੀਰੁ॥ ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥

ਤਿੰਨ ਤਾਲ ਦੇ ਇਸ ਸ਼ਬਦ ਦੀ ਬੰਦਿਸ਼ ਦੀ ਖੂਬਸੂਰਤੀ ਇਹ ਹੈ ਕਿ ਇਹ ਸਮ ਤੋਂ ਹੀ ਸ਼ੁਰੂ ਹੁੰਦੀ ਹੈ। ਇਹ ਸਤਿਗੁਰੂ ਜੀ ਦੀ ਤੱਟ ਫੱਟ ਵੇਖ ਕੇ ਬਣਾਈ ਆਪਣੀ ਰਚਨਾ ਹੀ ਹੈ। ਅਜਿਹੀਆਂ ਸੰਗੀਤ ਰਚਨਾਵਾਂ ਆਪ ਤਟ ਫਟ ਸਹਿਜੇ ਹੀ ਕੰਪੋਜ਼ ਕਰ ਲੈਂਦੇ ਹਨ।

ਇਕ ਵਾਰੀ ਦਿੱਲੀ ਸੇਠ ਤ੍ਰਲੋਕ ਸਿੰਘ ਜੀ ਦੀ ਕੋਠੀ ਸਤਿਗੁਰੂ ਜੀ ਆਪਣੇ ਸਾਜ਼ ਦਿਲਰੁਬਾ ਤੇ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਤਰਬ ਵਾਦਨ ਕਰ ਰਹੇ ਸੀ। ਇਹ ਤਰਬ ਵਾਦਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਵਿਸ਼ੇਸ਼ ਦੇਣ ਹੈ। ਦਿਲਰੁਬਾ ਵੈਸੇ ਤਾਂ ਗਜ਼ ਨਾਲ ਵਜਾਇਆ ਜਾਂਦਾ ਹੈ ਪਰ ਸਤਿਗੁਰੂ ਜੀ ਇਸਨੂੰ ਆਪਣੀ ਗੋਦ ਵਿਚ ਰੱਖ ਕੇ ਪਰਦਿਆਂ ਦੇ ਹੇਠਲੀਆਂ ਤਰਬਾ ਨੂੰ ਖਾਸ ਤੌਰ ਤੇ ਛੇੜ ਕੇ ਇਸ ਤਰ੍ਹਾਂ ਰਾਗਦਾਰੀ ਕਰਦੇ ਹਨ ਕਿ ਇਸ ਵਿਚੋਂ ਸੰਤੂਰ ਵਾਦਨ ਦਾ ਭੁਲੇਖਾ ਪੈਂਦਾ ਹੈ ਅਤੇ ਇਸ ਵਾਦਨ ਦੇ ਆਪ ਸਿਧ ਹਸਤ ਮਾਹਰ ਹਨ। ਇਹ ਤਰਬ ਵਾਦਨ ਸੁਣ ਕੇ ਵੱਡੇ ਵੱਡੇ ਕਲਾਕਾਰ ਅੱਸ਼ ਅੱਸ਼ ਵਾਹ ਵਾਹ ਕਰ ਉਠਦੇ ਹਨ। ਸੰਗੀਤ ਸਭਾ ਵਿਚ ਵਿਸਮਾਦੀ ਮਾਹੌਲ ਸੀ। ਅਸੀਂ ਸਭ ਸੰਗੀਤ ਵਿਦਿਆਰਥੀ ਉਸ ਦਾ ਅਨੰਦ ਲੈ ਰਹੇ ਸਾਂ। ਤਾਂ ਹੀ ਇਕ ਬਹੁਤ ਨੇੜੇ ਦੇ ਵਿਅਕਤੀ ਆਏ। ਸ਼ਾਇਦ ਓਹਨਾਂ ਕੋਈ ਸਤਿਗੁਰਾਂ ਅਗੇ ਅਰਜ਼ ਕਰਨੀ ਹੋਵੇ। ਪਰ ਉਹ ਸਤਿਗੁਰਾਂ ਨੂੰ ਇੰਝ ਰੁੱਝਿਆ ਵੇਖ ਕੇ ਪੰਜ ਕੁ ਮਿੰਟ ਖੜੇ ਹੋ ਕੇ ਉਡੀਕ ਕੇ ਵਾਪਸ ਚਲੇ ਗਏ। ਉਸ ਤੋਂ ਬਾਦ ਇਕ ਹੋਰ ਨਿਕਟਵਰਤੀ ਵਿਸ਼ੇਸ਼ ਹਸਤੀ ਆਈ। ਇਸ ਵੇਲੇ ਸਤਿਗੁਰੂ ਜੀ ਪ੍ਰੋਗਰਾਮ ਸਮਾਪਤ ਕਰਨ ਵਾਸਤੇ ਅਖਰੀਲੀ ਤਿਹਾਈ ਵਜਾ ਰਹੇ ਸਨ। ਪਰ ਇਥੋਂ ਹੀ ਸਤਿਗੁਰੂ ਜੀ ਨੇ ਵਾਦਨ ਦਾ ਏਨਾ ਪਸਾਰ ਕਰ ਦਿੱਤਾ ਕਿ ਲਗਭਗ ਸਵਾ ਘੰਟਾ ਹੋਰ ਲੱਗ ਗਿਆ। ਸਤਿਗੁਰਾਂ ਦੀ ਸੰਗੀਤ ਪ੍ਰਤੀ ਲਗਨ ਦਾ ਇਹ ਪ੍ਰਮਾਣ ਹੈ।

ਸਤਿਗੁਰੂ ਜੀ ਹਰ ਪ੍ਰਸਥਿਤੀ ਵਿਚ ਕਿਵੇਂ ਅਨੰਦ ਵਿਚ ਵਿਚਰਦੇ ਹਨ ਇਸਦੀ ਇਕ ਸੰਖੇਪ ਜਿਹੀ ਮਿਸਾਲ ਪੇਸ਼ ਕਰਦਾ ਹਾਂ ਜੋ ਰੌਚਕ ਵੀ ਹੈ।

ਇਕ ਵਾਰ ਅਸੀਂ ਸਾਰਾ ਰਾਗੀ ਜੱਥਾ ਸ੍ਰੀ ਸਤਿਗੁਰੂ ਜੀ ਨਾਲ ਮੱਧ ਪ੍ਰਦੇਸ਼ ਦੇ ਦੌਰੇ ਤਾਂ ਸਾਂ। ਕਾਫੀ ਗੱਡੀਆਂ ਸਾਰਾ ਸਟਾਫ ਨਾਲ ਸੀ ਜਿਸ ਵਿਚ ਸੇਵਕ ਅਤੇ ਸੁਰੱਖਿਆ ਕਰਮਚਾਰੀ ਵੀ ਨਾਲ ਸਨ। ਇਹ ਮੱਧ ਪ੍ਰਦੇਸ਼ ਦੇ ਨਗਰ ਸ਼ਿਵਪੁਰੀ ਦੀ ਘਟਨਾ ਹੈ। ਸਤਿਗੁਰਾਂ ਦੇ ਜੱਥੇ ਨੂੰ ਵੇਖ ਕੇ ਸਥਾਨਕ ਪਟਰੌਲ ਪੰਪ ਤੇ ਬਹੁਤ ਸਾਰੇ ਲੋਕ ਇਕੱਤਰ ਹੋ ਗਏ। ਪਹਿਲਾਂ ਤਾਂ ਓਹਨਾਂ ਸਮਝਿਆ ਕਿ ਕੋਈ ਸਿਆਸੀ ਲੀਡਰ ਮੰਤਰੀ ਆਦਿ ਹੋਵੇਗਾ ਪਰ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ "ਗੁਰੂ ਜੀ" ਇਸ ਥਾਂ ਆਏ ਹਨ ਤਾਂ ਉਹ ਪ੍ਰਨਾਮ ਕਰਨ ਆ ਗਏ। ਸਤਿਗੁਰੂ ਜੀ ਨੇ ਉਹਨਾਂ ਨੂੰ ਛੋਟਾ ਜਿਹਾ ਉਪਦੇਸ਼ ਕਾਰ 'ਚ ਬੈਠਿਆਂ ਸ਼ੀਸ਼ੇ ਨੀਵੇਂ ਕਰ ਕੇ ਦਿੱਤਾ ਕਿ ਇਹ ਸ਼ਿਵਪੁਰੀ ਸ਼ਿਵ ਜੀ ਭਗਵਾਨ ਦੇ ਨਾਂਅ ਤੇ ਬਣੀ ਹੋਈ ਹੈ। ਭਗਵਾਨ ਸ਼ਿਵ ਦੇ ਗਲੇ ਵਿਚ ਜ਼ਹਿਰ ਦਾ ਨਿਵਾਸ ਸੀ। ਇਸਦੇ ਬਾਵਜੂਦ ਵੀ ਉਹ ਸ਼ਾਂਤ ਰਹਿੰਦੇ ਸਨ। ਤੁਸੀਂ ਉਹਨਾਂ ਦੇ ਨਾਮ ਤੇ ਵਸੇ ਨਗਰ ਦੇ ਨਿਵਾਸੀ ਹੋਣ ਦੇ ਨਾਤੇ ਏਡੇ ਵੱਡੇ ਭਗਵਾਨ ਦਾ ਨਾਮ ਜਪਿਆ ਕਰੋ। ਇਸ ਤੇ ਓਸ ਦੌਰੇ ਦੇ ਮੁੱਖ ਪ੍ਰਬੰਧਕ ਜੋ ਬਾਹਰ ਖੜੇ ਸਨ ਰੋਣ ਲੱਗ ਪਏ। ਜਾਪਦਾ ਸੀ ਉਹ ਕਾਫੀ ਵੈਰਾਗੀ ਹੋ ਚੁੱਕੇ ਹਨ। ਕਾਫੀ ਦੇਰ ਉਹ ਏਸ ਅਵਸਥਾ ਵਿਚ ਰਹੇ। ਆਖਰ ਸਤਿਗੁਰਾਂ ਉਹਨਾਂ ਨੂੰ ਪੁੱਛ ਹੀ ਲਿਆ ਤੁਸੀਂ ਚੁੱਪ ਕਿਓਂ ਨਹੀਂ ਕਰਦੇ ਤਾਂ ਉਹ ਰੋਂਦੇ ਹੋਏ ਕਹਿਣ ਲੱਗੇ, ਸੱਚੇ ਪਾਤਸ਼ਾਹ ਪੈਸੇ ਮੁੱਕ ਗਏ ਹਨ, ਗੱਡੀਆਂ ਵਿਚ ਪਟਰੋਲ ਕਿਵੇਂ ਪੁਆਈਏ। ਇਸ ਤੇ ਸਤਿਗੁਰੂ ਜੀ ਕਹਿਣ ਲੱਗੇ ਇਹਦੇ ਵਿਚ ਰੋਣ ਵਾਲੀ ਕਿਹੜੀ ਗੱਲ ਹੈ ਅਸੀਂ ਆਪ ਪੈਸੇ ਖਰਚ ਕੇ ਪੈਟਰੋਲ ਪੁਆ ਲੈਂਦੇ ਹਾਂ। ਇਹ ਗੱਲ ਸੁਣਦਿਆਂ ਹੀ ਗੁਰੂ ਕਾ ਖਜ਼ਾਨਚੀ ਬੁੜ ਬੁੜ ਕਰਨ ਲੱਗ ਪਿਆ "ਹੂੰ ਮੇਲੇ ਮੰਗ ਲੈਂਦੇ ਨੇ ਤੇ ਪੈਸਾ ਟੱਕਾ ਦਾ ਇਹ ਪਰਬੰਧ ਨਹੀਂ ਕਰ ਸਕਦੇ।" ਸਤਿਗੁਰੂ ਜੀ ਉਸ ਲੀਡਰ ਦਾ ਅਤੇ ਖਜ਼ਾਨਚੀ ਦੋਹਾਂ ਦਾ ਅਨੰਦ ਲੈ ਰਹੇ ਸਨ। ਅਸੀਂ ਸਾਰੇ ਇਹ ਦ੍ਰਿਸ਼ ਅਨੰਦ ਮਾਣ ਰਹੇ ਸਾਂ।



Namdhari Elibrary NamdhariElibrary@gmail.com

# ਤੁਮਰੀ ਮਹਿਮਾ ਬਰਨਿ ਨ ਸਾਕਉ

*—ਬਲਜੀਤ ਸਿੰਘ ਰਾਗੀ*



ਸੰਨ ੨੦੦੪ ਵਿਚ ਪੰਜਾਬ ਸਰਕਾਰ ਨੇ ਸਾਨੂੰ "ਸ਼੍ਰੋਮਣੀ ਰਾਗੀ" ਅਵਾਰਡ ਦੇਣ ਦਾ ਐਲਾਨ ਕੀਤਾ। ਅਖ਼ਬਾਰਾਂ, ਟੀ.ਵੀ, ਰੇਡੀਓ ਤੋਂ ਅਨਾਊਂਸ ਹੋ ਗਿਆ। ਤੇ ਬਹੁਤ ਸਾਰੇ ਪਿਆਰ ਕਰਨ ਵਾਲਿਆਂ ਨੇ ਟੈਲੀਫੋਨ ਵਧਾਈਆਂ ਦਿੱਤੀਆਂ। ਇਸ ਤਰ੍ਹਾਂ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਖ਼ੁਸ਼ੀ ਸਾਨੂੰ ਵੀ ਬੜੀ ਹੋਈ-ਮਨ ਬੜਾ ਪ੍ਰਸੰਨ ਹੋਇਆ। ਪੰਜਾਬ ਸਰਕਾਰ ਵਲੋਂ ਅਵਾਰਡ ਦੇਣ ਦੀ ਤਾਰੀਖ ਮਿਥੀ ਗਈ। ਪਟਿਆਲੇ ਤੋਂ ਟੈਲੀਫੋਨ ਆਇਆ ਤੁਹਾਨੂੰ ਪਤਾ ਲੱਗ ਹੀ ਗਿਆ ਹੋਵੇਗਾ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਵਿਭਾਗ ਆਪ ਨੂੰ ਪਟਿਆਲਾ ਪੰਜਾਬੀ ਯੂਨੀਵਰਸਿਟੀ ਵਿਖੇ ਸੰਨ ੨੦੦੪ ਦਾ "ਸ਼੍ਰੋਮਣੀ ਰਾਗੀ" ਅਵਾਰਡ ਦੇ ਰਹੀ ਹੈ ਅਤੇ ਅਵਾਰਡ ਨਾਲ ਇਕ ਲੱਖ ਰੁਪਏ ਦਾ ਚੈਕ ਵੀ ਦਿੱਤਾ ਜਾਵੇਗਾ। ਦਿਨ ਬੀਤਦੇ ਗਏ ਫਿਰ ਉਹ ਦਿਨ ਆ ਗਿਆ ਜਿਸ ਦਿਨ ਅਸੀਂ ਪਟਿਆਲੇ ਜਾਣਾ ਸੀ। ਸਵੇਰੇ ਮੇਰੇ ਮਨ ਵਿਚ ਆਇਆ ਅਸੀਂ ਮਿਹਨਤ ਤਾਂ ਬੜੀ ਕੀਤੀ ਏ, ਰਾਤ ਦਿਨ ਬੈਠ ਕੇ ਰਿਆਜ਼ ਕੀਤਾ ਏ। ਸਾਡੇ ਮਾਤਾ ਪਿਤਾ ਜੀ ਨੇ ਵੀ ਸਾਡਾ ਬੜਾ ਸਾਥ ਦਿੱਤਾ ਏ, ਸਾਡੇ ਨਾਲ ਉਸਤਾਦਾਂ ਕੋਲ ਜਾ-ਜਾ ਕੇ ਮਿਹਨਤ ਕਰਾਈ ਏ, ਕੋਲ ਬੈਠ ਕੇ ਮਿਹਨਤ ਕਰਾਈ ਏ, ਸਾਨੂੰ ਉੱਦਮ ਦਿੱਤਾ ਏ, ਹਰ ਪਾਸਿਓਂ ਸਾਡਾ ਸਾਥ ਦਿੱਤਾ ਏ, ਪਰ ਇਹ ਅਵਾਰਡ ਸਾਡੀ ਮਿਹਨਤ ਨਾਲ ਨਹੀਂ ਮਿਲ ਰਿਹਾ, ਕਿਉਂਕਿ ਇਨਸਾਨ ਦੀ ਮਿਹਨਤ ਧਰੀ ਦੀ ਧਰੀ ਰਹਿ ਜਾਂਦੀ ਹੈ ਜੇ ਸਤਿਗੁਰ ਸਾਥ ਨਾ ਦੇਵੇ। ਬਾਣੀ ਵਿਚ ਲਿਖਿਆ ਹੈ। ਲਖ ਖੁਸੀਆ ਪਾਤਸਾਹੀਆ, ਜੇ ਸਤਿਗੁਰ ਨਦਰਿ ਕਰਇ॥ ਤੇ ਮਨ ਵਿਚ ਆਇਆ ਇਹ ਅਵਾਰਡ ਸਤਿਗੁਰਾਂ ਦਾ ਹੈ ਸਾਡਾ ਨਹੀਂ ਕਿਉਂਕਿ ਸਤਿਗੁਰਾਂ ਨੇ ਕ੍ਰਿਪਾ ਕਰਕੇ ਸਾਨੂੰ ਇਸ ਮੁਕਾਮ ਤੱਕ ਪਹੁੰਚਾਇਆ। ਇਹ ਸਹੀ ਬਖਸ਼ਿਸ਼ ਸਤਿਗੁਰਾਂ ਦੀ ਹੈ। ਭਾਵੇਂ ਸਤਿਗੁਰਾਂ ਨੂੰ ਇਹਨਾਂ ਚੀਜ਼ਾਂ ਨਾਲ ਲੇਪ ਨਹੀਂ। ਇਹ ਦੁਨੀਆਦਾਰੀ ਦੀਆਂ ਚੀਜ਼ਾਂ, ਸਤਿਗੁਰ ਤੋਂ ਪਰੇ ਹਨ। ਕੋਸੋਂ ਦੂਰ ਹਨ। ਪਰ ਉਸ ਵੇਲੇ ਜੋ ਮੈਨੂੰ ਸਤਿਗੁਰ ਜਣਾ ਰਹੇ ਸਨ। ਉਹ ਗੱਲਾਂ ਮੈਂ ਆਪ ਨਾਲ ਸਾਂਝੀਆਂ ਕਰ ਰਿਹਾ ਹਾਂ।

ਮੈਂ ਆਪਣੇ ਪਰਿਵਾਰ ਦੇ ਕਿਸੇ ਮੈਂਬਰ ਨਾਲ ਇਹ ਗੱਲ ਨਹੀਂ ਕੀਤੀ, ਸਿਰਫ ਮੈਂ ਆਪਣੇ ਮਨ ਵਿਚ ਹੀ ਰੱਖੀ। ਅਸੀਂ ਤਿੰਨੋਂ ਜਣੇ ਪਿਤਾ ਜੀ, ਮੈਂ, ਤੇ ਛੋਟਾ ਭਰਾ ਘਰੋਂ ਗੱਡੀ ਲੈ ਕੇ ਪਟਿਆਲੇ ਪਹੁੰਚ ਗਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਡੀਟੋਰੀਅਮ ਵਿਚ ਬੜੀ ਗਹਿਮਾ ਗਹਿਮੀ ਸੀ। ਥੋੜੀ ਦੇਰ ਵਿਚ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਪ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਤੇ ਪਛਮੀ ਪੰਜਾਬ (ਪਾਕਿਸਤਾਨ) ਦੇ ਮੁੱਖ ਮੰਤਰੀ ਵੀ ਨਾਲ ਆ ਗਏ, ਜੋ ਮੁੱਖ ਮਹਿਮਾਨ ਸਨ ਇਸ ਪ੍ਰੋਗਰਾਮ ਦੇ। ਪ੍ਰੋਗਰਾਮ ਸ਼ੁਰੂ ਹੋਣ ਹੀ ਵਾਲਾ ਸੀ ਕਿ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਵੀ ਪਹੁੰਚ ਗਏ ਜੋ ਉਸ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸਨ। ਸਟੇਜ ਤੋਂ ਤਰਤੀਬ ਵਾਰ ਅਨਾਊਂਸਮੈਂਟ ਸ਼ੁਰੂ ਹੋਈ ਕਿਉਂਕਿ ਹੋਰ ਵੀ ਕਈ ਹੋਣਹਾਰ ਕਲਾਕਾਰਾਂ, ਸਾਹਿਤਕਾਰਾਂ, ਜਿਨ੍ਹਾਂ ਆਪਣੇ-ਆਪਣੇ ਖੇਤਰ ਵਿਚ ਮਲਾਂ ਮਾਰੀਆਂ ਸਨ, ਨੂੰ ਵੀ ਸਨਮਾਨਤ ਕੀਤਾ ਜਾ ਰਿਹਾ ਸੀ। ਕੁਝ ਨਾਵਾਂ ਤੋਂ ਬਾਅਦ ਮੇਰਾ ਨਾਮ ਅਨਾਊਂਸ ਹੋਇਆ, ਭਾਈ ਬਲਜੀਤ ਸਿੰਘ ਨਾਮਧਾਰੀ ਸਟੇਜ ਤੇ ਆ ਜਾਣ, ਨਾਲ ਹੀ ਸੰਖੇਪ ਵਿਚ ਸਾਡੀਆਂ ਕੁਝ ਉਪਲੱਬਧੀਆਂ ਬਾਰੇ ਸਟੇਜ ਸਕੱਤਰ ਨੇ ਦੱਸਣਾ ਸ਼ੁਰੂ ਕੀਤਾ। ਇਤਨੀ ਦੇਰ ਵਿਚ ਮੈਂ ਸਟੇਜ ਤੇ ਪਹੁੰਚ ਗਿਆ ਸਾਂ। ਓਧਰੋਂ ਇਕ ਟ੍ਰੇਅ ਵਿਚ ਰੱਖ ਕੇ ਦੋ ਬੀਬੀਆਂ ਲੈ ਆਈਆਂ-ਸ਼ਾਲ, ਗੋਲਡ ਮੈਡਲ, ਮੋਮੈਂਟੋ ਤੇ ਇਕ ਲੱਖ ਰੁਪਏ ਦਾ ਚੈਕ। ਫਿਰ ਦੁਬਾਰਾ ਅਨਾਊਂਸਮੈਂਟ ਹੋਈ ਤੇ ਕੈਪਟਨ ਅਮਰਿੰਦਰ ਸਿੰਘ-ਬੀਬੀ ਰਜਿੰਦਰ ਕੌਰ ਭੱਠਲ ਤੇ ਸ. ਹਰਵਿੰਦਰ ਸਿੰਘ ਹੰਸਪਾਲ ਹਥੀਂ ਇਹ ਸਾਰਾ ਕੁਝ ਵਾਰੀ-ਵਾਰੀ ਮੈਨੂੰ ਸਨਮਾਨ ਵਜੋਂ ਦੇ ਦਿੱਤਾ ਗਿਆ। ਏਸੇ ਸਨਮਾਨ ਦੇ ਨਾਲ ਇਕ ਡਿਨਰ ਪਾਸ ਵੀ ਸੀ। ਉਹ ਰਾਤੀਂ ੮ ਵਜੇ ਰਾਜਮਹਿਲ ਵਿਚ ਮੁੱਖ ਮੰਤਰੀ ਨਾਲ ਰੋਟੀ ਖਾਣ ਦਾ ਸੱਦਾ ਪੱਤਰ ਸੀ।

ਅਸੀਂ ਰੋਟੀ ਰੁਟੀ ਤੇ ਕੀ ਖਾਣੀ ਸੀ, ਬੱਸ ਮਨ ਵਿਚ ਇਹੋ ਸੀ ਕਿ ਕਿਹੜੇ ਵੇਲੇ ਸ੍ਰੀ ਭੈਣੀ ਸਾਹਿਬ ਜਾ ਕੇ ਦਰਸ਼ਨ ਕਰੀਏ ਸਤਿਗੁਰਾਂ ਦੇ। ਹੁਣ ਯੂਨੀਵਰਸਿਟੀ ਤੋਂ ਬਾਹਰ ਨਿਕਲੇ ਤੇ ਆਪਣੇ ਦਿਲ ਦੀ ਸਾਰੀ ਗੱਲ ਪਿਤਾ ਜੀ ਨਾਲ ਕੀਤੀ। ਪਿਤਾ ਜੀ ਨੇ ਮੇਰੀ ਗੱਲ ਸੁਣਦੇ ਹੀ ਜਵਾਬ ਦਿੱਤਾ, ਤੇਰੇ ਮਨ ਵਿਚ ਤਾਂ ਅੱਜ ਆਇਆ ਏ ਪਰ ਮੇਰੇ ਮਨ ਵਿਚ ਤਾਂ ਉਸ ਦਿਨ ਤੋਂ ਹੀ ਫੁਰਨਾ ਹੋਇਆ ਹੈ ਕਿ ਇਹ ਸਾਰੀ ਸਤਿਗੁਰਾਂ ਦੀ ਬਖਸ਼ਿਸ਼ ਹੈ। ਤੇ ਇਹ ਸਭ ਕੁਝ ਸਤਿਗੁਰਾਂ ਨੂੰ ਭੇਟ ਕਰਨਾ ਚਾਹੀਦਾ ਹੈ। ਚਲੋ ਬਹੁਤ ਵਧੀਆ ਹੋਇਆ ਜੋ ਤੇਰੇ ਮਨ



Namdhari Elibrary NamdhariElibrary@gmail.com

ਵਿਚ ਵੀ ਇਹ ਆਇਆ ਏ। ਆਪਾਂ ਇਕੱਠੇ ਜਾ ਕੇ ਸਤਿਗੁਰਾਂ ਨੂੰ ਭੇਟ ਕਰ ਕੇ ਆਉਂਦੇ ਹਾਂ। ਮੇਰੇ ਮਨ ਨੂੰ ਹੋਰ ਤਸੱਲੀ ਹੋ ਗਈ, ਮਨ ਹੋਰ ਪੱਕਾ ਹੋ ਗਿਆ। ਸ੍ਰੀ ਭੈਣੀ ਸਾਹਿਬ ਵੱਲ ਤੁਰ ਪਏ ਤੇ ਮੇਰੇ ਮਨ ਵਿਚ ਵਿਚਾਰ ਚਲ ਰਹੇ ਸਨ ਕਿ ਪਿਤਾ ਜੀ ਦੇ ਅੰਦਰ ਕਿਨ੍ਹੀ ਭਾਵਨਾ ਏ ਸਤਿਗੁਰਾਂ ਪ੍ਰਤੀ ਕਿਤਨਾ ਪਿਆਰ ਹੈ। ਰਾਤ ੯.੩੦ ਵਜੇ ਅਸੀਂ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਜਿਨ੍ਹਾਂ ਦੇ ਘਰ ਅਸੀਂ ਰਾਤ ਰੁੱਕੇ ਉਹਨਾਂ ਨੂੰ ਵੀ ਅਸੀਂ ਦੱਸਿਆ ਕਿ ਇਹ ਸਾਰਾ ਕੁਝ ਸੱਚੇ ਪਾਤਸ਼ਾਹ ਨੇ ਬਖਸ਼ਿਸ਼ ਕੀਤਾ ਹੈ ਤੇ ਇਹ ਸੱਚੇ ਪਾਤਸ਼ਾਹ ਜੀ ਨੂੰ ਭੇਟ ਕਰਨਾ ਹਾਂ। ਸਾਡੇ ਕੋਲ ਕੁਝ ਹੋਰ ਸਰੀਰ ਵੀ ਬੈਠੇ ਸਨ। ਉਹ ਸਾਨੂੰ ਕਹਿਣ ਲੱਗੇ ਮੰਨਦੇ ਹਾਂ ਸਤਿਗੁਰਾਂ ਤੁਹਾਡੇ ਤੇ ਬਖਸ਼ਿਸ਼ ਕੀਤੀ ਏ ਪਰ ਇਹ ਸਨਮਾਨ ਤੁਹਾਨੂੰ ਮਿਲਿਆ ਏ। ਇਹ ਤੁਹਾਡਾ ਹੈ ਤੁਸੀਂ ਸਤਿਗੁਰਾਂ ਨੂੰ ਦੱਸ ਦਿਓ ਲੇਕਿਨ ਦਿਓ ਨਾ। ਪਰ ਉਨ੍ਹਾਂ ਦੀ ਗੱਲ ਦਾ ਸਾਡੇ ਤੇ ਕੋਈ ਅਸਰ ਨਾ ਹੋਇਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿਚ ਸਤਿਗੁਰੂ ਜੀ ਦੇ ਦਰਸ਼ਨ ਦਿਦਾਰੇ ਕੀਤੇ। ਅਰਦਾਸ ਉਪਰੰਤ ਨਿਜੀ ਸੇਵਕ ਸੰਤ ਰਛਪਾਲ ਸਿੰਘ ਜੀ ਨਾਲ ਗੱਲ ਕਰ ਕੇ ਕੋਠੀ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸਮਾਂ ਲੈ ਲਿਆ। ਫਿਰ ਟਾਇਮ ਨਾਲ ਸਤਿਗੁਰੂ ਜੀ ਦੀ ਬਾਗ ਵਾਲੀ ਕੋਠੀ ਸਾਰਾ ਸਮਾਨ ਲੈ ਕੇ ਸਤਿਗੁਰੂ ਜੀ ਦੇ ਕਮਰੇ ਵਿਚ ਜਦੋਂ ਦਾਖਲ ਹੋਏ, ਤਾਂ ਸਤਿਗੁਰੂ ਜੀ ਨੇ ਬਚਨ ਕੀਤਾ "ਬਲਜੀਤ ਵਧਾਈ ਹੋਵੇ"। "ਸੱਚੇ ਪਾਤਸ਼ਾਹ ਜੀ ਆਪ ਜੀ ਨੂੰ ਪਤਾ ਸੀ"-ਅਸਾਂ ਪੁੱਛਿਆ ਉੱਤਰ ਸੀ "ਮੈਂ ਅਖਬਾਰ ਵਿਚ ਪੜ੍ਹ ਲਿਆ ਸੀ।" ਅਸੀਂ ਝੱਟ ਨਾਲ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਇਹ ਬਖਸ਼ਿਸ਼ਾਂ ਆਪ ਜੀ ਦੀਆਂ ਦਿੱਤੀਆਂ ਹੋਈਆਂ ਹਨ। ਹੁਕਮ ਹੋਇਆ ਅੱਗੇ ਆ ਜਾਓ। ਪਿਤਾ ਜੀ ਨੇ ਅਰਜ਼ ਕੀਤੀ "ਸੱਚੇ ਪਾਤਸ਼ਾਹ ਜੀ ਕ੍ਰਿਪਾ ਕਰੋ ਤੇ ਇਹ ਸਾਰਾ ਕੁਝ ਆਪ ਪ੍ਰਵਾਨ ਕਰੋ ਇਹ ਸਾਰਾ ਕੁਝ ਆਪ ਜੀ ਦਾ ਬਖਸ਼ਿਆ ਹੈ।" ਸਤਿਗੁਰੂ ਜੀ ਨੇ ਦੋਨੋਂ ਹੱਥ ਅੱਗੇ ਕਰ ਕੇ ਝੱਟ ਪ੍ਰਵਾਨ ਕਰ ਲਿਆ ਤੇ ਸਾਡੀਆਂ ਖੁਸ਼ੀਆਂ ਦਾ ਕੋਈ ਠਿਕਾਣਾ ਨਾ ਰਿਹਾ ਮਨ ਵਿਚ ਇਹ ਹੀ ਆ ਰਿਹਾ ਸੀ, ਘੱਟ ਘੱਟ ਦੇ ਅੰਤਰ ਕੀ ਜਾਨਤ। ਸਤਿਗੁਰੂ ਆਪਣੇ ਸੇਵਕਾਂ ਦੇ ਦਿਲਾਂ ਦੀਆਂ ਜਾਣਦਾ ਹੈ। ਸਾਰਾ ਸਮਾਨ ਫੜਦੇ ਹੋਏ ਸਤਿਗੁਰੂ ਜੀ ਨੇ ਬਚਨ ਕੀਤਾ-ਬਲਜੀਤ ਮੇਰੇ ਲਾਗੇ ਆ ਜਾ, ਆਪਣੇ ਗੋਡੇ ਨਾਲ ਬੈਠਾ ਲਿਆ ਤੇ ਸੇਵਕਾਂ ਨੂੰ ਹੁਕਮ ਕੀਤਾ ਫੋਟੋ ਖਿਚੋ। ਕੁਝ ਸਿੱਖ ਵਿਦੇਸ਼ ਤੋਂ ਤੇ ਕੁਝ ਲੁਧਿਆਣੇ ਤੋਂ ਆਏ ਹੋਏ ਸਨ। ਉਹਨਾਂ ਨੂੰ ਸਤਿਗੁਰੂ ਜੀ ਦੱਸਣ ਲੱਗ ਪਏ ਕਿ ਬਲਜੀਤ ਨੂੰ ਮੈਂ ਕਿਸ ਤਰ੍ਹਾਂ ਸਿਖਾਇਆ ਹੈ। ਸਤਿਗੁਰੂ ਜੀ ਨੇ ਬਚਨ ਸ਼ੁਰੂ ਕੀਤੇ ਤੇ ਮੈਨੂੰ ਉਹ ਸਾਰਾ ਸਮਾਂ ਯਾਦ ਆ ਗਿਆ ਜੋ ਕਦੇ ਭੁੱਲ ਨਹੀਂ ਸਕਦਾ-ਅਭੁੱਲ ਹੈ।

ਅਸੀਂ ਤਕਰੀਬਨ ੩੫ ਮੁੰਡੇ ਸ੍ਰੀ ਭੈਣੀ ਸਾਹਿਬ ਰਾਗ ਵਿਦਿਆ ਸਿਖਦੇ ਸਾਂ ਸਤਿਗੁਰਾਂ ਦੇ ਹੁਕਮ ਅਨੁਸਾਰ। ਮਹੀਨੇ ਵਿਚ ੧੫ ਦਿਨ ਲਈ ਉਸਤਾਦ ਮਹਿੰਦਰ ਸਿੰਘ ਜੀ ਅੰਮ੍ਰਿਤਸਰ ਤੋਂ ਆਉਂਦੇ ੧੫ ਦਿਨ ਵਾਸਤੇ ਉਸਤਾਦ ਹਰਭਜਨ ਸਿੰਘ ਦਿੱਲੀ ਤੋਂ ਆਉਂਦੇ ਸੰਗੀਤ ਸਿਖਾਉਣ ਲਈ। ਇਸ ਤੋਂ ਇਲਾਵਾ ਆਪ ਸਤਿਗੁਰੂ ਸੱਚੇ ਪਾਤਸ਼ਾਹ ਜੀ ਤੇ ਮਹਾਰਾਜ ਬੀਰ ਸਿੰਘ ਜੀ ਵੀ ਸੰਗੀਤ ਦੀਆਂ ਪੁਰਾਤਨ ਰੀਤਾਂ-ਲੈਅਕਾਰੀਆਂ-ਧਰੁਪੱਦ-ਧਮਾਰ ਤੇ ਨਵੀਆਂ-ਨਵੀਆਂ ਬੰਦਸ਼ਾਂ ਸਿਖਾਉਣ ਦੀ ਬਖਸ਼ਿਸ਼ ਕਰਦੇ ਰਹਿੰਦੇ। ਜਦੋਂ ਸਤਿਗੁਰੂ ਜੀ ਨੇ ਭੈਣੀ ਸਾਹਿਬ ਤੋਂ ਬਾਹਰ ਦੌਰੇ ਤੇ ਚਲੇ ਜਾਣਾ ਤਾਂ ਅਸੀਂ ਹੋਰ ਜ਼ਿਆਦਾ ਮਿਹਨਤ ਕਰਕੇ ਸਤਿਗੁਰਾਂ ਦੇ ਵਾਪਸ ਆਉਣ ਤੇ ਉਸਤਾਦਾਂ ਪਾਸੋਂ ਸਿੱਖੇ ਨਵੇਂ-ਨਵੇਂ ਸ਼ਬਦ-ਰੀਤਾਂ ਸੁਨਾਉਣੀਆਂ ਤਾਂ ਸਤਿਗੁਰੂ ਜੀ ਨੇ ਬਹੁਤ ਪ੍ਰਸੰਨ ਹੋਣਾ ਤੇ ਆਪ ਵੀ ਨਾਲ ਗਾਉਣ ਲੱਗ ਪੈਣਾ। ਫਿਰ ਤਿੰਨ-ਤਿੰਨ, ਚਾਰ-ਚਾਰ ਘੰਟੇ ਸਤਿਗੁਰੂ ਜੀ ਨੇ ਗਾਈ ਜਾਣਾ ਤੇ ਨਾਲ ਸਾਨੂੰ ਸਿਖਾਈ ਜਾਣਾ। ਕਈਆਂ ਨੇ ਥੱਕ ਜਾਣਾ ਤੇ ਸੋਚਣਾ ਇਹ ਕਦੋਂ ਖਤਮ ਹੋਵੇਗਾ ਤੇ ਕਦੋਂ ਪ੍ਰਸ਼ਾਦਾ ਛਕ ਕੇ ਅਰਾਮ ਕਰਾਂਗੇ। ਲੇਕਿਨ ਸਤਿਗੁਰੂ ਜੀ ਨੇ ਨਾ ਥੱਕਣਾ, ਨਾ ਅੱਕਣਾ। ਕਈ ਵਾਰੀ ਦੌਰੇ ਤੇ ਨਾਲ ਲੈ ਜਾਣਾ ਤਾਂ ਤੜਕੇ ਇਕ ਵਜੇ ਉਠਾ ਕੇ ਰਿਆਜ਼ ਸ਼ੁਰੂ ਕਰਾ ਦੇਣਾ। ਸਤਿਗੁਰੂ ਜੀ ਦੇ ਮਨ ਵਿਚ ਸਦਾ ਰਹਿੰਦਾ ਸੀ ਕਿ ਮੈਂ ਇਹਨਾਂ ਬੱਚਿਆਂ ਨੂੰ ਸਭ ਤੋਂ ਵਧੀਆ ਬਨਾਉਣਾ ਹੈ। ਭੈਣੀ ਸਾਹਿਬ ਕਈ ਵੇਰੀ ਜਦੋਂ ਉਸਤਾਦ ਜੀ ਕੋਲੋਂ ਸੰਗੀਤ ਸਿਖ ਕੇ ਬਾਹਰ ਨਿਕਲਣਾ, ਤਾਂ ਅਸੀਂ ਕੁਝ ਕੁ ਮੁੰਡਿਆਂ ਨੇ ਜਾਮੁਨ ਦੇ ਦਰਖਤਾਂ ਤੇ ਚੜ੍ਹ ਜਾਣਾ। ਜਾਮੁਨ ਤੋੜ-ਤੋੜ ਖਾਈ ਜਾਣੇ ਨਾਲੇ ਕੁਝ ਜੇਬਾਂ ਵਿਚ ਪਾਈ ਜਾਣੇ, ਤੇ ਥੱਲੇ ਖੜੇ ਸਾਥੀਆਂ ਨੂੰ ਵੀ ਉਤੋਂ ਨਾਲ-ਨਾਲ ਝੋਲੀਆਂ ਵਿਚ ਸੁੱਟੀ ਜਾਣੇ। ਇਸੇ ਤਰ੍ਹਾਂ ਰੋਜ਼ ਆਉਂਦਿਆਂ ਜਾਂਦਿਆਂ ਕਈ ਹੋਰ ਵੀ ਖੇਡਾਂ ਖੇਡਦੇ ਜਾਣਾ। ਸਮਾਂ ਬੀਤਦਾ ਗਿਆ ਸਿਖਲਾਈ ਤੇ ਮਿਹਨਤ ਵਧਦੀ ਗਈ। ਇਕ ਦਿਨ ਸਤਿਗੁਰੂ ਜੀ ਨੇ ਹੁਕਮ ਕੀਤਾ ਤਿਆਰ ਹੋ ਜਾਉ ਦਿੱਲੀ ਜਾਣਾ ਹੈ ਪੰਡਿਤ ਬਿਰਜੂ ਮਹਾਰਾਜ ਦਾ ਕਥਿੱਕ ਨ੍ਰਿਤ ਦੇਖਣ।

ਸਾਰੇ ਤਿਆਰ ਹੋ ਕੇ ਦਿੱਲੀ ਪਹੁੰਚ ਗਏ। ਦਿੱਲੀ ਦੇ ਮੰਡੀ ਹਾਊਸ ਵਿਖੇ ਕਮਾਨੀ ਹਾਲ ਵਿਚ ਜਾ ਕੇ ਦੇਖਿਆ, ਸਤਿਗੁਰੂ ਜੀ ਵਾਸਤੇ ਸਭ ਤੋਂ ਅੱਗੇ ਵਾਲੀ ਲਾਈਨ ਵਿਚ ਕੁਝ ਕੁਰਸੀਆਂ ਖਾਲੀ ਰੱਖੀਆਂ ਹੋਈਆਂ ਸਨ। ਪੂਰਬਾ ਜੀ ਨੇ ਕੁਰਸੀ ਤੇ ਸੀਟ ਰੱਖ ਦਿੱਤੀ ਤੇ ਸਤਿਗੁਰੂ ਜੀ ਬੈਠ ਗਏ। ਅਨਾਊਂਸਮੈਂਟ ਹੋਈ ਤੇ ਪੜਦਾ ਉੱਪਰ ਚਲਾ ਗਿਆ। ਉਸਤਤੀ ਬੰਦਨਾ ਖ਼ਤਮ ਕਰਦੇ ਹੋਏ ਬਿਰਜੂ ਮਹਾਰਾਜ ਮਾਈਕ ਤੇ ਆਏ-ਤੇ ਮੁਸਕੁਰਾਂਦੇ


Namdhari Elibrary NamdhariElibrary@gmail.com

ਹੋਏ ਬੜੀ ਨਿਮਰਤਾ ਨਾਲ ਸਤਿਗੁਰੂ ਜੀ ਦਾ ਸੁਆਗਤ ਕੀਤਾ-ਤੇ ਜੀ ਆਇਆਂ ਨੂੰ ਆਖਿਆ। ਤਕਰੀਬਨ ਸਵਾ ਕੁ ਘੰਟਾ ਬਹੁਤ ਵਧੀਆ ਲਾਜਵਾਬ ਨ੍ਰਿਤ ਕੀਤਾ ਬਿਰਜੂ ਮਹਾਰਾਜ ਨੇ। ਕ੍ਰਿਸ਼ਨ ਭਗਵਾਨ ਦੀਆਂ ਹੋਰੀਆਂ-ਠੁਮਰੀਆਂ ਤੇ ਉਹਨਾਂ ਵਿਚ ਲੈਅਕਾਰੀਆਂ ਕਰਕੇ ਮਨ ਮੋਹ ਲਿਆ ਸ੍ਰੋਤਿਆਂ ਦਾ। ਹੁਣ ਸਾਰੇ ਪ੍ਰੋਗਰਾਮ ਦੀ ਸਮਾਪਤੀ ਹੋ ਚੁੱਕੀ ਸੀ। ਸਤਿਗੁਰੂ ਜੀ ਨੇ ਬਿਰਜੂ ਮਹਾਰਾਜ ਨੂੰ ਪੁੱਛਿਆ ਕਿ ਆਪ ਨੇ ਭਗਵਾਨ ਕ੍ਰਿਸ਼ਨ ਜੀ ਕੀ ਹੋਰੀਆਂ ਦੋ-ਤੀਨ ਰਾਗੋਂ ਮੇਂ ਸੁਨਾਈ ਹੈਂ। ਪੀਲੂ ਰਾਗ ਮੇਂ ਭੀ ਆਪ ਹੋਰੀ ਗਾਤੇ ਹੋ? ਬਿਰਜੂ ਮਹਾਰਾਜ ਕਹਿਣ ਲੱਗੇ, ਸਤਿਗੁਰੂ ਜੀ ਮੈਨੇ ਪੀਲੂ ਰਾਗ ਮੇਂ ਕਭੀ ਹੋਰੀ ਨਹੀਂ ਗਾਈ। ਸਤਿਗੁਰੂ ਜੀ ਨੇ ਬਚਨ ਕੀਤਾ-"ਗੁਰੂ ਗੋਬਿੰਦ ਸਿੰਘ ਜੀ ਨੇ ਭਗਵਾਨ ਕ੍ਰਿਸ਼ਨ ਜੀ ਕੀ ਲੀਲਾਓਂ ਮੇਂ ਸੇ ਕੁਛ ਹੋਰੀਆਂ ਦਸਮ ਗ੍ਰੰਥ ਮੇਂ ਲਿਖੀ ਹੈਂ ਅਗਰ ਆਪ ਕੋ ਪੀਲੂ ਰਾਗ ਮੇਂ ਹੋਰੀ ਬਣਾ ਕੇ ਦੇ ਦੇਂ ਤੋਂ ਆਪ......" "ਜੀ ਮੈਂ ਨ੍ਰਿਤ ਕਰ ਸਕਤਾ ਹੂੰ।" ਕਮਾਨੀ ਹਾਲ ਤੋਂ ਘਰ ਵਾਪਸ ਆਏ ਤਾਂ ਸਤਿਗੁਰੂ ਜੀ ਨੇ ਯੂ.ਪੀ ਫ਼ਾਰਮ ਗੋਲਾ ਗੋਕਰਨਨਾਥ ਜਿਥੇ ਸੱਚੇ ਪਾਤਸ਼ਾਹ ਜੀ ਦਾ ੨੦੦ ਏਕੜ ਜ਼ਮੀਨ ਦਾ ਫ਼ਾਰਮ ਸੀ ਉਥੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਸਤਿਗੁਰੂ ਜੀ, ਨਾਲ ਸੇਵਕ, ਠਾਕਰ ਉਦੇ ਸਿੰਘ ਜੀ-ਉਸਤਾਦ ਹਰਭਜਨ ਸਿੰਘ-ਅਵਤਾਰ ਸਿੰਘ ਅੰਮ੍ਰਿਤਸਰ ਵਾਲੇ ਤੇ ਅਸੀਂ ਚਾਰ ਪੰਜ ਹਾਣੀ ਅਗਲੇ ਦਿਨ ਯੂ. ਪੀ ਫ਼ਾਰਮ ਤੇ ਪਹੁੰਚ ਗਏ। ਮਹਾਰਾਜ ਬੀਰ ਸਿੰਘ ਜੀ ਤਾਂ ਉਥੇ ਹੀ ਰ੍ਹਹਿੰਦੇ ਸਨ। ਸੱਚੇ ਪਾਤਸ਼ਾਹ ਜੀ ਨੇ ਸ਼ਬਦ ਚੁਣਿਆ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚੋਂ (ਮਾਘ ਬਤੀਤ ਭਏ ਰੁ ਫ਼ਾਗੁਨ, ਆਏ ਗਈ ਸਭ ਖੇਲਤ ਹੋਰੀ) ਇਸ ਸ਼ਬਦ ਨੂੰ ਰਾਗ ਪੀਲੂ ਤੇ ਤਾਲ ਧਮਾਰ ਵਿਚ ਬੰਦਿਸ਼ ਕਰਨਾ ਸ਼ੁਰੂ ਕਰ ਦਿੱਤਾ। ਧਮਾਰ ਇਸ ਕਰਕੇ ਕਿਉਂਕਿ ਇਸ ਸ਼ਬਦ ਵਿਚ ਆਉਂਦਾ ਹੈ 'ਖੇਲਤ ਸਿਆਮ ਧਮਾਰ ਅਨੂਪ...' ਜਿਵੇਂ-ਜਿਵੇਂ ਸਥਾਈ-ਅੰਤਰਾ-ਸੰਚਾਰੀ-ਅਭੋਗ ਤਿਆਰ ਹੁੰਦੇ ਗਏ ਨਾਲ ਨਾਲ ਸਾਨੂੰ ਵੀ ਦਿਨ ਵਿਚ ਤਿੰਨ ਤਿੰਨ ਚਾਰ ਚਾਰ ਵਾਰੀ ਬੈਠਾ ਕੇ ਮਿਹਨਤ ਕਰਾਈ ਗਈ। ਹੋਰੀ ਦੀਆਂ ਲੈਅਕਾਰੀਆਂ-ਤਿਹਾਈਆਂ ਤੇ ਪਲਟੇ ਥੋੜੇ ਦਿਨਾਂ ਵਿਚ ਹੀ ਸਾਰਿਆਂ ਨੂੰ ਪੱਕੇ ਕਰਾ ਦਿੱਤੇ ਗਏ। ਸ਼ੁਰੂ ਸ਼ੁਰੂ ਵਿਚ ਕਾਫ਼ੀ ਮੁਸ਼ਕਲ ਲੱਗਦਾ ਸੀ ਪਰ ਸਿਖਾਉਣ ਵਾਲੇ ਸਤਿਗੁਰੂ ਜੀ ਆਪ ਸਨ ਮੁਸ਼ਕਲ ਵੀ ਅਸਾਨ ਹੋ ਗਿਆ। ਇਕ ਕੈਸੇਟ ਤੇ ਰਿਕਾਰਡ ਕੀਤਾ ਗਿਆ ਤੇ ਫਿਰ ਉਹ ਕੈਸੇਟ ਬਿਰਜੂ ਮਹਾਰਾਜ ਨੂੰ ਦੇ ਦਿੱਤੀ ਗਈ। ਕੁਝ ਦਿਨਾਂ ਬਾਅਦ ਫਿਰ ਦਿੱਲੀ ਕਮਾਨੀ ਹਾਲ ਵਿਚ ਬਿਰਜੂ ਮਹਾਰਾਜ ਦਾ ਪ੍ਰੋਗਰਾਮ ਹੋਇਆ ਜਿਸ ਵਿਚ ਉਹਨਾਂ ਨੇ ਸਤਿਗੁਰੂ ਜੀ ਦੀ ਦੱਸੀ ਹੋਈ ਪੀਲੂ ਰਾਗ ਦੀ ਹੋਰੀ ਤੇ ਬਾਖੂਬੀ ਤਾਲ ਧਮਾਰ ਤੇ ਨ੍ਰਿਤ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਤੇ ਸ੍ਰੋਤਿਆਂ ਦਾ ਮਨ ਮੋਹ ਲਿਆ। ਧਮਾਰ ਤਾਲ ਤੇ ਨ੍ਰਿਤ ਕਰਨਾ ਬਹੁਤ ਮੁਸ਼ਕਲ ਸਮਝਿਆ ਜਾਂਦਾ ਹੈ ਜੋ ਬਿਰਜੂ ਮਹਾਰਾਜ ਨੇ ਸਤਿਗੁਰੂ ਜੀ ਦੀ ਇਛਾ ਅਨੁਸਾਰ ਕੀਤਾ ਤੇ ਨਾਲ ਇਹ ਵੀ ਆਖਿਆ ਯੇ ਪੀਲੂ ਕੀ ਹੋਰੀ ਮੁਝੇ ਗੁਰੂ ਜੀ ਨੇ ਬਨਾਕਰ ਦੀ ਹੈ ਤੇ ਉਸੀ ਸਮੇਂ ਸਾਰਾ ਹਾਲ ਤਾਲੀਆਂ ਨਾਲ ਗੂੰਜ ਉਠਿਆ।

ਸਮਾਂ ਪਾ ਕੇ ਸਤਿਗੁਰੂ ਜੀ ਨੇ ਮੈਨੂੰ ਦਿਲਰੁਬਾ ਸਾਜ਼ ਸ਼ੁਰੂ ਕਰਾਇਆ ਤੇ ਆਪ ਦਿਲਰੁਬਾ ਤੇ ਹੱਥ ਰਖਾਇਆ। ਸਾ ਰੇ ਗਾ ਮਾ ਪਾ ਧਾ ਨੀ ਸਾਂ ਸੁਰਾਂ ਦੀ ਵਾਕਫ਼ੀਅਤ ਕਰਾਈ ਤੇ ਬਚਨ ਕੀਤਾ ਮੈਂ ਤੈਨੂੰ ਇਕੋ ਦਿਨ ਵਿਚ ਸਾਰੀ ਸਰਗਮ ਕਰਾ ਦਿੱਤੀ ਏ। ਜਦੋਂ ਮੈਂ ਸਿਖਣਾ ਸ਼ੁਰੂ ਕੀਤਾ ਉਸਤਾਦ ਜੀ ਪਾਸੋਂ-੨੯ ਦਿਨ ਮੈਨੂੰ ਸਿਰਫ਼ ਗਜ ਸਿੱਧਾ ਕਰਨ ਵਾਸਤੇ ਹੁਕਮ ਹੋਇਆ ਸੀ। ਥੋੜੇ ਹੀ ਦਿਨਾਂ ਬਾਅਦ ਉਸਤਾਦ ਪਿਆਰਾ ਸਿੰਘ ਜੀ ਦਾ ਸ਼ਾਗਿਰਦ ਬਣਾ ਦਿੱਤਾ ਮੈਨੂੰ ਸੱਚੇ ਪਾਤਸ਼ਾਹ ਜੀ ਨੇ। ੧੯੮੦ ਵਿਚ ਦਿੱਲੀ ਜਾ ਕੇ ਉਸਤਾਦ ਜੀ ਪਾਸੋਂ ਦਿਲਰੁਬਾ ਦੀ ਤਾਲੀਮ ਸ਼ੁਰੂ ਕੀਤੀ।

ਸਮਾਂ ਪਾ ਕੇ ਦਿੱਲੀ ਦੇ ਹੀ ਇਕ ਹੋਰ ਉਸਤਾਦ ਪੰਡਿਤ ਸ੍ਰੀ ਕ੍ਰਿਸ਼ਨ ਸ਼ਰਮਾ ਜੋ ਵਚਿਤ੍ਰ ਵੀਣਾ ਦੇ ਆਪਣੇ ਸਮੇਂ ਦੇ ਮਾਹਿਰ ਵਜੰਤ੍ਰੀ ਸਨ, ਮੈਨੂੰ ਤੇ ਮਹਾਰਾਜ ਬੀਰ ਸਿੰਘ ਜੀ ਨੂੰ ਉਸਤਾਦੀ ਸ਼ਾਗਿਰਦੀ ਕਰਾ ਦਿੱਤੀ ਸਤਿਗੁਰੂ ਜੀ ਨੇ। ਨਾਲੇ ਬਚਨ ਕੀਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਚਿਤ੍ਰ ਵੀਣਾ ਬਹੁਤ ਪਸੰਦ ਸੀ। ਹੁਕਮ ਅਨੁਸਾਰ ਥੋੜੇ ਦਿਨਾਂ ਲਈ ਦਿੱਲੀ ਸਿੱਖਣ ਜਾਣਾ ਤੇ ਥੋੜੇ ਦਿਨ ਸ੍ਰੀ ਭੈਣੀ ਸਾਹਿਬ ਰਹਿਣਾ ਜਾਂ ਸਤਿਗੁਰੂ ਜੀ ਨਾਲ ਦੌਰਿਆਂ ਤੇ ਜਾਣਾ, ਜਿਵੇਂ ਹੁਕਮ ਹੁੰਦਾ। ਫਿਰ ੧੯੮੩ ਵਿਚ ਉਸਤਾਦ ਪਿਆਰਾ ਸਿੰਘ ਜੀ ਨੇ "ਆਲ ਇੰਡੀਆ ਰੇਡੀਓ" ਸਾਜ਼ ਕੰਪੀਟੀਸ਼ਨ ਵਿਚ ਮੇਰਾ ਨਾਮ ਲਿਖਾ ਦਿੱਤਾ। ਸਤਿਗੁਰਾਂ ਕ੍ਰਿਪਾ ਕੀਤੀ ਮੈਨੂੰ ਸਾਰੇ ਭਾਰਤ ਵਿਚੋਂ ਪਹਿਲਾ ਸਥਾਨ ਪ੍ਰਾਪਤ ਹੋਇਆ। ਉਸਤਾਦ ਪਿਆਰਾ ਸਿੰਘ ਜੀ ਸੰਗੀਤ ਵਿਦਿਆ 'ਚ ਬਹੁਤ ਗੁਣੀ ਸਨ। ਬਹੁਤ ਵਾਕਫ਼ੀਅਤ ਸੀ ਉਹਨਾਂ ਨੂੰ ਰਾਗਾਂ ਦੀ, ਤੇ ਬਹੁਤ ਪਿਆਰ ਨਾਲ ਸਿਖਾਉਂਦੇ ਸਨ। ਮੈਂ ਉਸਤਾਦ ਜੀ ਪਾਸੋਂ ਬਹੁਤ ਪੁਰਾਤਨ ਸ਼ਬਦ ਰੀਤਾਂ-ਰਾਗ ਬੰਦਿਸ਼ਾਂ-ਠੁਮਰੀਆਂ ਤੇ ਗੁਲਦਸਤੇ ਵੀ ਸਿੱਖੇ।

ਕੁਝ ਸਮੇਂ ਬਾਅਦ ੧੯੮੫ ਵਿਚ ਸਤਿਗੁਰੂ ਜੀ ਨੇ ਮੈਨੂੰ ਉਸਤਾਦ ਵਿਲਾਇਤ ਹੁਸੈਨ ਖਾਂ ਸਾਹਿਬ ਦਾ ਸ਼ਾਗਿਰਦ ਬਣਾ ਦਿੱਤਾ। ਖਾਂ ਸਾਹਿਬ ਦੁਨੀਆ ਦੇ ਮੰਨੇ ਸਿਤਾਰ ਵਾਦਿਕ ਸਨ। ਖਾਨਦਾਨੀ ਸੰਗੀਤ ਵਿਰਾਸਤ ਸੀ ਉਨ੍ਹਾਂ ਪਾਸ। ਫਿਰ ਦੇਹਰਾਦੂਨ ਜਾ ਕੇ ਵੀ ਸਿੱਖਦੇ ਰਹੇ ਅਸੀਂ।

੧੯੯੦ ਵਿਚ ਉਸਤਾਦ ਬਿਸਮਿੱਲਾ ਖਾਂ ਸਾਹਿਬ ਨਾਲ



Namdhari Elibrary NamdhariElibrary@gmail.com

ਉਸਤਾਦੀ ਸ਼ਾਗਿਰਦੀ ਕਰਵਾ ਦਿੱਤੀ ਮੇਰੀ ਸਤਿਗੁਰੂ ਜੀ ਨੇ। ਕਿਸੇ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਬਲਜੀਤ ਹੁਣ ਸ਼ਹਿਨਾਈ ਵਜਾਇਆ ਕਰੇਗਾ? ਸਤਿਗੁਰੂ ਜੀ ਨੇ ਬਚਨ ਕੀਤਾ ਵਜਾਉਣੀ ਏਨੇ ਤਾਰ ਸ਼ਹਿਨਾਈ ਹੀ ਹੈ, ਲੇਕਿਨ ਵਜਾਇਗਾ ਸ਼ਹਿਨਾਈ ਵਾਂਗ। ਅਸੀਂ ਖਾਂ ਸਾਹਿਬ ਦਾ ਤਰੀਕਾਕਾਰ ਸਿਖਣਾ ਹੈ। ਉਹਨਾਂ ਦਾ ਅੰਗ ਕੀ ਏ ਢੰਗ ਕੀ ਏ। ਖਾਂ ਸਾਹਿਬ ਜਦੋਂ ਸ਼ਹਿਨਾਈ ਵਜਾਉਂਦੇ ਸਨ ਤਾਂ ਬੜਾ ਅਨੰਦ ਆਉਂਦਾ ਸੀ, ਤੇ ਜਦੋਂ ਕੋਈ ਧੁਨ ਜਾਂ ਕਜਰੀ ਵਜਾਉਂਦੇ ਤਾਂ ਦੁਨੀਆ ਉੱਠ ਕੇ ਨਚਣ ਲੱਗ ਪੈਂਦੀ। ਉਸਤਾਦ ਬਿਸਮਿਲਾ ਖਾਂ ਸਾਹਿਬ ਬਿਲਕੁਲ ਫ਼ੱਕਰ ਸੁਭਾਅ ਦੇ ਸਨ। ਕੋਈ ਚਿੰਤਾ ਨਹੀਂ। ਜੋ ਕਮਾਉਣਾ ਆਪਣੇ ਬੱਚਿਆਂ ਨੂੰ ਦੇ ਦੇਣਾ। ਖਾਂ ਸਾਹਿਬ ਨੇ ਕਹਿਣਾ "ਮੈਂ ਪੰਜ ਵਕਤ'ਦੀ ਨਮਾਜ਼ ਅਦਾ ਕਰਦਾਂ ਰੋਜ਼ੇ ਵੀ ਹਰ ਸਾਲ ਰੱਖਦਾ ਹਾਂ। ਅੱਲਾ ਕਾ ਕਰਮ ਐਸਾ ਹੈ ਕਿ ਜਦੋਂ ਸ਼ਹਿਨਾਈ ਵਜਾਉਂਦਾ ਹਾਂ ਦੁਨੀਆ ਝੂਮ ਉਠਦੀ ਐ" ਕਦੀ ਵੀ ਕਿਸੇ ਦੀ ਬੁਰਾਈ ਨਾ ਕਰਨੀ ਇਕੋ ਗੱਲ ਕਹਿਣੀ ਜਿਸਨੇ ਜਿਤਨਾ ਕੀਆ, ਅੱਲਾ ਉਸਕੋ ਉਤਨਾ ਦੀਆ। ਫਿਰ ਉਸਤਾਦ ਜੀ ਨਾਲ ਵੱਡੀਆਂ-ਵੱਡੀਆਂ ਸਟੇਜਾਂ ਤੇ ਕਈ ਕਲਾਸੀਕਲ ਪ੍ਰੋਗਰਾਮ ਕੀਤੇ ਹਨ।

ਫਿਰ ਪਿਛੇ ਆ ਜਾਈਏ। ਪੰਜਾਬ ਸਰਕਾਰ ਵਲੋਂ ਦਿੱਤੇ ਸਨਮਾਨ ਨੂੰ, ਸਤਿਗੁਰੂ ਜੀ ਨੇ ਸਾਡੀ ਬੇਨਤੀ ਤੇ ਪ੍ਰਵਾਨ ਕਰ ਲਿਆ। ਆਗਿਆ ਲੇ ਕੇ ਤੁਰਨ ਲੱਗਿਆਂ ਮੈਂ ਸੇਵਕ ਰਛਪਾਲ ਸਿੰਘ ਨਾਲ ਗੱਲ ਕੀਤੀ ਇਹ ਇਕ ਲੱਖ ਰੁਪਏ ਦਾ ਚੈਕ ਮੇਰੇ ਨਾਮ ਨਾਲ ਬਣਿਆ ਹੈ ਜੇ ਤੁਸੀਂ ਇਸਨੂੰ ਕੈਸ਼ ਕਰਾ ਸਕਦੇ ਹੋ ਤਾਂ ਠੀਕ ਹੈ। ਜੇ ਨਹੀਂ ਤਾਂ ਮੈਂ ਇਸ ਨੂੰ ਦਿੱਲੀ ਨਾਲ ਲੈ ਜਾਂਦਾ ਹਾਂ। ਇਸਨੂੰ ਆਪਣੇ ਖਾਤੇ ਵਿਚ ਜਮਾਂ ਕਰਵਾ ਦੇਵਾਂਗਾ। ਜਦੋਂ ਥੋੜੇ ਦਿਨਾਂ ਬਾਅਦ ਪੈਸੇ ਮਿਲ ਜਾਣਗੇ ਤਾਂ ਸ੍ਰੀ ਭੈਣੀ ਸਾਹਿਬ ਆ ਕੇ ਨਮਸ਼ਕਾਰ ਕਰ ਜਾਵਾਂਗਾ। ਸੇਵਕ ਰਛਪਾਲ ਸਿੰਘ ਹੋਰਾਂ ਆਖਿਆ ਕਿ ਏਸੇ ਤਰ੍ਹਾਂ ਠੀਕ ਹੈ। ਤੁਸੀਂ ਲੈ ਜਾਓ ਤੇ ਕੈਸ਼ ਕਰਾ ਕੇ ਦੇ ਜਾਣਾ। ਫੇਰ ਅਸੀਂ ਦਿੱਲੀ ਆ ਗਏ। ਕੁਝ ਦਿਨਾਂ ਬਾਅਦ ਇਕ ਲੱਖ ਰੁਪਏ ਕੈਸ਼ ਲੈ ਕੇ ਅਰਦਾਸ ਕਰਕੇ ਮੈਂ ਇਕੱਲਾ ਹੀ ਭੈਣੀ ਸਾਹਿਬ ਨੂੰ ਤੁਰ ਪਿਆ। ਸ੍ਰੀ ਭੈਣੀ ਸਾਹਿਬ ਪਹੁੰਚ ਕੇ ਬਾਗਵਾਲੀ ਕੋਠੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਅਮਾਨਤ ਭੇਟ ਕੀਤੀ। ਤਾਂ ਸਤਿਗੁਰੂ ਜੀ ਨੇ ਪੁੱਛਿਆ ਇਹ ਕਾਹਦੇ ਪੈਸੇ ਹਨ। ਸੇਵਕ ਰਛਪਾਲ ਸਿੰਘ ਨੇ ਬੇਨਤੀ ਕੀਤੀ ਤੇ ਯਾਦ ਕਰਾਇਆ ਇਹ ਉਹ ਸਨਮਾਨ ਵਾਲੇ ਚੈਕ ਦੇ ਪੈਸੇ ਹਨ ਸਤਿਗੁਰੂ ਜੀ ਨੇ ਇਕ ਹੱਥ ਕਰਕੇ ਫੜ ਲਏ। ਮੈਨੂੰ ਹੁਕਮ ਹੋਇਆ ਥੋੜੀ ਦੇਰ ਬੈਠ ਜਾ। ਇਤਨੀ ਦੇਰ ਵਿਚ ਨਿਜੀ ਸੇਵਕ ਨੇ ਆ ਕੇ ਕੁਝ ਪਕੜਾ ਦਿੱਤਾ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਬਲਜੀਤ ਉਰੇ ਆ। ਮੈਂ ਲਾਗੇ ਹੋ ਗਿਆ ਸਨਮਾਨ ਵਾਲਾ ਸਾਰਾ ਸਮਾਨ ਤੇ ਪੈਸੇ ਵੀ ਕਿਨ੍ਹੇ ਸਾਰੇ ਮੇਰੇ ਹੱਥਾਂ ਤੇ ਧਰ ਦਿੱਤੇ। ਮੈਂ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀ ਮੈਨੂੰ ਸਮਝ ਨਹੀਂ ਆਈ ਇਹ ਕੀ ਖੇਡ ਹੈ। ਸਤਿਗੁਰੂ ਜੀ ਨੇ ਬਚਨ ਕੀਤਾ ਇਹ ਤੇਰੇ ਪੈਸੇ ਜਿਹੜੇ ਤੂੰ ਮੈਨੂੰ ਦਿੱਤੇ ਹਨ। ਆ ਮੇਰੇ ਵਲੋਂ ਹੋਰ। ਮੈਂ ਵੇਖਦਾ ਹੀ ਰਹਿ ਗਿਆ ਕਿ ਇਹ ਕੀ ਲੀਲਾ ਹੈ ਸਤਿਗੁਰਾਂ ਦੀ। ਮੈਂ ਫਿਰ ਨਿਮਰਤਾ ਸਹਿਤ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੀਓ, ਆਪ ਜੀ ਨੇ ਪ੍ਰਵਾਨ ਕੀਤੇ ਸਨ ਤੇ ਸਾਨੂੰ ਬੜੀ ਖੁਸ਼ੀ ਹੋਈ ਲੇਕਿਨ ਇਹ ਆਪ ਜੀ ਇਕ ਲੱਖ ਦੇ ਦੋ ਲੱਖ ਦੇ ਰਹੇ ਹੋ-ਮੈਨੂੰ ਕੁਝ ਸਮਝ ਨਹੀਂ ਆ ਰਹੀ ਤਾਂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ-ਤੂੰ ਮੇਰਾ ਸਤਿਕਾਰ ਕੀਤਾ ਹੈ। ਮੈਂ ਤੇਰੇ ਤੋਂ ਵੱਡਾ ਹਾਂ ਨਾ......ਇਹ ਮੈਂ ਆਪਣੇ ਵਲੋਂ ਦੇ ਰਿਹਾ ਹਾਂ ਰੱਖ ਲੈ। ਏਨੀ ਦੇਰ ਨੂੰ ਲਾਗੇ ਬੈਠੇ-ਸਾਰੇ ਸਿੱਖ ਸੇਵਕ ਕਹਿਣ ਲੱਗੇ ਇਹ ਸੱਚੇ ਪਾਤਸ਼ਾਹ ਜੀ ਦੀ ਖੁਸ਼ੀ ਹੈ ਪ੍ਰਸ਼ਾਦਿ ਹੈ ਰੱਖ ਲਵੋ। ਮਨ ਵਿਚ ਆਇਆ ਸਤਿਗੁਰੂ ਆਪਣੇ ਦਾਸਾਂ ਨੂੰ ਕਿਸ ਤਰ੍ਹਾਂ ਨਿਵਾਜਦੇ ਹਨ ਵਡਿਆਈਆਂ ਦੇਂਦੇ ਹਨ ਤੇ ਫਿਰ ਬਖਸ਼ਿਸ਼ਾਂ ਕਰਦੇ ਹਨ ਭੰਡਾਰੇ ਭਰਦੇ ਹਨ। ਸਤਿਗੁਰੂ ਦੀ ਮਹਿਮਾ ਅਪਰੰਮ ਅਪਾਰ ਹੈ ਕੋਈ ਨਹੀਂ ਜਾਣ ਸਕਦਾ। ਫਿਰ ਅਗਲੇ ਸਾਲ-ਸੰਨ ੨੦੦੫ ਵਿਚ ਦਿੱਲੀ ਸਰਕਾਰ ਤੇ ਪੰਜਾਬੀ ਐਕਡਮੀ ਦਿੱਲੀ ਵਲੋਂ "ਸ਼੍ਰੋਮਣੀ ਰਾਗੀ" ਅਵਾਰਡ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਤ ਵਲੋਂ ਸਾਨੂੰ ਪ੍ਰਾਪਤ ਹੋਇਆ। ਹੋਰ ਵੀ ਬਹੁਤ ਸਾਰੇ ਅਵਾਰਡ ਤੇ ਸਨਮਾਨ ਕਈ ਸੁਸਾਇਟੀਆਂ ਤੇ ਸੰਸਥਾਵਾਂ ਵਲੋਂ ਮਿਲੇ ਹਨ। ਇਹ ਸਾਰੀ ਬਖਸ਼ਿਸ਼ ਅਕਾਲ ਪੁਰਖ ਸੱਚੇ ਪਾਤਸ਼ਾਹ ਜੀ ਦੀ ਏ। ਜਿਨ੍ਹਾਂ ਨੇ ਨਿਮਾਣਿਆ ਨੂੰ ਮਾਣ ਬਖਸ਼ਿਆ ਹੈ। ਮੈਨੂੰ ਲਿਖਣਾ ਨਹੀਂ ਆਉਂਦਾ ਇਹ ਸਾਰਾ ਕੁਝ ਜਲਦੀ-ਜਲਦੀ ਬਹੁਤ ਛੋਟਾ ਕਰਕੇ ਸੰਖੇਪ ਵਿਚ ਲਿਖ ਰਿਹਾ ਹਾਂ। ਜਿਨ੍ਹੀਆਂ ਬਖਸ਼ਿਸ਼ਾਂ ਸਤਿਗੁਰਾਂ ਨੇ ਦਾਸਾਂ ਤੇ ਕੀਤੀਆਂ ਹਨ ਜੇ ਸਾਰੀਆਂ ਲਿਖਣ ਲੱਗੀਏ ਤਾਂ ਬੜੀਆਂ ਸਾਖੀਆਂ ਬਣ ਜਾਂਦੀਆਂ ਹਨ। ਧੰਨਵਾਦ ਸਾਹਿਤ ਸ. ਜਗਦੀਸ਼ ਸਿੰਘ ਵਰਿਆਮ ਜੀ ਦਾ ਜਿਨ੍ਹਾਂ ਮੈਨੂੰ ਉਦਮ ਦਿੱਤਾ ਲਿਖਣ ਦਾ ਤੇ ਪਿਆਰ ਨਾਲ ਇਹ ਸਾਰਾ ਗੁਰੂਜੱਸ ਲਿਖਵਾਇਆ ਹੈ। ਅਗੋਂ ਵੀ ਪਾਤਸ਼ਾਹ ਕਿਰਪਾ ਕਰਨ ਜੋ ਸਤਿਗੁਰਾਂ ਨੇ ਹੋਰ ਬਹੁਤ ਸਾਰੀਆਂ ਬਖਸ਼ਿਸ਼ਾਂ ਕੀਤੀਆਂ ਹਨ ਸਾਡੇ ਤੇ ਉਹ ਵੀ ਸੰਗਤ ਨਾਲ ਸਾਂਝੀਆਂ ਕਰ ਸਕੀਏ।

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ
ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ
ਤੂੰ ਠਾਕੁਰ ਊਚ ਭਗਵਾਨਾ॥



Namdhari Elibrary NamdhariElibrary@gmail.com

# ਕਰਾਮਾਤ ਕਿ ਅਰਦਾਸ ?

*ਸੰਨ ੧੯੭੬ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਗਲੈਂਡ ਦੌਰੇ ਸਮੇਂ ਉਸ ਸਮੇਂ ਸੋਕੇ ਮਾਰੇ ਵਲੈਤ ਦੇਸ਼ ਵਿਚ ਮੀਂਹ ਪੁਆਉਣ ਬਾਰੇ ਇਗਲੈਂਡ ਅਤੇ ਹੋਰ ਦੇਸ਼ਾਂ ਦੀਆਂ ਅਖਬਾਰਾਂ ਵਿਚ ਬਹੁਤ ਚਰਚਾ ਹੋਈ ਸੀ ਅਤੇ ਸਤਿਗੁਰੂ ਜੀ ਨੂੰ ਰੇਨ ਗੌਡ (rain god) ਦੀ ਉਪਾਧੀ ਵੀ ਇਹਨਾਂ ਪ੍ਰਚਾਰ ਸਾਧਨਾਂ ਨੇ ਦਿੱਤੀ ਸੀ। ਇਸ ਸੰਬੰਧ ਵਿਚ ਵਰਿਆਮ ਦੇ ਸਤੰਬਰ ੧੯੭੬ ਅੰਕ ਵਿਚ ਅਸੀਂ ਇਟਰਨੈਸ਼ਨਲ ਸੰਦੇਸ਼ ਦੇ ਭਰਪੂਰ ਹਵਾਲੇ ਨਾਲ ਜੋ ਛਾਪਿਆ ਸੀ ਉਹ ਮੁੜ ਪ੍ਰਕਾਸ਼ਤ ਕਰ ਰਹੇ ਹਾਂ। ਸਤਿਗੁਰੂ ਜੀ ਵਲੋਂ ਜਾਂ ਨਾਮਧਾਰੀ ਸੰਗਤ ਵਲੋਂ ਮੀਂਹ ਪੁਆਉਣ ਦਾ ਕੋਈ ਪਰਚਾਰ ਨਹੀਂ ਸੀ ਕੀਤਾ ਗਿਆ। ਅਤੇ ਇਸ ਦੇ ਹੱਕ ਵਿਚ ਨਹੀਂ ਸਨ ਪਰ ਇਹ ਬਿਲਕੁਲ ਬਿਲਕੁਲ ਚਿੱਟੇ ਦਿਨ ਦੀ ਸਚਾਈ ਵਾਂਗ ਸੱਚ ਹੈ ਕਿ ਸਤਿਗੁਰੂ ਜੀ ਵੱਲੋਂ ਕਰਵਾਈ ਅਰਦਾਸ ਬਾਦ ਯਕਦਮ ਮੀਂਹ ਪਿਆ ਸੀ ਅਤੇ ਬਹੁਤ ਪਿਆ ਸੀ। —ਸੰਪਾਦਕ*

ਸਤਿਗੁਰੂ ਜਗਜੀਤ ਸਿੰਘ ਜੀ ਦੇ ਮੌਜੂਦਾ ਬਰਤਾਨੀਆ ਦੌਰੇ ਸਮੇਂ ਉਹਨਾਂ ਵੱਲੋਂ ਅਰਦਾਸ ਕਰਕੇ ਮੀਂਹ ਪੁਆਉਣ ਸਬੰਧੀ ਬੜੀ ਚਰਚਾ ਹੈ। ਅੰਗ੍ਰੇਜ਼ੀ ਰੋਜ਼ਨਾਮਾ 'ਮਾਰਨਿੰਗ ਈਕੋ' ਅਤੇ ਅਕਾਲੀ ਪੱਤ੍ਰਕਾ ਨੇ ਇਸ ਸਬੰਧ ਵਿਚ ਖਬਰਾਂ ਛਾਪ ਕੇ ਪਾਠਕਾਂ ਦੀ ਕਾਫੀ ਦਿਲਚਸਪੀ ਵਧਾਈ ਹੈ। ਇਸ ਸਬੰਧ ਵਿਚ ਅਸੀਂ ਆਪਣੀ ਟਿਪਣੀ ਰੀਜ਼ਰਵ ਰੱਖਦੇ ਹੋਏ ਲੰਡਨ ਚੋਂ ਨਿਕਲਣ ਵਾਲੇ ਸਪਤਾਹਿਕ ਇੰਟਰਨੈਸ਼ਨਲ ਸੰਦੇਸ਼ ਦੇ ੧੦ ਸਤੰਬਰ ਦੇ ਅੰਕ ਚੋਂ ਕੁਝ ਅੰਸ਼ ਧਨਵਾਦ ਸਾਹਿਤ ਛਾਪ ਰਹੇ ਹਾਂ। (ਟਿਪਣੀ ਸੰਪਾਦਕ ਵਰਿਆਮ)

"ਬਹੁਤ ਚੰਗੀ ਗੱਲ ਹੈ ਕਿ ਨਾਮਧਾਰੀ ਪੰਥ ਦੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੌਜੂਦਗੀ ਵਿਚ ਵਿਲੀਅਰਡਜ਼ ਰੋਡ ਸਾਊਥਾਲ ਵਿਖੇ ਮਾਂਗਟ ਹਾਲ ਵਿਚ ਸੰਗਤ ਵਲੋਂ ਇੰਗਲੈਂਡ ਵਿਚ ਮੀਂਹ ਪੁਆਉਣ ਲਈ ਕੀਤੀ ਗਈ ਅਰਦਾਸ, ਵਾਹਿਗੁਰੂ ਦੀ ਦਰਗਾਹ ਵਿਚ ਕਬੂਲ ਹੋ ਗਈ ਤੇ ਦੂਸਰੇ ਹੀ ਦਿਨ ਬਾਰਸ਼ ਹੋ ਗਈ। ਕਈ ਥਾਈਂ ਬਹੁਤ ਚੰਗਾ ਮੀਂਹ ਪਿਆ ਹੈ ਤੇ ਬਰਤਾਨਵੀ ਅਖਬਾਰਾਂ ਵੱਲੋਂ ਮਾਂਗਟ ਹਾਲ ਵਿਚ ਕੀਤੀ ਗਈ ਇਸ ਅਰਦਾਸ ਦਾ ਬਹੁਤ ਪਰਚਾਰ ਕੀਤਾ ਗਿਆ ਹੈ... ਸਿੱਖਾਂ ਵਿਚ ਅਰਦਾਸ ਦਾ ਬਹੁਤ ਮਹੱਤਵ ਹੈ। ਹਰ ਕਾਰਜ ਅਰਦਾਸ ਕਰਕੇ ਆਰੰਭ ਕੀਤਾ ਜਾਂਦਾ ਹੈ। ਤੇ ਉਹਦੇ ਪੂਰਣ ਹੋਣ ਉਤੇ ਵੀ ਵਾਹਿਗੁਰੂ ਦੀ ਦਰਗਾਹ ਵਿਚ ਅਰਦਾਸ ਕਰਦੇ, ਸ਼ੁਕਰ ਗੁਜ਼ਾਰਿਆ ਜਾਂਦਾ ਹੈ। ਹਰ ਮੁਹਿੰਮ ਵਾਹਿਗੁਰੂ ਦੀ ਓਟ ਲੈ ਕੇ ਸ਼ੁਰੂ ਕੀਤੀ ਜਾਂਦੀ ਹੈ। ਸਿੱਖਾਂ ਵਿਚ ਕਰਾਮਾਤ ਦੀ ਕੋਈ ਗੁੰਜਾਇਸ਼ ਨਹੀਂ ਅਤੇ ਨਾ ਹੀ ਗੁਰੂ ਸਾਹਿਬ ਨੇ ਇਸ ਦੀ ਕਦੇ ਹਮਾਇਤ ਕੀਤੀ ਹੈ। ਗੁਰੂ ਸਾਹਿਬ ਪ੍ਰਮਾਣ ਵਿਚ ਯਕੀਨ ਰੱਖਦੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੀ ਅਗਲੇ ਨੂੰ ਯਕੀਨ ਦੁਆਉਣ ਵਾਲੀ ਹੈਰਨਕੁੰਨ ਸ਼ਕਤੀ ਆਪਣੇ ਅਮਲੀ ਅਧਿਐਨ ਜ਼ਾਤੀ ਅਨੁਭਵਾਂ ਤੋਂ ਜੋ ਪ੍ਰਮਾਣ ਕਢੇ ਹਨ, ਮਕੇ ਮਦੀਨੇ ਜਾਂ ਅਨੇਕਾਂ ਹੋਰ ਥਾਵਾਂ ਉਤੇ ਉਹਨਾਂ ਦੇ ਆਧਾਰ ਉਤੇ ਹੀ ਕਈ ਅਟਲ ਸਚਾਈਆਂ ਨੂੰ ਦ੍ਰਿੜਾਇਆ ਸੀ— ਪ੍ਰਮਾਣਤ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਦੇ ਸਿਧਾਂਤ ਨੂੰ ਪ੍ਰਤੱਖ ਰੂਪ ਵਿਚ ਪ੍ਰਮਾਣਤ ਕੀਤਾ ਸੀ। ਸਿੱਖ ਧਰਮ ਵਿਚ ਕਰਾਮਾਤ ਨੂੰ ਹਮੇਸ਼ਾਂ ਹੀ ਕੁਦਰਤ ਦੇ ਉਲਟ ਸਮਝਿਆ ਗਿਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਪਿਛਲੇ ਵੀਰਵਾਰ ਇਤਫਾਕਨ ਸਾਊਥਾਲ ਆਏ ਸਨ ਤੇ ਨਾਮਧਾਰੀ ਸੰਗਤ ਵੱਲੋਂ ਮਾਂਗਟ ਹਾਲ ਕਰਾਏ ਉਤੇ ਲਿਆ ਗਿਆ ਸੀ। ਅਸੀਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦੇ ਹਾਂ ਕਿ ਸਤਿਗੁਰੂ ਜਾਂ ਨਾਮਧਾਰੀ ਸੰਗਤ ਦਾ ਮੀਂਹ ਲਈ ਉਚੇਚੇ ਤੌਰ ਉਤੇ ਰੇਨ ਫੈਸਟੀਵਲ' ਨਾਂ ਦੇ ਸਮਗਮ ਵਿਚ ਅਰਦਾਸ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ। ਅਫਸੋਸ ਇਹ ਹੈ ਕਿ ਇਸ ਨੂੰ ਗਲਤ ਢੰਗ ਨਾਲ ਪਰਚਾਇਆ ਗਿਆ ਹੈ।

ਵਿਲੀਅਰਡਜ਼ ਰੋਡ ਉਤੇ ਇਸ ਹਾਲ ਦੇ ਮਾਲਕ ਮਾਂਗਟ ਟੋਰੀ ਪਾਰਟੀ ਨਾਲ ਸਬੰਧਤ ਹਨ ਤੇ ਕਿਹਾ ਜਾਂਦਾ ਹੈ ਕਿ ਉਹ ਸ਼ੋਸ਼ੇਬਾਜ਼ ਕਿਸਮ ਦੇ ਬੰਦੇ ਹਨ। ਨਾਮਧਾਰੀ ਸਤਿਗੁਰੂ, ਮਹਾਰਾਜ ਜਗਜੀਤ ਸਿੰਘ ਜੀ ਦੇ ਕਰੀਬੀ ਹਲਕਿਆਂ ਨੇ 'ਸੰਦੇਸ਼' ਨੂੰ ਦਸਿਆ ਕਿ ਇਹ ਰੇਨ ਫੈਸਟੀਵਲ ਮਾਂਗਟ ਹੋਰਾਂ ਦੇ ਆਪਣੇ ਹੀ ਦਿਮਾਗ ਦੀ ਕਾਢ ਹੈ। ਉਸਨੇ ਸੰਗਤਾਂ ਦੀ ਮਰਜ਼ੀ ਦੇ ਉਲਟ ਟੈਲੀਵੀਜਨ ਤੇ ਅਖ਼ਬਾਰਾਂ ਵਾਲਿਆਂ ਨੂੰ ਬੁਲਾਇਆ ਸੀ।

ਵੀਰਵਾਰ ੨੬ ਅਗਸਤ ਨੂੰ ਸ਼ਾਮ ਨੂੰ ਦੀਵਾਨ ਪਿਛੋਂ ਸਤਿਗੁਰੂ ਮਹਾਰਾਜ ਜਦ ਫੇਰੇ ਉਤੇ ਗਏ ਤਾਂ ਉਹਨਾਂ ਨੂੰ ਟੈਲੀਵੀਜਨ ਤੇ ਅਖਬਾਰਾਂ ਵਾਲਿਆਂ ਨੂੰ ਵੇਖ ਕੇ ਹੈਰਾਨੀ ਹੋਈ। ਸ. ਮਾਂਗਟ ਨੇ ਇਹ ਪਰਚਾਰ ਕੀਤਾ ਸੀ ਕਿ ਸਤਿਗੁਰੂ ਹੋਰੀਂ ਮੀਂਹ ਪੁਆਉਣ ਲਈ ਸਮਾਗਮ ਕਰਣ ਆ ਰਹੇ ਹਨ।

ਨਾਮਧਾਰੀ ਸੰਗਤ ਨੇ ਸ. ਮਾਂਗਟ ਹੋਰਾਂ ਦੀ ਇਸ ਗੱਲ ਦਾ ਬਹੁਤ ਬੁਰਾ ਮਨਾਇਆ ਕਿਉਂਕਿ ਸਤਿਗੁਰਾਂ ਦਾ ਕਰਾਮਾਤ ਵਿਚ ਕੋਈ ਵਿਸ਼ਵਾਸ ਨਹੀਂ। ਜਦੋਂ ਡਾਕਟਰ ਮਾਂਗਟ ਨੂੰ ਇਸ ਬਾਰੇ ਪੁਛਿਆ ਗਿਆ ਤਾਂ ਉਹਨਾਂ ਕਹਿ ਦਿਤਾ ਕਿ ਉਹਨਾਂ ਅਪਣੀ ਪਬਲਿਸਿਟੀ ਲਈ ਇਹ ਕੰਮ ਕੀਤਾ ਹੈ। ਯਾਦ ਰਹੇ ਕਿ ਸਤਿਗੁਰੂ ਮਹਾਰਾਜ ਦੀ ਹਮੇਸ਼ਾ ਇਹ ਪਰੇਰਨਾ ਰਹੀ ਹੈ ਕਿ ਉਥੇ ਵਸਦੇ ਲੋਕ ਉਸ ਦੇਸ਼ ਦੇ ਭਲੇ ਲਈ ਸੋਚਣ। ਉਨ੍ਹਾਂ ਕੀਨੀਆਂ ਵਿਚ ਉਸਾਰੂ ਕੰਮ ਵਿਚ ਭਾਰਤੀਆਂ ਨੂੰ ਹਿਸਾ



Namdhari Elibrary NamdhariElibrary@gmail.com

ਪਾਉਣ ਲਈ ਪਰੇਰਿਆ ਹੈ। ਉਹ ਇਸ ਗੱਲ ਦੇ ਹੱਕ ਵਿਚ ਤਾਂ ਸਨ ਕਿ ਇਸ ਸਖ਼ਤ ਔੜ ਦੇ ਮੌਕੇ ਉਤੇ ਸੰਗਤ ਇੰਗਲੈਂਡ ਵਿਚ ਮੀਂਹ ਪੁਆਉਣ ਲਈ ਵਾਹਿਗੁਰੂ ਦੀ ਦਰਗਾਹ ਵਿਚ ਅਰਦਾਸ ਕਰੇ– ਪਰ ਉਹ ਕਿਸੇ ਕਰਾਮਾਤ ਦੇ ਹੱਕ ਵਿਚ ਨਹੀਂ ਸਨ। ਇਸ ਲਈ ਉਹਨਾਂ ਪੰਡਿਤ ਗੋਪਾਲ ਸਿੰਘ ਹੋਰਾਂ ਨੂੰ ਅਰਦਾਸ ਕਰਨ ਲਈ ਕਿਹਾ। ਜਿਵੇਂ ਗੁਰਬਾਣੀ ਵਿਚ ਲਿਖਿਆ ਹੈ ਕਿ 'ਬਿਰਥਾ ਕਦੇ ਨਾ ਹੋਵਈ ਜਨ ਕੀ ਅਰਦਾਸ'। ਇਹ ਅਰਦਾਸ ਕਬੂਲ ਹੋ ਗਈ ਤੇ ਇੰਗਲੈਂਡ ਭਰ ਵਿਚ ਬਰਖਾ ਹੋ ਗਈ।

ਡਾ ਮਾਂਗਟ ਵਲੋਂ ਆਪਣੇ ਵਿਲੀਅਰਡਜ਼ ਰੋਡ ਸਾਊਥਾਲ ਵਾਲੇ ਹਾਲ ਦਾ ਪ੍ਰਾਪੇਗੰਡਾ ਕਰਨ ਲਈ ਸਤਿਗੁਰਾਂ ਦੇ ਨਾਂ ਨੂੰ ਜਿਸ ਢੰਗਾ ਨਾਲ ਵਰਤਿਆ ਹੈ ਅਤੇ ਸਿੱਖੀ ਦੀ ਅੱਟਲ ਸਚਾਈ ਦੇ ਉਲਟ ਜਾ ਕੇ ਇਸ ਨੂੰ ਇਕ ਕਰਾਮਾਤ ਕਹਿ ਕੇ ਪ੍ਰਚਾਰਿਆ ਹੈ। ਉਸਦਾ ਨਾਮਧਾਰੀ ਸੰਗਤ ਵੱਲੋਂ ਵੀ ਖੰਡਨ ਕੀਤਾ ਗਿਆ ਹੈ ਅਤੇ ਅਸੀਂ ਵੀ ਨਖੇਧੀ ਕਰਦੇ ਹਾਂ। ਮਹਾਂਪੁਰਸ਼ਾਂ ਦੀ ਸ਼ਖਸੀਅਤ ਨੂੰ ਇਸ ਢੰਗ ਨਾਲ ਨਹੀਂ ਵਰਤਿਆ ਜਾਣਾ ਚਾਹੀਦਾ। ਇਹ ਤਾਂ ਪ੍ਰਮਾਤਮਾ ਦੀ ਰਜ਼ਾ ਸੀ ਕੁਦਰਤ ਦੀ ਮਰਜ਼ੀ ਸੀ ਕਿ ਇੰਗਲੈਂਡ ਦੀ ਧਰਤੀ ਉਤੇ ਪਿਛਲੇ ਅਨੇਕਾਂ ਸਾਲਾਂ ਪਿਛੋਂ ਏਨਾ ਸੋਕਾ ਪਿਆ ਹੋਵੇ, ਤੇ ਲਗਾਤਾਰ ਕਈ ਮਹੀਨੇ ਮੀਂਹ ਨਾ ਪਿਆ ਹੋਵੇ। ਸੰਗਤ ਦੀ ਸਚੇ ਦਿਲੋਂ ਕੀਤੀ ਗਈ ਅਰਦਾਸ ਵਾਹਿਗੁਰੂ ਦੀ ਦਰਗਾਹ ਵਿਚ ਕਬੂਲ ਹੋਣ ਤੇ ਅਸੀਂ ਬਹੁਤ ਪਰਸੰਨ ਹਾਂ ਕਿਉਂਕਿ ਟੈਲੀਵੀਜਨ ਉਤੇ ਉਸੇ ਰਾਤ ਮੌਸਮ ਬਾਰੇ ਕੀਤੀ ਗਈ ਭਵਿੱਖ ਬਾਣੀ ਵਿਚ ਕਿਹਾ ਸੀ ਕਿ ੬ ਸਤੰਬਰ ਤੱਕ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ।

ਡਾ. ਮਾਂਗਟ ਹੋਰਾਂ ਬਾਰੇ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਉਹਨਾਂ ਕੋਲੋਂ ਹਾਲ ਕਰਾਏ ਉਤੇ ਲਿਆ ਗਿਆ ਤੇ ਨਾਮਧਾਰੀ ਸਮਾਗਮ ਸਿਰਫ ਨਾਮਧਾਰੀ ਰਵਾਇਤ ਅਨੁਸਾਰ ਕੁਝ ਸ਼ਾਦੀਆਂ ਕਰਨ ਲਈ ਰੱਖਿਆ ਗਿਆ ਸੀ। ਇਸ ਮੌਕੇ ਨੂੰ ਸ. ਮਾਂਗਟ ਨੇ ਪ੍ਰਾਪੇਗੰਡੇ ਤੇ ਆਪਣੇ ਪਰਚਾਰ ਲਈ ਵਰਤਿਆ। ਉਹਨਾਂ ਨੇ ਬਰਤਾਨਵੀ ਪਰੈਸ ਕੋਲ ਅਜਿਹੇ ਬਿਆਨ ਦਿਤੇ, ਜਿਸਦਾ ਸਤਿਗੁਰਾਂ ਜਾਂ ਨਾਮਧਾਰੀ ਸੰਗਤ ਦਾ ਕੋਈ ਸਬੰਧ ਨਹੀਂ।

# ਅਨਜਾਣ ਜੀ ਅਮਨ ਲਈ ਰਾਜਦੂਤ ਬਣੇ

*ਲੰਡਨ, ੯ ਜੁਲਾਈ ੨੦੦੯*—ਅੱਜ ਏਥੇ ਯੂਨੀਵਰਸਲ ਪੀਸ ਫੈਡਰੇਸ਼ਨ ਵਲੋਂ ਪੰਜਾਬੀ ਦੇ ਪ੍ਰਸਿੱਧ ਲੇਖਕ, ਪੱਤਰਕਾਰ, ਸਿਖਿਆ ਸ਼ਾਸਤਰੀ ਤੇ ਵਿਸ਼ਵ ਅਮਨ ਲਈ ਕਾਰਜਸ਼ੀਲ ਪ੍ਰੋ. ਤਾਰਾ ਸਿੰਘ ਅਨਜਾਣ ਨੂੰ Ambassador for Peace (ਅਮਨ ਲਈ ਰਾਜਦੂਤ) ਦਾ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।



ਫੈਡਰੇਸ਼ਨ ਉਹਨਾਂ ਵਿਅਕਤੀਆਂ ਨੂੰ ਸਨਮਾਨਿਤ ਕਰਦੀ ਹੈ ਜਿਹੜੇ ਨਸਲੀ, ਕੌਮੀ, ਧਾਰਮਿਕ ਘੇਰੇ ਤੋਂ ਪਾਰ ਜਾ ਕੇ ਉਹਨਾਂ ਸਰਬਕਾਲੀ ਆਸਾਂ, ਵਿਸ਼ਵ ਅਮਨ ਲਈ ਅਧਿਆਤਮਕ ਇਕਸੁਰਤਾ ਲਈ ਆਪਣਾ ਸਹਿਯੋਗ ਦੇਂਦੇ ਹਨ। ਜਿਹੜੇ ਵਿਆਪਕ ਨੈਤਿਕ ਕਦਰਾਂ ਕੀਮਤਾਂ, ਨਿਗਰ ਪਰਵਾਰਕ ਸਾਂਝਾਂ ਪਸਰਸਪਰ ਧਾਰਮਿਕ ਮੇਲ ਮਿਲਾਪ, ਕੌਮਾਂਤਰੀ ਇਕਸੁਰਤਾ, ਸੰਯੁਕਤ ਰਾਸ਼ਟਰ ਦੇ ਘੇਰੇ ਵਿਚ ਅਮਲ ਦਾ ਸੱਭਿਆਚਾਰ ਸਥਾਪਿਤ ਕਰਦੇ ਹਨ।

ਅਨਜਾਣ ਜੀ ਨੂੰ ਇਹ ਪ੍ਰਮਾਣ ਪੱਤਰ ਫੈਡਰੇਸ਼ਨ ਦੇ ਯੂ. ਕੇ. ਦੇ ਜਨਰਲ ਸਕੱਤਰ ਸ਼੍ਰੀ ਰਾਬਿਨ ਮਾਰਸ ਨੇ ਦਿੱਤਾ। ਇਸ ਮੌਕੇ ਸਰਬ ਧਰਮ ਸੰਮੇਲਨ ਕੀਤਾ ਗਿਆ ਜਿਸ ਵਿਚ ਹਿੰਦੂ, ਮੁਸਲਿਮ, ਸਿੱਖ, ਇਸਾਈ ਸਭ ਧਰਮਾਂ ਦੇ ਪ੍ਰਤੀਨਿਧਾਂ ਨੇ ਵਿਸ਼ਵ ਏਕਤਾ ਲਈ ਪ੍ਰਾਰਥਨਾ ਕੀਤੀ। ਸੂਫੀ ਤੇ ਇਸਲਾਮ ਬਾਰੇ ਇਕ ਖੋਜੀ ਵਿਦਵਾਨ ਨੇ ਭਾਸ਼ਣ ਦਿੱਤਾ। ਅਨਜਾਣ ਜੀ ਨੇ ਫੈਡਰੇਸ਼ਨ ਦੇ ਕਾਰਕੁਨਾਂ ਦਾ ਉਹਨਾਂ ਨੂੰ ਸਨਮਾਨਿਤ ਕਰਨ ਲਈ ਧੰਨਵਾਦ ਕੀਤਾ ਤੇ ਵਿਸ਼ਵ ਅਮਨ ਲਈ ਆਪਣੀ ਪ੍ਰਤੀਬਧਤਾ ਪ੍ਰਗਟ ਕੀਤੀ।

*—ਪੱਤਰ ਪ੍ਰੇਰਕ*



Namdhari Elibrary NamdhariElibrary@gmail.com

# ਦੋ ਰਚਨਾਵਾਂ

*ਬਲਬੀਰ ਸਿੰਘ ਢਿਲੋਂ ਮੋਹਾਲੀ*



## ਮੀਤ ਵੱਸੇ

ਭਾਵੇਂ ਵੇਖਾਂ ਤੇ ਭਾਵੇਂ ਬੰਦ ਕਰ ਲਾਂ,
ਅੱਖੀਆਂ ਵਿਚ ਮੇਰਾ ਮੀਤ ਵੱਸੇ
ਮੈਨੂੰ ਲੋੜ ਨਾ ਹੀਰੇ ਲਾਲਾਂ ਦੀ,
ਮੇਰੇ ਹਿਰਦੇ ਗੁਰ ਜਗਜੀਤ ਵੱਸੇ

ਤੇਰਾ ਨਾਮ ਹੀ ਗੀਤ ਅਜੇਹਾ ਏ,
ਜਿਨੂੰ ਲੋੜ ਨਾ ਸੁਰ ਤੇ ਸਾਜ਼ਾਂ ਦੀ।
ਉਹ ਆਪ ਹੀ ਏਨਾ ਮਿਠਾ ਏ,
ਉਹਨੂੰ ਲੋੜ ਨਾ ਮਿਠੀਆਂ 'ਵਾਜ਼ਾਂ ਦੀ।
ਜੋ ਜ਼ਿੰਦਗੀ ਏ ਜੋ ਬੰਦਗੀ ਏ,
ਮੇਰੀ ਰਸਨਾ ਤੇ ਉਹ ਗੀਤ ਵਸੇ।

ਲੋਕੀਂ ਪੂਜਨ ਮੜ੍ਹੀ ਮਸੀਤਾਂ ਨੂੰ
ਮੈਂ ਪੂਜਾਂ ਤੇਰੇ ਗੀਤਾਂ ਨੂੰ
ਤੇਰੇ ਬ੍ਰਿਹੋਂ ਭਿੱਜੇ ਬੋਲਾਂ ਨੂੰ
ਉਹਨਾਂ ਰੰਗ ਰਸ ਭਿੰਨੀਆਂ ਰੀਤਾਂ ਨੂੰ।
ਜੋ ਸੁਰ ਸਾਜ਼ਾਂ 'ਚੋਂ ਰਿਸਦਾ ਏ,
ਮੇਰੇ ਲੂੰ ਲੂੰ ਉਹ ਸੰਗੀਤ ਵਸੇ।

ਕੋਈ ਲੋਚੇ ਗੰਗਾ ਕਾਂਸ਼ੀ ਨੂੰ
ਕੋਈ ਲੋਚੇ ਮੱਕੇ ਕਾਹਬੇ ਨੂੰ।
ਕੋਈ ਵੜਿਆ ਵਿਚ ਕਿਤਾਬਾਂ ਦੇ,
ਪਿਆ ਲਭਦਾ ਫਿਰਦਾ ਬਾਬੇ ਨੂੰ।
ਮੇਰੇ ਲਈ ਮੱਕਾ ਕਾਹਬਾ ਏ,
ਮੇਰੇ ਦਿਲ ਵਿਚ ਤੇਰੀ ਪ੍ਰੀਤ ਵਸੇ।

ਉਹ ਲੋਕ ਹੀ ਮੰਜ਼ਿਲਾਂ ਸਰ ਕਰਦੇ,
ਜੋ ਲੰਮੇਂ ਪੈਂਡੇ ਪੈ ਜਾਂਦੇ।
ਜੋ ਥੱਕ ਹਾਰ ਕੇ ਬਹਿ ਜਾਂਦੇ,
ਉਹ ਓਥੋਂ ਜੋਗੇ ਰਹਿ ਜਾਂਦੇ।
ਏਹੋ ਜਹੇ ਹਾਰੇ ਰਾਹੀਆਂ ਤੇ,
ਦੱਸੋ ਫਿਰ ਕਿਧਰੋਂ ਜੀਤ ਵਸੇ।

ਰੱਬ ਪਾਣਾ ਬੁੱਲਿਆ ਸੌਖਾ ਏ,
ਪੁੱਟ ਏਧਰੋਂ ਓਧਰ ਲਾ ਦੇਈਏ
ਉਹਨੂੰ ਤਨ ਮਨ ਆਪਣਾ ਸੌਂਪ ਦੇਈਏ।
ਚਰਨਾਂ ਦੀ ਧੂੜ ਬਣਾ ਦੇਈਏ
ਢਿੱਲੋਂ ਫਿਰ ਇਕੋ ਦਿਸਦਾ ਏ,
ਬਾਹਰ ਵੱਸੇ ਜਾ ਚੀਤ ਵਸੇ।

## ਪ੍ਰੀਤ ਮਿਲ ਜਾਵੇ

ਮੈਨੂੰ ਸਤਿਗੁਰ ਦੀ ਪ੍ਰੀਤ ਮਿਲ ਜਾਵੇ
ਮੈਂ ਹੋਰ ਕੁਝ ਨਹੀਂ ਮੰਗਦਾ
ਮੈਨੂੰ ਚਰਨਾਂ 'ਚ ਥਾਂ ਮਿਲ ਜਾਵੇ
ਮੈਂ ਹੋਰ ਕੁਝ ਨਹੀਂ ਮੰਗਦਾ।

ਮੈਂ ਸਤਿਗੁਰ ਤੋਂ ਇਹ ਮੰਗਦਾ ਹਾਂ
ਮੇਰਾ ਸੁਪਨਾ ਹੋ ਉਹ ਸੱਚ ਜਾਵੇ।
ਇਹ ਜਲਵਾ ਤੇਰੇ ਮੁਖੜੇ ਦਾ,
ਮੇਰੇ ਲੂੰ ਲੂੰ ਦੇ ਵਿਚ ਰਚ ਜਾਵੇ।
ਜਗਜੀਤ ਗੁਰੂ ਮਨਮੀਤ ਗੁਰੂ
ਮੇਰੀ ਜਿਹਬਾ ਹਰ ਦਮ ਗਾਵੇ।

ਮੈਂ ਵਣਜਾਰਾ ਹਾਂ ਪ੍ਰੀਤਾਂ ਦਾ,
ਅਤੇ ਪ੍ਰੀਤ ਦਾ ਹੋਕਾ ਦਿੰਦਾ ਹਾਂ
ਜਿਹਨੂੰ ਸੁਣ ਕੇ ਮੁਕਤੀ ਮਿਲਦੀ ਏ,
ਉਸ ਗੀਤ ਦਾ ਹੋਕਾ ਦਿੰਦਾ ਹਾਂ।
ਜੋ ਲੈ ਲੈਂਦਾ ਉਹ ਤਰ ਜਾਂਦੇ
ਜੋ ਰਹਿ ਜਾਂਦਾ ਉਹ ਰਹਿ ਜਾਵੇ।

ਤੂੰ ਕਾਦਰ ਹੈਂ ਤੂੰ ਕਰਤਾ ਹੈਂ,
ਤੇਰੀ ਕੀਮਤ ਕਹੀ ਨਾ ਜਾਵੇ
ਵਸੇ ਨੂਰੀ ਚਾਨਣ ਹਿਰਦੇ ਵਿਚ,
ਹਰ ਇਕ ਦੀ ਰਾਹ ਰੁਸ਼ਨਾਵੇ
ਤੂੰ ਆਪੇ ਹੀ ਬਹੁ ਰੰਗੀਂ ਹੈਂ,
ਤੇਰੇ ਰੰਗਾਂ ਦਾ ਅੰਤ ਨਾ ਆਵੇ।

ਮੈਨੂੰ ਚਾਨਣ ਦੀ ਛਿੱਟ ਦੇ ਐਸੀ
ਜਿਹਨੂੰ ਪਾ ਕੇ ਮੈਂ ਪੁਰ ਨੂਰ ਹੋਵਾਂ।
ਕੋਈ ਪ੍ਰੇਮ ਪਿਆਲਾ ਦੇ ਐਸਾ,
ਜਿਹਨੂੰ ਪੀ ਕੇ ਮੈਂ ਮਖ਼ਮੂਰ ਹੋਵਾਂ।
ਤੇਰੇ ਦਰ ਤੇ ਢਿੱਲੋਂ ਆਇਆ ਏ।
ਇਹ ਝੋਲੀਆਂ ਭਰ ਕੇ ਜਾਵੇ।



Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤਿ ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ





ਸ. ਸੇਵਾ ਸਿੰਘ ਨਾਮਧਾਰੀ ਚੇਅਰਮੈਨ, ਬੀਬੀ ਪਵਨ ਜੀਤ ਕੌਰ, ਭੁਪਿੰਦਰ ਸਿੰਘ, ਬਲਵੰਤ ਸਿੰਘ, ਸੰਤੋਖ ਸਿੰਘ

# FUN N' FOOD VILLAGE

**V. KAPASHERA, OLD GURGOAN ROAD, DELHI**



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਨਾਮਧਾਰੀ ਸਿੱਖ ਫਾਊਂਡੇਸ਼ਨ ਇਕ ਯੂ. ਐਸ. ਏ., ਭੂਪਿੰਦਰ ਸਿੰਘ ਭੁਰਜੀ ਤੇ ਪ੍ਰਵਾਰ ਵੱਲੋਂ

**ਗੁਰਸੇਵ ਸਿੰਘ ਭੁਰਜੀ**

**Director India Chapter**
**Namdhari Sikh Foundation**
**G-38**
**Sant Nagar Extn.**
**New Delhi, 110018**
**INDIA**



**Bhupinder S. Bhurji**
**Chief-Coordinator**

**ਗੁਰਪ੍ਰੀਤ ਸਿੰਘ ਭੁਰਜੀ**

**President**
**Namdhari Sikh Foundation**
**Resi : JESSE PLACE**



Namdhari Elibrary NamdhariElibrary@gmail.com



## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



ਸ.ਮਹਿੰਦਰ ਸਿੰਘ ਦਿਲੀ



ਸੂਬਾ ਜਗੀਰ ਸਿੰਘ ਜੀ



ਸ. ਹਰਭਜਨ ਸਿੰਘ ਔਰੰਗਾਬਾਦ

# ਪ੍ਰਬੰਧਕੀ ਸੇਵਕ ਸ੍ਰੀ ਭੈਣੀ ਸਾਹਿਬ



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀ ਛੱਤਰ ਛਾਇਆ
ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ ਹਾਰਦਿਕ ਵਧਾਈਆਂ



# ਪਰਤਾਪ ਬਾਡੀ ਖਿਲਡਰ

## ਗੁਲਾਬੀ ਬਾਗ, ਦਿੱਲੀ

## Partap Body Builder

Gulabi Bagh, Delhi
9810998240



**ਸੰਤ ਸਾਧਾ ਸਿੰਘ**
ਪ੍ਰਧਾਨ ਨਾਮਧਾਰੀ
ਸਿੱਖ ਸੰਗਤ ਦਿਲੀ

# ਹਰੀ ਪ੍ਰਤਾਪ ਬਾਡੀ ਖਿਲਡਰ

## Hari Partap Body Builders

9312265441

# ਸੰਤ ਬਾਡੀ ਖਿਲਡਰ

## ਯੂ.ਪੀ ਬੋਰਡਰ, ਮੋ- 9810647460

## Sant Body Builder, U.P. Border



Namdhari Elibrary NamdhariElibrary@gmail.com

# ਕਹਾਣੀਆਂ ਸਮਰਥ ਕੰਤ ਕੀਆਂ

*—ਸਾਧੂ ਸਿੰਘ ਕਿਸਾਨ*



ਸੰਨ ੧੯੪੪ ਅੱਸੂ ਮੇਲੇ ਦਿਨਾਂ ਦੀ ਗੱਲ ਹੈ। ਬਾਪੂ ਜੀ (ਸ੍ਰੀ ਵਹਿਮੀ ਜੀ) ਨਾਲ ਸ੍ਰੀ ਭੈਣੀ ਸਾਹਿਬ ਕਈ ਦਿਨ ਮੌਜਾਂ ਮਾਨਣ ਦਾ ਮੌਕਾ ਮਿਲਿਆ। ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਾਹਿਬਜ਼ਾਦੇ ਬਿਅੰਤ ਜੀ ਅਤੇ ਬੱਲੋ ਜੀ ਨੂੰ ਓਦੋਂ ਬਾਬਾ ਜੀ ਕਹਿ ਕੇ ਬੁਲਾਇਆ ਜਾਂਦਾ ਸੀ। ਮੱਸ ਫੁਟ ਸੱਸੀਆਂ ਦਾਹੜੀਆਂ, ਬੜੇ ਸੁੰਦਰ, ਚੜ੍ਹਦੀ ਜਵਾਨੀ ਸੰਗਤ ਵਿਚ ਪੈਲਾਂ ਪਾਂਦੇ ਫਿਰਦੇ ਸਨ। ਬਿਅੰਤ ਜੀ ਹਲਕੇ ਫੁਲਕੇ ਉਡਣੇ ਪੁਡਣੇ-ਬੱਲੋ ਜੀ ਭਾਰੇ ਗੋਰੇ ਗੱਸਰ ਦਰਸ਼ਨੀ ਜਵਾਨ ਬਣਦੇ ਜਾ ਰਹੇ ਸਨ। ਉਂਜ ਖੇਡਣ ਮੱਲਣ ਦੀ ਅਗੁਵਾਈ ਬਿਅੰਤ ਜੀ ਦੇ ਹੱਥ ਹੀ ਰਹਿੰਦੀ।

ਫੁੱਟਬਾਲ, ਛਾਲਾਂ, ਮੀਟੀ ਆਦਿ ਖੇਡਦਿਆਂ, ਇਕ ਦਿਨ ਬਿਅੰਤ ਜੀ ਨੇ ਇਕ ਨਵੀਂ ਖੇਡ ਕੱਢ ਮਾਰੀ। ਗੋਲ ਮੰਦਰੋਂ ਪੂਰਬਲੇ ਪਾਸੇ-ਵੱਡਾ ਪਿੱਪਲ ਜੋ ਅੱਜ ਵੀ ਹੈ, ਪਰ ਉਸਦਾ ਓਹ ਟਾਹਣ ਸਮੇਂ ਦੀ ਮਾਰ ਹੇਠ ਆ ਕੇ ਅਲੋਪ ਹੋ ਚੁੱਕਾ ਹੈ। ਵੀਹ ਪੱਚੀ ਫੁੱਟ ਉੱਚਾ ਟਾਹਣ, ਪੀਂਘ ਵਾਸਤੇ ਬੜਾ ਵਾਜਬ ਸੀ। ਬਿਅੰਤ ਜੀ, ਦੇ ਪਸੰਦ ਆ ਗਿਆ। ਸੁਦਾਗਰ ਸਿੰਘ ਘੋੜਿਆਂ ਵਾਲੇ ਨੂੰ ਕਹਿ ਕੇ ਓਹਦੇ ਤੇ ਪੀਂਘ ਪੁਆ ਲਈ। ਪੀਂਘ ਦਾ ਹੁਲਾਰਾ, ਮੰਦਰ ਵਲੋਂ ਅਜੋਕੇ ਸੁਰਗੀ ਪੰਡਿਤ ਜੀ ਦੇ ਡੇਰੇ ਵਲ ਨੂੰ ਜਾਂਦਾ ਸੀ। ਪਹਿਲਾ ਝੂਟਾ ਬਿਅੰਤ ਜੀ ਨੇ ਸ਼ੁਰੂ ਕੀਤਾ। ਫਿਰ ਬੱਲੋ ਜੀ, ਮਹਿੰਦਰ ਸਿੰਘ ਕੱਕੜ ਅਤੇ ਕਈ ਘੋੜਿਆਂ ਵਾਲੇ ਜਵਾਨਾਂ ਹੂਟੇ ਲਏ।

ਦੂਰ ਤਕ ਅੱਗਾ ਪਿੱਛਾ ਜਾਚ ਕੇ, ਫਿਰ ਵੱਡੇ ਬਾਬਾ ਜੀ ਪੀਂਘ ਸਵਾਰ ਹੋ ਗਏ। ਜਦੋਂ ਪੀਂਘ ਸਿਖਰ ਤੇ ਚਲੀ ਗਈ, ਉਤੋਂ ਛਾਲ ਮਾਰ ਗਏ। ਵੇਖਣ ਵਾਲਿਆਂ ਜਾਣਿਆਂ, ਜਿਵੇਂ ਡਿੱਗ ਪਏ ਹੋਣ, ਪਰ ਨਹੀਂ, ਓਹ ਅੱਗੇ ਜਾ ਕੇ ਪੈਰਾਂ ਭਾਰ ਬਹਿ ਗਏ। ਉੱਠ ਕੇ ਮੁਸਕਰਾਂਦੇ ਹੋਏ ਆ ਗਏ। ਕਹਿਣ ਲੱਗੇ-ਚਲੋ ਭਈ ਤੁਸੀਂ ਵੀ ਮਾਰੋ ਛਾਲਾਂ। ਇਕ ਵਾਰ ਤੇ ਸਾਰੇ ਨਾਂਹ ਕਰ ਗਏ। ਫਿਰ ਆਖਿਆ, ਇਕ ਵਾਰ ਹੋਰ ਛਾਲ ਮਾਰ ਕੇ ਵਖਾਓ! ਝਟ ਉਸੇ ਤਰ੍ਹਾਂ ਛਾਲ ਮਾਰ ਕੇ ਵਖਾ ਦਿੱਤੀ। ਆ ਕੇ ਆਖਣ ਲੱਗੇ ਐਵੇਂ ਡਰੀ ਜਾਂਦੇ ਓ! ਸਗੋਂ ਬੜਾ ਨਜ਼ਾਰਾ ਔਂਦਾ ਏ। ਮਹਿੰਦਰ ਸਿੰਘ ਕੱਕੜ ਘੋੜਿਆਂ ਵਾਲਾ ਤਿਆਰ ਹੋ ਗਿਆ ਪਰ ਛਾਲ ਮਾਰਨ ਲੱਗਿਆ ਪੀਂਘ ਹੌਲੀ ਕਰ ਗਿਆ। ਬਾਬਾ ਜੀ ਕਿਹਾ-ਬਾਤ ਬਣੀ ਨਹੀਂ-ਫਿਰ ਚੱਲ! ਦੂਜੀ ਵਾਰੀ ਕੁਝ ਦੂਰ ਜਾ ਪਿਆ। (ਏਹ ਗੋਰੇ ਚਿੱਟੇ ਪਤਲੇ ਤਿੱਖੇ ਨਕਸ਼, ਅਤਿ ਸੁੰਦਰ ਲੰਮੇ ਜਵਾਨ ਸਨ। ਬਾਦ ਜਥੇਦਾਰ ਗੁਰਮੁਖ ਸਿੰਘ ਜੀ ਝੱਬਰ ਮੁਖਤਾਰਿ- ਆਮ ਸ੍ਰੀ ਭੈਣੀ ਸਾਹਿਬ ਵਲੋਂ ਦਾਮਾਦ ਪ੍ਰਵਾਨ ਕੀਤੇ ਗਏ। ਹੁਣ ਸੰਤ ਨਗਰ ਸਵਰਗ ਸਿਧਾਰ ਚੁੱਕੇ ਹਨ।) ਕਹਿਣ ਲੱਗੇ ਚਲੋ ਕੋਈ ਹੋਰ!

ਮੈਨੂੰ ਕਹਿੰਦੇ-ਚੱਲ ਸਾਧੂ! ਤੂੰ ਹੋਲਾ ਏਂ-ਤੈਨੂੰ ਕੋਈ ਚੋਟ ਨਹੀਂ ਲੱਗਣੀ। ਜਦੋਂ ਪੀਂਘ ਚੜ੍ਹਾਈ ਬਹੁਤ ਉੱਚੀ ਚਲੀ ਗਈ। ਛਾਲ ਮਾਰਨ ਲੱਗਿਆਂ ਅੱਖਾਂ ਮੀਟ ਲਈਆਂ। ਇੰਜ ਲੱਗਿਆ, ਜਿਵੇਂ ਹਵਾ 'ਚ ਉੱਡ ਰਿਹਾ ਹੋਵਾਂ। ਜਦੋਂ ਰੇਤੇ 'ਚ ਡਿੱਗਾ, ਅੱਖਾਂ ਉਘੇੜੀਆਂ, ਪੈਰਾਂ ਭਾਰ ਪਿਆ ਹਾਂ-ਆਰਾਮ ਨਾਲ ਉੱਠ ਕੇ ਆ ਗਿਆ। ਬਿਅੰਤ ਜੀ ਨੇ ਸ਼ਾਬਾਸ਼ ਆਖਿਆ। ਮੇਰਾ ਹੌਸਲਾ ਵਧ ਗਿਆ। ਕਈ ਛਾਲਾਂ ਮਾਰੀਆਂ ਦੂਰ ਤੋਂ ਦੂਰ ਈ ਜਾਂਦਾ ਰਿਹਾ।

ਹੁਣ ਸਾਰੇ ਬੱਲੋ ਜੀ ਦੁਆਲੇ ਹੋ ਗਏ-ਪੀਂਘ ਚੜ੍ਹਾ ਲੈਂਦੇ ਓ। ਛਾਲ ਕਿਓਂ ਨਹੀਂ ਮਾਰਦੇ? ਅਖੀਰ ਹੌਲੀ ਹੋਈ ਪੀਂਘੋਂ ਛਾਲ ਮਾਰੀ। ਕਹਿਣ, ਮੈਥੋਂ ਨਹੀਂ ਏਹ ਲੰਗੂਰਾਂ ਵਾਲਾ ਕੰਮ ਹੁੰਦਾ।

ਕਈ ਦਿਨ ਇਹ ਖੇਡ ਚੱਲਦੀ ਰਹੀ। ਕਿਸੇ ਤਰ੍ਹਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਵੀ ਸ਼ਿਕੈਤੀ ਗੱਲ ਪੁੱਜ ਗਈ, ਕਿ ਵੱਡੇ ਬਾਬਾ ਜੀ ਨੇ ਬੜੀ ਖ਼ਤਰਨਾਕ ਖੇਡ ਚਾਲੂ ਕੀਤੀ ਹੈ ਕਿਸੇ ਨੂੰ ਚੋਟ ਲੱਗ ਸਕਦੀ ਹੈ। ਇਕ ਦਿਨ ਅਛੋਪਲੇ ਛਾਪਾ ਮਾਰਿਆ। ਰੱਬੋਂ ਈ ਪੀਂਘ ਤੇ ਬਿਅੰਤ ਜੀ ਬੈਠੇ ਸਨ। ਸਤਿਗੁਰਾਂ ਛਾਲ ਮਾਰਦਿਆਂ ਨੂੰ ਵੇਖ ਲਿਆ। ਜਦੋਂ ਉੱਠ ਕੇ ਨਮਸਕਾਰ ਕੀਤੀਓ ਨੇ, ਹਜ਼ੂਰ ਨੇ ਥਾਪੜਾ ਦੇ ਕੇ ਸ਼ਿਕੈਤੀਆਂ ਨੂੰ ਸੁਣਾ ਕੇ ਫੁਰਮਾਇਆ-ਵੱਡਾ ਕਾਕਾ ਬੜੀਆਂ ਵਿਲੱਖਣ ਪੈੜਾਂ ਪਾਂਦਾ ਏ!...ਹਾਂ ਬਈ, ਕੋਈ ਹੋਰ ਵੀ ਹੈ ਇਸਤਰਾਂ ਛਾਲ ਮਾਰਨ ਵਾਲਾ? ਬਿਅੰਤ ਜੀ ਨੇ ਕੱਕੜ ਨੂੰ ਇਸ਼ਾਰਾ ਕੀਤਾ, ਜੋ ਚਰਨ ਪਰਨਾਮ ਕਰਕੇ ਹਵਾ 'ਚ ਹਵਾ ਹੋ ਗਿਆ। ਪਾਤਸ਼ਾਹ ਬੜੇ ਪ੍ਰਸੰਨ ਹੋਏ-ਕੋਈ ਹੋਰ! ਬਿਅੰਤ ਜੀ ਨੇ ਮੈਨੂੰ



Namdhari Elibrary NamdhariElibrary@gmail.com

ਪੀਂਘ ਨੇੜੇ ਕਰ ਕੇ, ਹਦੈਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ- ਜਿਵੇਂ ਮੈਂ ਅਨਾੜੀ ਹੋਵਾਂ। ਵੇਖ ਸਾਧੂ! ਕੁੜਤਾ ਟੁੰਗ ਲੈ! ਜਦੋਂ ਪੀਂਘ ਸਿਖਰ ਤੇ ਜਾਵੇ, ਪੈਰਾਂ ਹੇਠਲੀ ਫੱਟੀ ਤੇ ਬੈਠ ਜਾਣਾ- ਪੈਰ ਅਗੇ ਨੂੰ ਪਸਾਰ ਲੈਣੇ-ਹੱਥ ਪੁੱਠੇ ਪਾ ਲੈਣੇ-ਸਤਿਗੁਰਾਂ ਨੂੰ ਧਿਆ ਕੇ ਛਾਲ ਮਾਰਨੀ-ਅੱਧ ਵਿਚ ਇਕ ਹੋਰ ਹੁਲਾਰਾ ਮਾਰਨਾ ਹੋਲਾ ਏ-ਦੂਰ ਚਲਾ ਜਾਇੰਗਾ। ਮੈਂ ਸਾਰੀਆਂ ਪੰਗਤੀਆਂ ਕੰਠ ਕਰ ਲਈਆਂ। ਪਰ ਨਾਲ ਇਕ ਹੋਰ ਵਾਧਾ ਕਰ ਲਿਆ। ਪੀਂਘ ਜਦੋਂ ਟਾਹਣ ਜਿੰਨੀ ਉੱਚੀ ਹੋ ਗਈ ਇਕ ਹੱਥ ਨਾਲ ਪਿੱਪਲ ਦੇ ਪੱਤੇ ਝਰੂਟ ਲਏ। ਛਾਲ ਮਾਰਨ ਲੱਗਿਆਂ ਜਦੋਂ ਡਬਲ ਹੁਲਾਰਾ ਮਾਰਿਆ, ਮੈਂ ਕਿਤੇ ਦਾ ਕਿਤੇ ਚਲਾ ਗਿਆ। ਡਿੱਗਣ ਵਾਲੀ ਰੇਤ ਟਿੱਬੀ ਤੋਂ ਅਗਲੇ ਪਾਸੇ ਚਲਾ ਗਿਆ। ਹੱਥ ਵਿਚ ਪਿੱਪਲ ਪੱਤੇ ਹੋਣ ਕਰਕੇ ਪੂਰਾ ਸੰਭਾਲਿਆ ਨਾ ਗਿਆ। ਗੋਲ ਮੋਲ ਹੋ ਕੇ ਰਿੜ੍ਹਦਾ ਕਾਫੀ ਦੂਰ ਚਲਾ ਗਿਆ। ਮੈਨੂੰ ਇੰਜ ਲੱਗਿਆ ਜਿਵੇਂ ਬਿਅੰਤ ਜੀ ਵੀ ਮੇਰੇ ਨਾਲ ਹੀ ਛਾਲ ਮਾਰੀ ਹੋਵੇ। ਕਿਉਂ ਜੋ ਸਭ ਤੋਂ ਪਹਿਲੇ ਏਹਨਾਂ ਈ ਆ ਕੇ ਮੈਨੂੰ ਉਠਾਇਆ ਤੇ ਝਾੜਿਆ ਤੇ ਹਜ਼ੂਰ ਕੋਲ ਹਾਜ਼ਰ ਕੀਤਾ। ਪਾਤਸ਼ਾਹਾਂ ਪ੍ਰਸੰਨ ਹੋ ਕੇ ਵਾਕ ਉਚਾਰਿਆ "ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ।" ਹਜ਼ੂਰ ਦੇ ਥਾਪੜੇ ਬਾਦ ਮੈਨੂੰ ਸਨੇਹਿਲ ਗਲਵਕੜੀਆਂ 'ਚ ਲੈਂਦੇ ਏਨਿਆ ਕੁ ਦਾ ਚੇਤਾ ਆ ਰਿਹੈ, ਸ੍ਰੀ ਚੱਕਰਵਰਤੀ ਜੀ, ਸ੍ਰੀ ਅਮਰ ਸਿੰਘ ਜੀ ਭਾਗੋਵਾਲੀਏ ਜੋ ਸਵਾ ਲੱਖ ਪਾਠ ਪ੍ਰਬੰਧਕ ਸਨ। ਬਾਪੂ ਜੀ ਨੇ ਬਾਂਹ ਵਲਾਂਦਿਆਂ ਗੁਰਵਾਕ ਨੂੰ ਸੰਭਾਲਦਿਆਂ ਆਖਿਆ ਗੁਰੂ ਚੇਲੇ ਦਾ ਵਰ ਹੁਣੇ ਈ ਮਿਲ ਗਿਐ।

ਪੰਡਿਤ ਗੁਪਾਲ ਸਿੰਘ ਜੀ ਜੋ ਓਦੋਂ ਅਜੇ ਪੰਡਿਤ, ਨਹੀਂ ਸਨ ਬਣੇ, ਫਿਕਰਾ ਕੱਸਿਆ ਉੱਠ ਚਾਲੀ ਬੋਤਾ ਬਤਾਲੀ, ਸੰਤ ਆਲਾ ਸਿੰਘ ਜੀ ਨੇ ਮੋੜ ਦਿੱਤਾ-ਗੁਰਸਿੱਖਾਂ ਵਾਸਤੇ ਏਹ ਅਖਾਣ ਸ਼ੋਭਾ ਨਹੀਂ ਦੇਂਦਾ। ਭਾਈ ਵਜੀਰ ਸਿੰਘ ਜੀ ਨੇ ਸਤਿਗੁਰੂ ਦਾ ਬਚਨ ਹੀ ਸਭ ਤੋਂ ਸਿਰਮੋਰ ਹੈ, ਕਹਿ ਕੇ ਸਭ ਨੂੰ ਚੁੱਪ ਕਰਾ ਦਿੱਤਾ।

ਬਿਅੰਤ ਜੀ ਨੇ ਅਡੋਲ ਹੀ ਬੱਲੇ ਜੀ ਨੂੰ ਕਹਿ ਦਿੱਤਾ ਹੁਣ ਤੁਹਾਡੀ ਵਾਰੀ ਹੈ। ਥੋੜੀ ਜਹੀ ਨਾਂਹ ਨੁੱਕਰ ਬਾਦ ਨਿੱਕੇ ਬਾਬਾ ਜੀ ਨੂੰ ਪੀਂਘ ਤੇ ਚੜ੍ਹਨਾ ਪਿਆ। ਹੌਲੀ ਹੋਈ ਤੋਂ ਜਦੋਂ ਛਾਲ ਮਾਰੀ ਲੋਟਣ ਪੋਟਣ ਹੋ ਗਏ ਦਸਤਾਰਾ ਕਿਤੇ ਜਾ ਪਿਆ-ਕੇਸ ਖੁੱਲ੍ਹ ਗਏ-ਕੁੜਤੇ ਨਾਲ ਅੜਕੇ ਪੈਰਾਂ ਹੇਠਲੀ ਫੱਟੀ ਮੋਢਿਆਂ ਤੇ ਆ ਵੱਜੀ ਜਿਵੇਂ ਕਿਤੇ ਇਸਨੇ ਵੀ ਬਦਲਾ ਚੁਕਾਣਾ ਹੋਵੇ। ਬਾਪੂ ਜੀ ਓਹੋ ਓਹੋ ਆਖ ਕੇ ਉਠਾਣ ਨੂੰ ਔਹਲੇ। ਪਾਤਸ਼ਾਹਾਂ ਖਿੜਖਿੜਾਂਦਿਆਂ ਫੁਰਮਾਇਆ ਕਾਕਾ! ਤੇਰੇ ਵਸਦੀਆਂ ਨਹੀਂ ਇਹੋ ਜਹੀਆਂ ਖੇਡਾਂ! ਤੂੰ ਘੋਲ ਸ਼ੋਲ ਈ ਕਰਿਆ ਕਰ। ਬੜੀ ਹਾਸੜ ਮੱਚੀ-ਹਜ਼ੂਰ ਦੇ ਹੋਂਦਿਆ, ਬਲੋ ਜੀ ਕੁਝ ਕਹਿ ਤਾਂ ਨਾ ਸਕੇ-ਪਰ ਬਿਅੰਤ ਜੀ ਵਲ ਬੜੀ ਘੂਰ ਕੇ ਵੇਖਿਓ ਨੇ-ਜਿਵੇਂ ਏਹ ਹੀ ਇਸ ਹਾਨੀ ਦਾ ਮੁਢ ਮੂਲ ਹੋਣ।

ਸਮਾਜਵਾਦੀ ਵਿਚਾਰਾਂ ਦੇ ਅਸਰ ਹੇਠ ਇਕ ਵਾਰੀ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਖ ਦਿੱਤਾ, ਕਿ ਸਨਮਾਨ ਭਾਵੇਂ ਘੱਟ ਨਹੀਂ ਕਰਦਾ ਪਰ ਮੈਂ ਆਪ ਜੀ ਨੂੰ ਸਤਿਗੁਰੂ ਨਹੀਂ ਮੰਨਦਾ। ਓਸੇ ਦਿਨ ਏਹੋ ਗੱਲ ਮੈਂ ਬਾਪੂ ਜੀ ਨੂੰ ਵੀ ਦੱਸ ਦਿੱਤੀ। ਓਦੋਂ ਚੁੱਪ ਰਹਿ, ਕਈ ਦਿਨ ਬਾਦ ਪਿਛਲੇ ਗੁਰੂਆਂ ਦੇ ਹਵਾਲੇ ਦੇ ਕੇ ਮੈਨੂੰ ਸਮਝਾਂਦਿਆਂ ਚੇਤਾ ਕਰਾ ਲਿਆ ਕਿ ਤੈਨੂੰ ਤਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵਲੋਂ ਗੁਰੂ ਚੇਲਾ, ਦਾ ਵਰ ਮਿਲ ਚੁੱਕਾ ਹੋਇਐ-ਉਸੇ ਪਰਵਾਨ ਕੀਤੇ ਬਚਨ ਤੋਂ ਹੁਣ ਕਿਵੇਂ ਇਨਕਾਰ ਕਰ ਸਕਨੈਂ। ਗੁਰਬਾਣੀ ਵਿਚ ਵੀ ਲਿਖਿਆ ਗੁਰ ਕਾ ਬਚਨ ਬਸੈ ਜੀਆ ਨਾਲੇ॥

**ਦੂਸਰੀ ਯਾਦ ੧੯੬੪ ਦੀ**

ਮਾਸਟਰ ਅਮਰੀਕ ਸਿੰਘ ਜੀ ਦੀ ਰਿਹੈਸ਼ ਓਦੋਂ ਸ੍ਰੀ ਜੀਵਨ ਨਗਰ ਹੁੰਦੀ ਸੀ। ਮੈਂ ਪਿੰਡੋਂ ਸਾਈਕਲ ਤੇ ਮਿਲਣ ਗਿਆ। ਮਾ. ਜੀ ਨੇ ਦੱਸਿਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੰਡੀ ਮਨਾਲੀ ਪਹਾੜਾਂ ਦੇ ਦੌਰੇ ਤੇ ਜਾ ਰਹੇ ਹਨ। ਚਲੋ ਅਸੀਂ ਵੀ ਚਲੀਏ। ਸਲਾਹ ਬਣੀ, ਸਾਥੀ ਰਲਾ ਕੇ ਸਾਈਕਲਾਂ ਤੇ ਚੱਲੀਏ। ਦੋਹਾਂ ਕੋਠੀ 'ਚ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਅਸਾਂ ਇੰਜ ਸੋਚਿਆ ਹੈ। ਹੁਕਮ ਹੋਇਆ, "ਬੜੀ ਵਧੀਆ ਗੱਲ ਹੈ ਜੋ ਸੋਚਿਐ ਕਰ ਵਖਾਓ!"

ਦੋ ਚਾਰ ਦਿਨਾਂ 'ਚ ਅੱਠ ਸਾਥੀ ਤਿਆਰ ਹੋ ਗਏ। ਦੋ ਅਸੀਂ ਤੀਜੇ ਮਾ. ਸ਼ੇਰ ਸਿੰਘ ਜੀ ਜੀਵਨ ਨਗਰ, ਚੌਥੇ ਗੁਰਬਖ਼ਸ਼ ਸਿੰਘ ਰਾਮਪੁਰੀ, ਪੰਜਵੇਂ ਬਲਬੀਰ ਸਿੰਘ ਢਿਲੋਂ ਤੇ ਛੇਵੇਂ ਕੇਹਰ ਸਿੰਘ ਹਮਰਾਹੀ ਸੰਤ ਨਗਰੋਂ। ਸੱਤਵਾਂ ਏਥੋਂ ਹੀ ਪ੍ਰਕਾਸ਼, ਰਾਇਸਰੀ, ਅੱਠਵਾਂ ਤਾਬਾ ਸਿੰਘ ਕੱਕੜ ਸੰਤ ਨਗਰੋਂ। ਸਾਈਕਲ ਕਿਸੇ ਪੁਰਾਣਾ ਠੀਕ ਠਾਕ ਕਰ ਲਿਆ, ਕਈਆਂ ਨਵੇਂ ਲੈ ਲਏ। ਜੇਠ ਮਹੀਨਾ, ਗਰਮੀ ਸਿਖਰ ਤੇ ਖਾਲਸਾ ਪਹਾੜ ਸਰ ਕਰਨ ਤੁਰ ਪਿਆ। ਇਕੱਠੇ ਹੋ ਕੇ ਤੁਰਦਿਆਂ ਕੁਵੇਲਾ ਹੋ ਗਿਆ। ਫਿਰ ਵੀ ਪਹਿਲੀ ਰਾਤ ਮਾਨਸਾ ਪਹੁੰਚ ਗਏ। ਏਥੇ ਸ੍ਰੀ ਸਤਿਗੁਰੂ ਜੀ ਨੇ ਸਾਡੀ ਰਿਹੈਸ਼ ਤੇ ਲੰਗਰ ਦਾ ਪ੍ਰਬੰਧ ਕੀਤਾ ਹੋਇਆ ਸੀ। ਅਗਲੇ ਦਿਨ ਸਾਝਰੇ ਈ ਤੁਰ ਕੇ,


Namdhari Elibrary NamdhariElibrary@gmail.com

ਦੁਪੈਹਰਾ ਨਾਭੇ ਰਾਗੀ ਖਜ਼ਾਨ ਸਿੰਘ ਜੀ ਦੇ ਘਰ ਜਾ ਲੰਗਰ ਲਾਇਆ। ਸ਼ਾਮ ਨੂੰ ਮੰਡੀ ਗੋਬਿੰਦਗੜ੍ਹੋਂ ਅੱਗੇ ਮੇਰੇ ਮਾਮਾ ਜੀ ਸ. ਲਛਮਣ ਸਿੰਘ ਬਾਜਵਾ ਦੇ ਪਿੰਡ ਬਾਗ ਸਕੰਦਰ, ਜਾ ਫ਼ਤੇਹ ਗਜਾਈ। ਪਿੰਡ ਥਾਂ ਤੇ ਕੁਵੇਲੇ ਦੇ ਪ੍ਰਾਹੁਣੇ ਓਹ ਵੀ ਅੱਠ। ਓਦੋਂ ਫੋਨ ਵਗੈਰਾ ਤੇ ਕੋਈ ਹੈ ਨਹੀਂ ਸਨ। ਪਰ ਬੱਲੇ ਬੱਲੇ ਮੇਰੀ ਮਾਮੀ ਜੀ ਦੇ, ਪਹਿਲਾਂ ਸਾਨੂੰ ਕੱਚੀ ਲੱਸੀ ਪਿਆ ਕੇ ਮੰਜੇ ਬਿਸਤਰਿਆਂ ਤੇ ਬਿਠਾ ਲਿਆ ਫਿਰ ਤੰਦੂਰ ਲਾ ਕੇ ਪ੍ਰਸ਼ਾਦੇ ਤਿਆਰ ਕਰ ਲਏ। ਦਾਲਾ ਤੇ ਪਤਾ ਈ ਨਾ ਲੱਗਿਆ ਕਦੋਂ ਰਿੱਝ ਗਿਆ। ਥਕੇਵੇਂ ਦੇ ਭੰਨੇ ਸੁੱਤੇ ਅਧਸੁੱਤਿਆ ਨੂੰ ਪਰਸ਼ਾਦੇ ਛਕਾਏ ਫਿਰ ਘੂਕ ਸੁੱਤਿਆਂ ਨੂੰ ਜਗਾ ਜਗਾ ਕੇ ਮਾਮਾ ਜੀ ਨੇ ਮੂੰਹਾਂ ਨੂੰ ਗਲਾਸ ਲਾ ਕੇ ਦੁੱਧ ਪਿਆਇਆ। ਸਵੇਰੇ ਖੂਹੀ ਤੇ ਇਸ਼ਨਾਨ ਕਰਦਿਆਂ ਨੂੰ ਦਹੀਂ ਪਰੌਠੇ ਤਿਆਰ ਸਨ।

ਅਗਲੀ ਦੁਪੈਹਰ ਦਾ ਲੰਗਰ ਸ੍ਰੀ ਸਤਿਗੁਰੂ ਜੀ ਨੇ ਰੋਪੜ ਸੰਤ ਕੇਹਰ ਸਿੰਘ ਜੀ ਦੇ ਘਰ ਤਿਆਰ ਕਰਾਇਆ ਹੋਇਆ ਸੀ। ਇਕ ਸਿੰਘ ਸੜਕ ਤੇ ਖੜੋਤਾ, ਪਤਾ ਨਹੀਂ ਕਦੋਂ ਕੁ ਤੋਂ ਸਾਨੂੰ ਉਡੀਕ ਰਿਹਾ ਸੀ। ਘੇਰ ਕੇ ਘਰੇ ਲੈ ਗਿਆ। ਲੰਗਰ ਛਕਾ ਕੇ ਕੁਝ ਪੱਲੇ ਬੰਨ ਦਿੱਤਾ। ਕੀਰਤਪੁਰੋਂ ਸਵਾਰ ਘਾਟ ਦੀ ਚੜ੍ਹਾਈ ਸ਼ੁਰੂ ਹੋ ਗਈ। ਅੱਗੇ ਸਾਈਕਲ ਸਾਨੂੰ ਲਈ ਔਂਦੇ ਸਨ, ਹੁਣ ਅਸੀਂ ਏਹਨਾਂ ਨੂੰ ਧੂਹ ਰਹੇ ਸਾਂ। ਏਥੇ ਪ੍ਰਕਾਸ਼ ਰਾਇਸਰੀ ਨੇ ਇਕ ਨਵੀਂ ਕਾਢ ਕੱਢੀ, ਜਿਦ੍ਹੇ ਕਰਕੇ ਅਸੀਂ ਫਿਰ ਸਾਈਕਲ ਸਵਾਰ ਹੋ ਗਏ। ਕਦੇ ਸੜਕ ਦੇ ਇਸ ਪਾਸੇ ਕਦੇ ਉਸ ਪਾਸੇ। ਸਪੀਡ ਭਾਵੇਂ ਬਹੁਤ ਥੋੜੀ, ਪਰ ਪੈਦਲ ਨਾਲੋਂ ਬਹੁਤੀ, ਨਾਲੇ ਸਾਈਕਲ ਖਿੱਚਣ ਤੋਂ ਬਚੇ। ਰਾਤ ਹਨੇਰੇ ਹੋਏ ਸਵਾਰ ਘਾਟ ਪੁੱਜੇ। ਨਾ ਜਾਣ ਪਛਾਣ ਨਾ ਟਿਕਾਣਾ। ਮੰਦਰ ਪੁਜਾਰੀ ਅੱਗੇ ਰੈਣ ਬਸੇਰੇ ਲਈ ਬੇਨਤੀ ਕੀਤੀ-ਕਹਿੰਦਾ, ਕੋਈ ਜਗ੍ਹਾ ਨਹੀਂ। ਮੈਂ ਦਰਵਾਜ਼ਾ ਬੰਦ ਕਰ ਕੇ ਘਰ ਜਾ ਰਿਹਾਂ। ਅਸਾਂ ਆਖਿਆ ਜਾਂ ਮੰਦਰ ਖੁਲ੍ਹਾ ਰਹਿਣ ਦਿਓ! ਨਹੀਂ ਅਸੀਂ ਤੁਹਾਡੇ ਨਾਲ, ਤੁਹਾਡੇ ਘਰੇ ਜਾ ਕੇ ਰਾਤ ਗੁਜ਼ਾਰ ਲਵਾਂਗੇ। ਬਰਸਾਤ ਸ਼ੁਰੂ ਹੋ ਗਈ ਏ, ਕਿੱਥੇ ਜਾਈਏ।

ਘਰੇ ਲਿਜਾਣ ਤੋਂ ਡਰਦਿਆਂ, ਮੰਦਰ ਖੁੱਲਾ ਛੱਡ ਕੇ ਚਲੇ ਗਿਆ। ਮੰਦਰ ਨਿੱਕਾ ਜਿਹਾ ਸੀ, ਵਿਚ ਹੈ ਵੀ ਕੁਝ ਨਹੀਂ ਸੀ, ਅੱਠ ਜਣੇ ਸੌਂ ਵੀ ਨਹੀਂ ਸਕਦੇ ਸਾਂ। ਕਿਸੇ ਤਰ੍ਹਾਂ ਸੌਂਦਿਆਂ ਜਾਗਦਿਆਂ ਗੱਲਾਂ ਬਾਤਾਂ ਕਰਦਿਆਂ ਰਾਤ ਗੁਜ਼ਾਰੀ। ਲੋਅ ਲਗਦਿਆਂ ਬਾਡਰ ਸੰਤਰੀ ਨੂੰ ਬੁਲਾ ਕੇ-ਮੰਦਰ ਦਾ ਚਾਰਜ ਦਿੱਤਾ। ਆਪ ਸੁੱਚੇ ਮੂੰਹ ਤੇ ਸੁੱਚੇ ਪਿੰਡੇ ਸੜਕ ਸਵਾਰ ਹੋ ਗਏ। ਬਿਲਾਸਪੁਰ ਪੁੱਜਦਿਆਂ ਨੂੰ, ਫਿਰ ਇਕ ਨਾਮਧਾਰੀ ਸਿੰਘ-ਸੜਕ ਵਿਚਕਾਰ ਖੜੋਤਾ ਨਜ਼ਰ ਆਇਆ। ਕਹਿੰਦਾ-ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ ਜਲ ਪਾਣੀ ਛਕਾ ਕੇ ਹੀ ਤੋਰਾਂਗੇ। ਰਾਤ ਦੇ ਭੁੱਖੇ ਸਿੰਘ ਗੁਰੂ ਕਾ ਹੁਕਮ ਨਾ ਮੰਨਦੇ-ਤਾਂ ਕਰਦੇ ਵੀ ਕੀਹ। ਗਰਮੀਆਂ ਦੇ ਦਿਨ-ਫਰਿਜ 'ਚ ਲੱਗੀ ਬਰਫ਼ੀ, ਜਲੇਬੀਆਂ, ਕੁਲਫੀਆਂ ਨਾਲ ਸ਼ਾਮ ਤੱਕ ਦਾ ਇੰਤਜ਼ਾਮ ਕਰ ਲਿਆ।

ਜਾਂ ਸ਼ਾਮ ਵੇਲਾ ਹੋਇਆ, ਬਾਰਸ਼ ਆਖੇ, ਅੱਗੇ ਨਹੀਂ ਜਾਣ ਦੇਣਾ। ਸੜਕ ਮਹਿਕਮੇ ਦੇ ਇਕ ਸ਼ੈਡ ਜਹੇ ਥੱਲੇ ਸਿਰ ਲੁਕਾਉਣ ਨੂੰ ਹੀ ਨਿਆਮਤ ਸਮਝਿਆ। ਜਦੋਂ ਇਹੋ ਜਿਹਾ ਵੇਹਲਾ ਵਕਤ ਮਿਲੇ, ਹਮਰਾਹੀ ਨੇ ਰੇਡੀਓ ਲਾ ਦੇਣਾ। ਖ਼ਬਰਾਂ ਜਾਂ ਗੀਤਾਂ ਦਾ ਅਨੰਦ ਮਾਣ ਲੈਣਾ।

ਇਸ ਅਨੰਦਮਈ ਸਫ਼ਰ ਵਿਚ ਕਈ ਬੇਅਨੰਦੀਆਂ ਵੀ ਨਾਲ ਚੱਲ ਪੈਂਦੀਆਂ। ਸਭ ਤੋਂ ਵੱਡੀ ਬੇਆਨੰਦੀ ਸੀ, ਰਾਮਪੁਰੀ ਦਾ ਸਾਡੇ ਨਾਲ ਤੁਰ ਪੈਣਾ। ਪਹਿਲਾਂ ਤਾਂ ਸਾਨੂੰ ਬਹੁਤਾ ਪਤਾ ਨਾ ਲੱਗਾ-ਜਦੋਂ ਕੁਵੇਲੇ ਮਾਮਾ ਜੀ ਕੋਲ ਪੁੱਜੇ ਓਹਨਾਂ ਦੇ ਘਰ ਨਲਕਾ ਵੇਖ ਕੇ ਬਿਫਰ ਗਿਆ-ਕਿ ਮੈਂ ਤਾਂ ਏਥੇ ਰੋਟੀ ਪਾਣੀ ਨਹੀਂ ਖਾਣਾ ਪੀਣਾ। ਕੁਦਰਤੀਂ ਓਹਨਾਂ ਦੇ ਬੂਹੇ ਅੱਗੇ ਖੂਹੀ ਵੀ ਹੈ ਸੀ। ਮਾਮਾ ਜੀ ਨੇ ਕਈ ਬਾਲਟੀਆਂ ਪਾਣੀ ਦੀਆਂ ਖੂਹੀ ਤੋਂ ਆਂਦੀਆਂ, ਤਾਂ ਲੰਗਰ ਬਣਿਆ।

ਦੂਸਰੀ ਵਾਰ ਇਕ ਪਹਾੜੀ ਚਸ਼ਮੇ ਤੋਂ ਪਾਣੀ ਪੀ ਰਹੇ ਸਾਂ। ਕਹਿੰਦਾ, ਏਹਦੇ ਅੱਗੇ ਕਿਸੇ ਟੀਨ ਦਾ ਟੁਕੜਾ ਲਾ ਦਿੱਤਾ ਏ, ਮੈਂ ਏਥੋਂ ਪਾਣੀ ਨਹੀਂ ਪੀ ਸਕਦਾ। ਆਖਿਆ, ਉੱਤੇ ਜਾ ਕੇ ਪੀ ਲੈ। ਕਹਿੰਦਾ, ਮੈਨੂੰ ਸ਼ੱਕ ਪੈ ਗਿਐ, ਉੱਤੋਂ ਵੀ ਕਿਤੇ ਟੂਟੀ ਲੱਗੀ ਹੋ ਸਕਦੀ ਏ। ਮੈਂ ਆਖਿਆ, "ਮਰ ਤਿਹਾਇਆ।" ਮਾਸਟਰ ਜੀ ਓਹਦੀ ਇਮਦਾਦ ਤੇ ਆ ਗਏ, ਕਹਿੰਦੇ-ਜਿਥੋਂ ਏਹ ਨਾ ਖਾਏ ਪੀਏਗਾ-ਓਥੋਂ ਮੈਂ ਵੀ ਨਹੀਂ ਖਾਵਾਂ ਪੀਆਂਗਾ। ਦੋਵੇਂ ਤਿਹਾਏ ਅੱਗੇ ਤੁਰ ਪਏ। ਜਦੋਂ ਬਰਸਾਤ ਸ਼ੁਰੂ ਹੋ ਗਈ- ਮੈਂ ਆਖਿਆ, ਦੋਵੇਂ ਪਪੀਹੇ ਵਾਂਗ ਉਤਾਂਹ ਨੂੰ ਮੂੰਹ ਅੱਡ ਕੇ ਖੜੋ ਜਾਓ-ਮਰਨੋਂ ਬਚ ਜਾਓਗੇ। ਟੀਨ ਦੀ ਛੱਤ, ਪਰਨਾਲੇ ਬਣ ਬਣ ਵੱਗਣ ਲੱਗ ਪਈ, ਦੋਹਾਂ ਪਾਣੀ ਨਾ ਪੀਤਾ।

ਕਾਫੀ ਹਨੇਰਾ ਹੋਏ ਬਾਰਸ਼ ਬੰਦ ਹੋ ਗਈ। ਮੰਡੀ ਅਜੇ ਪੈਂਤੀ ਚਾਲੀ ਮੀਲ ਦੂਰ ਸੀ। ਰਾਤ ਹਨੇਰੀ, ਸੋਚਿਆ, ਇਸ ਟੀਨ ਦੇ ਸ਼ੈਡ ਵਿਚ ਹੀ ਰਾਤ ਕੱਟ ਲਈਏ। ਤਾਹੀਓਂ ਇਕ ਬੱਸ ਆ ਗਈ ਮੰਡੀ ਜਾਣ ਵਾਲੀ। ਹੱਥ ਦੇ ਕੇ ਰੋਕ ਲਈ, ਕੰਡਕਟਰ ਕਹਿੰਦਾ ਚੜ੍ਹ ਜਾਓ। ਅਸਾਂ ਕਿਹਾ, ਸਾਡੇ ਸਾਈਕਲ



Namdhari Elibrary NamdhariElibrary@gmail.com

ਵੀ ਨੇ। ਕਹਿੰਦਾ-ਉੱਤੇ ਚਾੜ੍ਹ ਲਓ। ਓਹਨਾਂ ਸਮਝਿਆ ਦੋ ਤਿੰਨ ਹੋਣਗੇ। ਜਦੋਂ ਦੱਸਿਆ ਅੱਠ ਨੇ ਤਾਂ ਇਨਕਾਰ ਕਰ ਗਏ। ਇਕ ਜਣਾ ਡਰੈਵਰ ਨਾਲ ਗੱਲੀਂ ਜਾ ਲੱਗਾ। ਇਕ ਟੀ ਟੀ ਨਾਲ, ਇਕ ਉਤੇ ਚੜ੍ਹ ਗਿਆ। ਦੋ ਜਣੇ ਮੈਨੂੰ ਫੜਾਣ ਲੱਗ ਪਏ। ਮੈਂ ਸਾਈਕਲ ਥੱਲਿਓਂ ਘੁਮਾ ਕੇ ਸੁੱਟਣਾ, ਉਪਰਲੇ ਨੇ ਟਿਕਾਈ ਜਾਣਾ। ਰਾਮਪੁਰੀ ਨਵਾਂ ਈ ਲੈ ਕੇ ਆਇਆ ਸੀ, ਉਸਨੇ ਸਾਰਿਆਂ ਤੋਂ ਬਾਦ, ਉਤੇ ਟਿਕਾਣ ਵਾਸਤੇ ਆਖਿਆ, ਇੰਜੇ ਈ ਕੀਤਾ ਗਿਆ। ਜਦੋਂ ਬੱਸ ਵਾਲਿਆਂ ਨੂੰ ਪਤਾ ਲੱਗਾ ਅੱਠੇ ਉੱਪਰ ਟਿਕਾਏ ਜਾ ਚੁੱਕੇ, ਓਹ ਤਾਂ ਗੁੱਸੇ ਹੋ ਗਏ। ਕਹਿੰਦੇ ਜੇ ਮੋੜਾਂ ਤੋਂ ਕੋਈ ਡਿੱਗ ਪਿਆ-ਅਸੀ ਕੋਈ ਜ਼ਿੰਮੇਵਾਰ ਨਹੀਂ। ਤੇ ਬੱਸ ਦੀ ਸਪੀਡ ਤੇਜ਼ ਕਰ ਦਿੱਤੀ। ਸਾਈਕਲ ਉਤੇ ਬੱਧੇ ਹੋਏ ਤੇ ਹੈ ਨਹੀਂ ਸਨ, ਜ਼ਰੂਰ ਹੀ ਡਿੱਗਦੇ। ਕੁਦਰਤੋਂ ਬਾਰਸ਼ ਨਾਲ ਪਹਾੜ ਤੋਂ ਬੱਜਰੀ ਆ ਕੇ ਰਸਤਾ ਬੰਦ ਹੋਇਆ ਪਿਆ ਸੀ। ਬੱਸ ਰੁੱਕ ਗਈ। ਡਰੈਵਰ ਨੇ ਦੋ ਕੁ ਵਾਰ ਬੱਸ ਪਿਛਾਂ ਹਟਾ ਕੇ ਫਿਰ ਜ਼ੋਰ ਨਾਲ ਬੱਜਰੀ 'ਚ ਮਾਰੀ ਤਾਂ ਓਹ ਵਿਚੇ ਖੁੱਭ ਗਈ। ਸ਼ਹਿਰੀ ਲੋਕ ਲੜਨ ਲੱਗ ਪਏ। ਰਾਤ ਹੁਣ ਏਥੇ ਈ ਕੱਟਣੀ ਪਏਗੀ। ਬੱਸ ਵਾਲੇ ਵੀ ਆਖਣ ਲੱਗੇ ਹੁਣ ਕੋਈ ਚਾਰਾ ਨਹੀਂ, ਅਸੀਂ ਕੀ ਕਰ ਸਕਦੇ ਹਾਂ। ਅਸੀਂ ਪਹਿਲਾਂ ਤਾਂ ਚੁੱਪ ਕਰਕੇ ਬੈਠੇ ਰਹੇ, ਜਦੋਂ ਤਿੰਨ ਚਾਰ ਬੱਚੇ ਰੋਣ ਲੱਗ ਪਏ ਤੇ ਬੀਬੀਆਂ ਡੱਡੋਲਿਕੀ ਹੋ ਗਈਆਂ, ਤਾਂ ਡਰੈਵਰ ਨੂੰ ਪੁੱਛਿਆ ਤੁਹਾਡੇ ਕੋਲ ਕੱਸੀ ਹੈਗੀ ਏ? ਕਹਿੰਦਾ, ਹੈਗੀ ਏ, ਪਰ ਕੱਸੀ ਨਾਲ ਪਹਾੜ ਨਹੀਂ ਢਾਇਆ ਜਾ ਸਕਦਾ।

ਅਸਾਂ ਦੁਹਾਂ ਗੈਲਾਂ 'ਚੋਂ ਬੱਜਰੀ ਕੱਢ ਕੇ ਡਰੈਵਰ ਨੂੰ ਆਖਿਆ-ਗੱਡੀ ਚਲਾ! ਪਿਛੋਂ ਅੱਠਾਂ ਨੇ ਰਲ ਕੇ ਜ਼ੋਰ ਲਾਇਆ। ਦੂਸਰੇ ਹੱਲੇ ਗੱਡੀ ਬੱਜਰੀ 'ਚੋਂ ਨਿਕਲ ਗਈ। ਸਾਰਿਆਂ ਨਾਮਧਾਰੀਆਂ ਦੀ ਜੈ ਜੈ ਕਾਰ ਕੀਤੀ। ਬੱਸ ਵਾਲੇ ਸਾਈਕਲਾਂ ਤੋਂ ਨੱਕ ਮੂੰਹ ਵੱਟਦੇ ਸਨ, ਹੁਣ ਟਿਕਟਾਂ ਬਿਨਾਂ ਲਿਜਾਣ ਨੂੰ ਰਾਜ਼ੀ ਹੋ ਗਏ। ਥੋੜੀ ਦੂਰ ਹੀ ਗਏ ਤਾਂ ਅੰਬ ਦੇ ਨੀਵੇਂ ਟਾਹਣ ਨੇ ਤਿੰਨ ਕੁ ਸਾਈਕਲ ਪਟਕਾ ਮਾਰੇ। ਵੇਖਿਆ ਤਾਂ ਨਵੇਂ, ਜੋ ਉੱਤੇ ਰਖੇ ਸਨ, ਹੇਠਾਂ ਆ ਗਏ। ਵੇਖ ਕੇ ਰਾਮਪੁਰੀ ਰੋਣ ਹਾਕਾ ਹੋ ਗਿਆ। ਫਿਰ ਉਤੇ ਰੱਖਦਿਆਂ ਨੂੰ ਕੰਡੈਕਟਰ ਨੇ ਕਿਤੋਂ ਰੱਸਾ ਕੱਢ ਕੇ ਕਿਹਾ, ਹੁਣ ਬੰਨ੍ਹ ਲਓ। ਰਾਤ ਗਿਆਰਾਂ ਵਜੇ ਮੰਡੀ ਗੁਰਦੁਆਰੇ ਅਗੇ ਬੱਸ ਤੋਂ ਉੱਤਰੇ। ਉਡੀਕਦੀ ਸੰਗਤ ਨੇ ਹੱਥਾਂ ਤੇ ਚੁੱਕ ਲਿਆ। ਸ੍ਰੀ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਕਿ ਲੰਗਰ ਛਕੋ ਤੇ ਬਰਾਜੋ! ਵਾਰੇ 'ਚ (ਆਸਾ ਦੀ ਵਾਰ ਵਿਚ) ਜ਼ਰੂਰ ਦਰਸ਼ਨ ਕਰਨੇ।

ਦਿਨੇ ਸਾਈਕਲ ਮੁਰੰਮਤ ਕਰਾਏ। ਦੋ ਦਿਨ ਪਿਛਲਾ ਥਕੇਵਾਂ ਲਾਹ ਕੇ ਜਦੋਂ ਅੱਗੇ ਦੀ ਤਿਆਰੀ ਕੀਤੀ, ਰਾਮਪੁਰੀ ਵਾਪਸੀ ਤਿਆਰੀ ਕਰ ਲਈ। ਪ੍ਰੀਤਮ ਸਿੰਘ ਕਵੀ ਸਤਿਗੁਰੂ ਜੀ ਨਾਲ ਗੱਡੀ 'ਚ ਆਏ ਸਨ-ਕਹਿਣ ਲੱਗੇ-ਕੋਈ ਸੱਜਣ ਮੇਰੀ ਸੀਟ ਲੈ ਕੇ ਮੈਨੂੰ ਸਾਈਕਲ ਦੇਵੇ ਤਾਂ ਓਹਦਾ ਧੰਨਵਾਦੀ ਹੋਵਾਂਗਾ। ਕੋਈ ਨਾ ਮੰਨਿਆ, ਸਗੋਂ ਮੰਡੀਓਂ ਇਕ ਸਿੰਘ ਰਾਮਪੁਰੀ ਦੇ ਥਾਂ ਅੱਠਵਾਂ ਸ਼ਾਮਲ ਹੋ ਗਿਆ। ਪਹਿਲਾਂ ਵਾਰੇ 'ਚ ਸਤਿਗੁਰੂ ਜੀ ਨੇ ਸਾਡੀ ਹੌਸਲਾ ਅਫ਼ਜ਼ਾਈ ਕੀਤੀ। ਫਿਰ ਤੁਰਨ ਲੱਗਿਆਂ ਦਲੇਰੀ ਦੇ ਕੇ ਸੰਤ ਰਤਨ ਸਿੰਘ ਲਾਂਗਰੀ ਹੱਥੀਂ ਮੇਸੂਆਂ ਦਾ ਪੰਜ ਕਿਲੋ ਡੱਬਾ ਦੇਂਦਿਆਂ ਫੁਰਮਾਇਆ ਲੰਗਰ ਤੁਹਾਨੂੰ ਭੂੰਤਰੋਂ, ਪਹਿਲਾਂ ਨਹੀਂ ਮਿਲ ਸੱਕਣਾ ਅਟਣ ਤੋਂ ਅੱਗੇ-ਹੇਠਾਂ ਨਦੀ ਕੰਢੇ ਬੈਠ ਕੇ ਮੇਸੂ ਮੁਕਾ ਲਿਓ!

ਅਸਾਂ ਜਿੱਥੇ ਪੁੱਜਣਾ ਹੁੰਦਾ-ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਸਾਡੇ ਤੋਂ ਪਹਿਲਾਂ ਅੱਗੇ ਉਡੀਕਦੀ ਹੁੰਦੀ। ਭੂੰਤਰ ਵਾਲੇ ਲੰਗਰ ਦੇ ਕਿਆ ਕਹਿਣੇ। ਸੰਤ ਰਤਨ ਸਿੰਘ ਜੀ ਨੇ ਹੁਕਮਣ ਸਾਡੇ ਅੱਠਾਂ ਵਾਸਤੇ ਇਕੋ ਹੀ ਪਰਸ਼ਾਦਾ ਤੰਦੂਰ ਤੇ ਪਕਾਇਆ, ਸਾਰਿਆਂ ਦਾ ਰੱਜ ਹੋ ਗਿਆ। ਹਜ਼ੂਰ ਨੇ ਮੁਸਕਾਣ ਬਖੇਰੀ, ਇਕ ਤੇ ਹੋਰ ਲੈ ਲਓ! ਨਹੀਂ ਸ਼ਾਮ ਨੂੰ ਮਨਾਲੀ, ਹੀ ਲੰਗਰ ਮਿਲੇਗਾ। ਸੱਤ ਬਚਨ ਗਰੀਬ ਨਿਵਾਜ਼।

ਭੂੰਤਰੋ ਨਿਕਲ ਚਾਰ ਚਾਰ ਦੀ ਲਾਈਨ ਵਿਚ ਜਾ ਰਹੇ ਸਾਂ। ਕੋਲੋਂ ਲੰਘਦੇ ਇਕ ਟਰੱਕ 'ਚੋਂ ਮੂੰਹ ਬਾਹਰ ਕੱਢ ਕੇ ਅਵਾਜ਼ਾ ਆਇਆ-ਦੇਖੋ ਨਾਮਧਾਰੀਆਂ ਦੀ ਕਾਨਵਾਈ ਜਾ ਰਹੀ ਹੈ। ਜੇਠ ਦੀ ਗਰਮੀ 'ਚ ਕਪੜੇ ਬਰੀਕ ਹੀ ਪਾਏ ਹੋਏ ਸਨ। ਪਰ ਚੜ੍ਹਾਈਆਂ ਉਤਰਾਈਆਂ ਨੇ ਮੁੜਕੋ ਮੁੜਕੀ ਹਾਲੋ ਬਿਹਾਲ ਕੀਤਾ ਹੋਇਆ ਸੀ। ਰਾਤ ਪੈਣ ਨੂੰ ਹੋ ਰਹੀ ਸੀ, ਪਰ ਸਫਰ ਅਜੇ ਬਹੁਤ ਸੀ। ਸ੍ਰੀ ਸਤਿਗੁਰੂ ਜੀ ਨੇ ਪ੍ਰੀਤਮ ਸਿੰਘ ਹਜ਼ੂਰੀ ਡਰਾਈਵਰ ਨੂੰ ਟਰਾਲੀ ਵਾਲੀ ਜੀਪ ਦੇ ਕੇ ਭੇਜਿਆ। ਸਣੇ ਸਾਈਕਲਾਂ ਸਾਨੂੰ ਲੱਦ ਕੇ, ਇਕ ਘੰਟੇ 'ਚ, ਮਨਾਲੀ 'ਚ ਉਡੀਕ ਰਹੇ ਹਜ਼ੂਰ ਦੇ ਹਾਜ਼ਰ ਕਰ ਦਿੱਤਾ।

ਰਾਤ ਜਿਸ ਕਮਰੇ 'ਚ ਵਿਸ਼ਰਾਮ ਕੀਤਾ, ਦੋਹਰੀਆਂ ਰਜ਼ਾਈਆਂ ਵਿਚ ਵੀ ਪਾਲਾ ਝਾਤੀਆਂ ਮਾਰੇ। ਪਾਤਸ਼ਾਹਾਂ ਕੁਵੇਲੇ ਗੇੜਾ ਮਾਰ ਕੇ ਹੁਕਮ ਕੀਤਾ ਦੋ ਦੋ ਹੋ ਜਾਓ! ਕੱਲੇ ਨੂੰ ਪਾਲਾ ਬਹੁਤੀ ਮਾਰ ਕਰਦਾ ਹੈ। ਅੰਮ੍ਰਿਤ ਵੇਲੇ ਉਪਰੋਂ ਔਂਦੇ ਬਰਫੀਲੇ ਖਾਲੇ 'ਚ ਇਸ਼ਨਾਨ ਕਰਨ ਲੱਗੇ ਤਾਂ ਪਾਣੀ ਆਖੇ ਹਟ ਪਿੱਛੇ! ਇਕੋ ਗੜਵੇ ਨਾਲ ਨੌਂਦ੍ਹ ਹੋ ਜਾਇ।

ਤਿੰਨ ਚਾਰ ਹਜ਼ੂਰੀ ਲਾਂਗਰੀ ਸਨ-ਠੰਢ ਤੋਂ ਡਰਦਿਆਂ ਬਹੁਤਿਆਂ ਨੂੰ ਬੁਖਾਰ ਹੋ ਗਿਆ। ਇਕੱਲੇ ਸੰਤ ਰਤਨ ਸਿੰਘ ਤੇ ਸਤਿਗੁਰਾਂ ਦੀ ਕਿਰਪਾ ਰਹੀ। ਚੌਲ-ਦਾਲਾ-ਭਾਜਾ-ਦੋ



Namdhari Elibrary NamdhariElibrary@gmail.com

ਤਵਿਆਂ ਤੇ ਪ੍ਰਸ਼ਾਦੇ ਪਾਵੇ-ਵਰਤਾਵੇ। ਥਾਰਾਂ ਥਾਲੇ ਸਨ। ਏਨੀ ਸਰਦੀ ਵਿਚ ਵੀ ਸਿਰ ਤੇ ਛੋਟਾ ਜਿਹਾ ਪਰਨਾ ਗਲ ਅੱਧੀਆਂ ਬਾਹੀਂ ਵਾਲੀ ਖੱਦਰ ਦੀ ਲੁੰਡੀ ਜਹੀ ਕੁੜਤੀ। ਨੰਗੇ ਪੈਰੀਂ ਇੰਜ ਭੱਜੇ ਫਿਰਦੇ ਜਿਵੇਂ ਜੀਵਨ ਨਗਰ ਹੋਵੇ। ਤਿੰਨ ਪੰਗਤਾਂ ਨੂੰ ਵਰਤਾ ਕੇ ਫਿਰ ਹਜ਼ੂਰ ਦੀ ਸੇਵਾ 'ਚ ਹਾਜ਼ਰ ਹੋ ਗਏ।

ਗੱਡੀਆਂ ਵਾਲੇ ਤਾਂ ਸੜਕੇ ਪੈ ਗਏ। ਪੈਦਲ ਜਥਾ ਪਹਾੜ ਨੂੰ ਸਿੱਧਾ ਹੋ ਲਿਆ। ਝਾੜੀਆਂ ਪੱਥਰਾਂ ਨੂੰ ਹੱਥ ਪਾਂਦੇ ਹੋਏ ਸ਼ਾਟਕੱਟ ਚੜ੍ਹਾਈ ਚੜ੍ਹੀ ਕਿ ਗੱਡੀਆਂ ਵਾਲਿਆਂ ਨਾਲੋਂ ਮੜ੍ਹੀ ਦੇ ਮਕਾਮ ਤੇ ਪਹਿਲਾਂ ਪੁੱਜ ਗਏ। ਮਾ. ਅਮਰੀਕ ਸਿੰਘ ਜੀ ਆਦਿ ਘੋੜਿਆਂ ਵਾਲੇ ਪਿੱਛੇ ਰਹਿ ਗਏ। ਜਦੋਂ ਆਏ ਤਾਂ ਵੇਖਿਆ ਮਾ. ਜੀ ਨੇ ਸਿਰ ਮੂੰਹ ਇੰਜ ਵਲੇਟਿਆ ਹੋਇਐ ਕਿ ਅੱਖਾਂ ਤੇ ਵੀ ਕਪੜਾ ਲੈ ਰਖਿਐ। ਪੁੱਛਿਆ ਤਾਂ ਕਹਿੰਦੇ, ਘੋੜਾ ਖੱਡ ਦੀ ਨੁੱਕਰ ਤੇ ਇੰਜ ਤੁਰੇ, ਲੱਗੇ ਹੁਣੇ ਡਿੱਗੇ ਕਿ ਡਿੱਗੇ। ਅੱਖਾਂ ਬੰਦ ਕਰ ਲਈਆਂ ਪਈ ਡਿੱਗਣ ਤੋਂ ਪਹਿਲਾਂ ਡਰ ਨਾ ਲੱਗੇ। ਜਦੋਂ ਡਿੱਗ ਈ ਪਏ ਫਿਰ ਡਰ ਕਾਹਦਾ।

ਮੜ੍ਹੀ ਤੋਂ ਅੱਗੇ ਪੈਦਲ ਬਰਫ਼ ਵਿਚ ਅਣਦਿਸਦੀ ਪਗਡੰਡੀ ਤੇ ਚੱਲਣਾ ਸ਼ੁਰੂ ਕੀਤਾ। ਅਸੀਂ ਤਾਂ ਬਹੁਤੇ ਪੈਂਤੀ ਚਾਲੀ ਸਾਲ ਵਾਲੇ ਸਾਂ, ਪਰ ਸਾਡੇ ਤੋਂ ਦਸ-ਪੰਦਰਾਂ ਸਾਲ ਵੱਡੇ ਸ੍ਰੀ ਸਤਿਗੁਰੂ ਜੀ-ਕਵੀ ਜੀ ਤਾਂ ਸਾਨੂੰ ਬਹੁਤ ਪਿਛੇ ਈ ਛੱਡੀ ਜਾ ਰਹੇ ਸਨ। ਜੇ ਮੇਰੇ ਤੋਂ ਅੱਗੇ ਵਾਲਾ ਦਸ ਫੁੱਟ ਦੂਰ ਵੀ ਚਲਾ ਗਿਆ, ਤਾਂ ਰਸਤਾ ਨਦਾਰਦ। ਪਿੱਛੇ ਮੁੜ ਕੇ ਵੇਖਿਆ ਤਾਂ ਆਪਣੀ ਪੈੜ ਵੀ ਨਾ ਲੱਭਣੀ। ਇਕ ਵਾਰ ਮਨ ਡਰਿਆ-ਮੁੜਾਂਗੇ ਕਿਵੇਂ। ਝਟ ਸੋਚ ਆਈ ਅਗੇਰੇ ਚਲੇ ਗਏ ਵੀ ਤਾਂ ਮੁੜਨਗੇ ਹੀ।

ਰਸਤੇ 'ਚ ਇਕ ਮੋੜ ਤੇ ਵਧੀ ਹੋਈ ਪਹਾੜੀ ਦੀ ਓਟ ਹੇਠਾਂ ਬੱਚਿਆਂ ਸਮੇਤ ਪੂਰਾ ਪਰਿਵਾਰ ਅੱਗ ਬਾਲ ਕੇ ਬੈਠਾ ਹੋਇਆ ਸੀ। ਓਹਨਾਂ ਕੋਲ ਇਕ ਮਿੰਟ ਰੁਕੇ, ਤਾਂ ਸੁਣਿਆ-ਬੱਚੇ, ਪੰਜਾਬੀ ਊੜਾ ਐੜਾ ਪੜ੍ਹਦੇ ਪਏ ਸਨ। ਏਹ ੧੯੬੪ ਦਾ ਸਾਲ ਸੀ। ਦਿੱਲੀ ਸਣੇ ਸਾਰਾ ਹਰਿਆਣਾ ਹਿਮਾਚਲ ਪੰਜਾਬੀ ਪੜ੍ਹਦਾ ਸੀ। ਆਪਣਿਆਂ ਬੇਗਾਨਿਆਂ ਦੀ ਸਿਆਸੀ ਹਵਸ ਨੇ ਚਵਾਨੀ ਕੁ ਰਹਿ ਗਏ ਪੰਜਾਬ ਵਿਚ ਵੀ ਪੰਜਾਬੀ ਦਾ ਨਾਮਲੇਵਾ ਨਹੀਂ ਰਹਿਣ ਦਿੱਤਾ।

ਅਗੇ ਥੋੜਾ ਥਾਂ ਵੇਹਲਾ ਮਿਲ ਗਿਆ, ਮਾਸਟਰ ਅਮਰੀਕ ਸਿੰਘ ਤੇ ਸਾਧੂ ਸਿੰਘ ਜਲੰਧਰ ਵਾਲੇ ਦਾ ਭਤੀਜਾ ਗੁਲਜ਼ਾਰ ਸਿੰਘ ਆਰਾਮ ਕਰਨ ਬੈਠ ਗਏ। ਕਹਿੰਦੇ ਬਰਫ਼ ਈ ਵੇਖਣੀ ਏ-ਥੋੜੀ ਕੀਹ ਤੇ ਬਹੁਤੀ ਕੀਹ। ਜੇ ਤੁਸੀਂ ਮੁੜ ਕੇ ਆ ਗਏ ਜਦੋਂ ਆਓਂਗੇ ਤੁਹਾਡੇ ਨਾਲ ਮੁੜ ਚਲਾਂਗੇ। ਜੇ ਔਣ ਤੋਂ ਪਹਿਲਾਂ ਅਸੀਂ ਮਰ ਗਏ, ਇਸ ਖੱਡ ਵਿਚ ਰੇਹੜ ਕੇ, ਸਾਡੇ ਘਰੀਂ ਦੱਸ ਦਿਆ ਜੇ।

ਇਕ ਮੋੜ ਤੋਂ ਅਗੇ ਹੋਏ ਤਾਂ ਵੇਖਿਆ ਸ੍ਰੀ ਸਤਿਗੁਰੂ ਜੀ, ਕਵੀ ਜੀ, ਸ. ਸਾਧੂ ਸਿੰਘ ਜਲੰਧਰੀ ਦਾ ਭੰਗੜਾ ਵੇਖ ਰਹੇ ਸਨ। ਅਸੀਂ ਵੀ ਸ਼ਾਮਲ ਹੋ ਗਏ। ਅੱਧੇ ਘੰਟੇ ਬਾਦ ਵਾਪਸੀ ਦਾ ਹੁਕਮ ਹੋ ਗਿਆ। ਇਸ ਤੋਂ ਪਹਿਲਾਂ ਹਜ਼ੂਰ ਨੇ ਬਿਆਸ ਕੁੰਡ, ਵਖਾ ਕੇ, ਸਾਡੀ ਜਾਣਕਾਰੀ 'ਚ ਵਾਧਾ ਕੀਤਾ, ਕਿ ਵੇਖੋ! ਏਹ ਇਕ ਮੋਘੇ ਜਿੰਨਾ ਪਾਣੀ ਅੱਗੇ ਜਾ ਕੇ ਬਿਆਸ ਦਰਿਆ ਬਣ ਜਾਂਦਾ ਹੈ। ਏਸੇ ਤਰ੍ਹਾਂ ਰਲ ਮਿਲ ਕੇ ਤੁਰਦਿਆਂ ਦੋ ਚਾਰ ਤੋਂ ਜਥਾ ਫਿਰ ਵਹੀਰ ਬਣ ਜਾਂਦਾ ਹੈ। ਫੁਰਮਾਂਦੇ ਨੇ ਕਿ 'ਮਿਲਬੇ ਕੀ ਮਹਿਮਾ ਬਰਨ ਨਾ ਸਾਕਉ।'

ਵਾਪਸੀ ਤੇ ਨੰਗੀਆਂ ਅੱਖਾਂ ਵਾਲਿਆਂ ਨੂੰ ਬਰਫ਼ ਦੀ ਚਿਲਕੋਰ ਨਾਲ ਰੜਕ ਪੈ ਕੇ ਪਾਣੀ ਵੱਗਣਾ ਸ਼ੁਰੂ ਹੋ ਗਿਆ। ਜੇਹੜੇ ਬਚੇ ਰਹੇ, ਓਹਨਾਂ ਸਾਈਕਲ ਬੱਸਾਂ ਤੇ ਸੁੱਟ ਕੇ ਬਾਕੀਆਂ ਨੂੰ ਫੜ ਕੇ ਸੀਟਾਂ ਤੇ ਬਿਠਾ ਲਿਆ। ਮੰਡੀ ਸੰਤ ਦੀਵਾਨ ਸਿੰਘ ਜੀ ਦੇ ਘਰ ਤਮਾਮ ਅੰਨਿਆਂ ਨੇ ਪੱਕਾ ਡੇਰਾ ਲੱਗਾ ਲਿਆ। ਇਕ ਆਪਣੇ ਈ ਡਾਕਟਰ ਨੇ ਇਕ ਪਾਸਿਓਂ ਦਾਰੂ ਪਾਂਦੇ ਜਾਣਾ ਸਿਰੇ ਤੇ ਜਾਂਦਿਆਂ ਪਹਿਲਿਆਂ ਫਿਰ ਕੁਰਲਾਣ ਲੱਗ ਜਾਣਾ। ਰੜਕ ਪੀੜ ਏਨੀ ਅਸਹਿ ਕਿ ਪਾਣੀ ਪਰਲ ਵੱਗਣਾ। ਇਕ ਵੱਡੇ ਕਮਰੇ 'ਚ ਸਾਰਿਆਂ ਦੇ ਭੁਇ ਬਿਸਤਰੇ ਲਾਇ ਗਏ। ਤੇਰਾਂ ਚੌਦਾਂ ਗੱਦੀਆਂ ਇਕੋ ਲਾਇਨ 'ਚ ਲਾਈਆਂ ਹੋਈਆਂ ਸੀ। ਕਿ ਦਾਰੂ ਪਾਣ ਵਾਲੇ ਡਾ. ਨੂੰ ਸੌਖ ਰਵੇ।

(ਸਤਿਗੁਰੂ ਜੀ ਤੇ ਮਹਾਰਾਜ ਜੀ ਵੀ ਸਾਡੇ ਨਾਲ ਸ਼ਾਮਲ ਸਨ। ਇਕ ਮਹਾਂ ਅੰਧ ਸਭਾ ਹੋਂਦ ਵਿਚ ਆ ਗਈ। ਸਤਿਗੁਰੂ ਜੀ ਦਾ ਲਿਹਾਜ਼ ਕਰਕੇ ਮਹਾਰਾਜ ਪ੍ਰਧਾਨ ਥਾਪੇ ਗਏ। ਘਰ ਵਾਲਿਆਂ ਦੇ ਰੇਡੀਓ ਤੋਂ ਖ਼ਬਰ ਸੁਣੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸੁਰਗ ਸਿਧਾਰ ਗਏ ਹਨ। ਤੱਤ ਫੱਟ ਮਹਾਂ ਅੰਧ ਸਭਾ, ਵਲੋਂ ਮਤਾ ਪਾਸ ਕਰਕੇ ਅੱਖੀਆਂ 'ਚੋਂ ਨੀਰ ਵਹਾਇਆ ਗਿਆ, ਭਾਵੇਂ ਪਹਿਲਾਂ ਈ ਬਥੇਰਾ ਵੱਗ ਰਿਹਾ ਸੀ, ਪਰ ਏਹ ਨੀਰ ਤਾਂ ਅਸਲੋਂ ਸਪੈਸ਼ਲ ਸੀ।)

ਸਤਿਗੁਰੂ ਜੀ ਤਾਂ ਦੂਸਰੇ ਦਿਨ ਹੀ ਸਵੇਰ ਸ਼ਾਮ ਸੰਗਤ ਵਿਚ ਦਰਸ਼ਨ ਦੇਣ ਜਾਣ ਲੱਗ ਪਏ। ਅਸਾਂ ਪੰਜ ਚਾਰ ਦਿਨ ਪੂਰਾ ਆਰਾਮ ਕੀਤਾ।

*ਵੀ. ਪੀ. ਓ ਭੁਚੀ ਮਾੜੀ (ਰਾਮਪੁਰ)*
*ਸਿਰਸਾ, ਹਰਿਆਣਾ।*
*ਫੋਨ-੦੧੬੯੮-੨੮੦੨੬੧*



Namdhari Elibrary NamdhariElibrary@gmail.com

# ਮਮਤਾ ਦੀ ਮੂਰਤ ਮਾਤਾ ਚੰਦ ਕੌਰ

*—ਚੂਹੜ ਸਿੰਘ ਪਿੰਡ ਬੱਜੋਂ*



ਗੁਰੂਕਿਆਂ ਦੇ ਮਹਿਲ ਮਾਤਾ ਚੰਦ ਕੌਰ। ਸਿਆਲਾਂ ਦੇ ਦਿਨ ਸਨ ਲੰਗਰ ਵਾਲੇ ਬਰਾਂਡੇ ਵਿਚ ਸ਼ਾਮਾਂ ਨੂੰ ਸੰਗਤ ਲੰਗਰ ਛਕਣ ਜਾਣ ਲੱਗ ਪਈ। ਮਾਤਾ ਚੰਦ ਕੌਰ ਜੀ ਨੇ ਹੁਕਮ ਕੀਤਾ ਮੁੰਗਫਲੀ ਦੀ ਬੋਰੀ ਲੈ ਕੇ ਆਓ ਸੰਗਤ ਵਿਚ ਵਰਤਾ ਦੇਈਏ। ਭੁਜੀ ਹੋਈ ਮੁੰਗਫਲੀ ਦੀ ਬੋਰੀ ਦਾ ਮੂੰਹ ਖੋਲਿਆ। ਮਾਤਾ ਜੀ ਪੀੜ੍ਹੀ ਤੇ ਬੈਠ ਕੇ ਆਪ ਬੁੱਕ ਭਰ ਭਰ ਕੇ ਆਈ ਸੰਗਤ ਨੂੰ ਵਰਤੋਣ ਲੱਗ ਪਏ। ਉਨ੍ਹਾਂ ਦੇ ਨਾਲ ਸਹਾਇਤਾ ਕਰਨ ਲਈ ਮਾਤਾ ਦਲੀਪ ਕੌਰ ਤੇ ਹੋਰ ਸੇਵਕਾਵਾਂ ਹਾਜ਼ਰ ਸਨ। ਮਾਤਾ ਜੀ ਹਰ ਇਕ ਨੂੰ ਬੁੱਕ ਭਰ ਭਰ ਪੱਲੇ 'ਚ ਪਾਈ ਜਾ ਰਹੇ ਸਨ। ਇਕ ਸੇਵਕ ਆਖਣ ਲੱਗਾ ਮਾਤਾ ਜੀ ਇਕ ਹੋਰ ਬੁੱਕ ਪਾ ਦਿਉ। ਮਾਤਾ ਜੀ ਨੇ ਪਾ ਦਿੱਤਾ। ਉਸ ਫੇਰ ਕਿਹਾ। ਮਾਤਾ ਜੀ ਇਕ ਹੋਰ ਬੁੱਕ ਪਾ ਦਿੱਤਾ। ਇਸ ਤਰ੍ਹਾਂ ਕਰਕੇ ਜਦੋਂ ਪੰਜ ਛੇ ਬੁੱਕ ਮਾਤਾ ਜੀ ਨੇ ਪਾ ਦਿੱਤੇ। ਤਾਂ ਪਲੇ 'ਚੋਂ ਮੁੰਗਫਲੀ ਥਲੇ ਡਿੱਗਣ ਲੱਗ ਪਈ। ਮਾਤਾ ਜੀ ਨੇ ਹੱਸ ਕੇ ਕਿਹਾ ਵੇਖ ਹੁਣ ਤਾਂ ਬੱਸ ਕਰ ਪੱਲੇ 'ਚੋਂ ਵੀ ਥੱਲੇ ਡਿੱਗਣ ਲੱਗ ਪਈ ਤਾਂ ਉਹ ਆਖਣ ਲੱਗਾ ਗੁਰੂਕਿਆਂ ਨੇ ਮੇਰੀ ਝੋਲੀ ਭਰ ਤੀ। ਉਹ ਇਹੋ ਉਚੀ ਦਹੁਰਾਂਦਾ ਚੱਲਿਆ ਗਿਆ। ਅਸੀਂ ਵੀ ਪੀੜੀਆਂ ਡਾਹ ਕੇ ਉਥੇ ਬੈਠੇ ਸੀ ਇਸ ਤਰ੍ਹਾਂ ਮਾਤਾ ਜੀ ਨੇ ਚਾਰ ਬੋਰੀਆਂ ਸੰਗਤਾਂ ਵਿਚ ਵੰਡੀਆਂ ਜੇ ਕਿਸੇ ਦੇ ਪੱਲੇ ਵਿਚ ਮੁੰਗਫਲੀ ਨਾ ਦਿਸੇ। ਮਾਤਾ ਜੀ ਹਾਕ ਮਾਰ ਕੇ ਉਸਦੇ ਪਲੇ ਵਿਚ ਪਾ ਦੇਂਦੇ। ਮਾਂ ਦੀ ਮਮਤਾ ਕਿਨੀ ਸੁਖਾਂ ਲੱਧੀ ਹੈ।

ਇਕ ਵਾਰੀ ਅੱਸੂ ਦਾ ਮੇਲਾ ਸ੍ਰੀ ਭੈਣੀ ਸਾਹਿਬ ਲੱਗਾ ਹੋਇਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀਵਾਨ ਵਿਚ ਬੈਠੇ ਨਾਮ ਸਿਮਰਨ ਕਰ ਰਹੇ ਸਨ। ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਨਿਹੰਗ ਸਿੰਘਾਂ ਦਾ ਡੇਰਾ ਆ ਗਿਆ ਉਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਤਪੋ ਸਥਾਨ ਦੇ ਲਾਗੇ ਡੇਰਾ ਲਾ ਲਿਆ। ਉਨ੍ਹਾਂ ਦਾ ਜਥੇਦਾਰ ਦੀਵਾਨ ਵਿਚ ਆ ਕੇ ਸਤਿਗੁਰਾਂ ਦੇ ਸਾਹਮਣੇ ਖੜ ਕੇ ਬੋਲਿਆ, "ਭਾਈ ਜਗਜੀਤ ਸਿਆਂ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ।" ਸਤਿਗੁਰਾਂ ਬੜੀ ਹੀ ਨਿਮਰਤਾ ਨਾਲ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤਾ। ਜਥੇਦਾਰ ਨਿਹੰਗ ਆਪਣੇ ਡੇਰੇ ਵਲ ਨੂੰ ਚਲਿਆ ਗਿਆ। ਸ਼ਾਮਾਂ ਨੂੰ ਉਹੀ ਜਥੇਦਾਰ ਜਥੇ ਲਈ ਰਾਸ਼ਣ ਲੈਣ ਚਲੇ ਗਿਆ। ਭੰਡਾਰੀ ਸੰਗਤਾਂ ਨੂੰ ਵਾਰੀ ਵਾਰੀ ਰਸਤਾਂ ਦੇ ਰਿਹਾ ਸੀ। ਇਨੇ ਨੂੰ ਮਾਤਾ ਜੀ ਵੀ ਉਧਰ ਚਲੇ ਗਏ। ਮਾਤਾ ਜੀ ਨੇ ਜਿਨੀ ਰਸਦ ਉਨ੍ਹਾਂ ਨੂੰ ਚਾਹੀਦੀ ਸੀ ਦੁਆ ਦਿੱਤੀ। ਉਹ ਨਿਹੰਗ ਮਾਤਾ ਜੀ ਦੇ ਚਰਨੀਂ ਪੈ ਗਿਆ। ਤੁਸੀਂ ਧੰਨ ਹੋ ਮੇਰੀਆਂ ਤਾਂ ਹੁਣ ਅੱਖਾਂ ਖੁਲੀਆਂ। ਸਾਦਗੀ ਵਿਚ ਕਿੰਨੀ ਬਰਕਤ ਹੈ। ਮੇਰਾ ਤਾਂ ਹੰਕਾਰ ਟੁੱਟ ਗਿਆ ਜਿਨੇ ਦਿਨ ਉਹ ਡੇਰਾ ਉਥੇ ਰਿਹਾ ਹਰ ਰੋਜ਼ ਸਤਿਗੁਰਾਂ ਨੂੰ ਨਿਮਸਕਾਰ ਕਰ ਕੇ ਜਾਇਆ ਕਰੇ।

ਮੇਲੇ ਵਿਚ ਸੰਗਤ ਵਧਣ ਲੱਗ ਪਈ। ਲੰਗਰ ਲਾਂਗਰੀਆਂ ਤੇ ਪੂਰਾ ਕਰਨਾ ਔਖਾ ਸੀ। ਮਾਤਾ ਚੰਦ ਕੌਰ ਜੀ ਨੇ ਦੇਖਿਆ ਇਸਤਰਾਂ ਤਾਂ ਮੁਸ਼ਕਲ ਆਏਗੀ। ਉਨ੍ਹਾਂ ਨੇ ਦੋ ਭਠੀਆਂ ਪਟਾਈਆਂ ਤੇ ਲੋਹਾਂ ਰੱਖ ਕੇ ਆਪ ਸਿਖਾਂ ਤੇ ਮਿਟੀ ਪਧਰੀ ਕਰਾ ਕੇ ਦਰੀਆ ਵਿਛਾ ਕੇ ਆਟਾ ਬਾਲਣ ਮੰਗਾ ਕੇ ਮੈਨੂੰ ਆਖਣ ਲੱਗੇ ਵੇ ਤੂੰ ਬਾਲਣ ਦਾ ਸੇਕਾ ਪਾ। ਆਪ ਪਰਾਤਾਂ ਮੰਗਾ ਕੇ ਆਟਾ ਗੁਨਣਾ ਸ਼ੁਰੂ ਕਰ ਦਿੱਤਾ। ਮਾਤਾ ਜੀ ਨੂੰ ਦੇਖ ਹੋਰ ਬੀਬੀਆਂ ਤੇ ਮਾਤਾ ਦਲੀਪ ਕੌਰ ਵੀ ਆ ਗਏ। ਦੋਨਾਂ ਭਠੀਆਂ ਤੇ ਲੰਗਰ ਪਕਣਾ ਸ਼ੁਰੂ ਹੋ ਗਿਆ। ਸਵੇਰ ਤੋਂ ਲੈ ਕੇ ਸ਼ਾਮ ਤਕ ਦੋਨੋ ਮਾਤਾਵਾਂ ਲੰਗਰ ਪਕਾਈ ਗਈਆਂ। ਸੇਵਾ ਦੇ ਪੁੰਜ ਮਾਤਾ ਚੰਦ ਕੌਰ ਜੀ ਹਮੇਸ਼ਾ ਸੰਗਤਾਂ ਦੀ ਸੇਵਾ ਕਰ ਕੇ ਖੁਸ਼ ਰਹਿੰਦੇ ਹਰ ਵੇਲੇ ਖਿਆਲ ਰੱਖਦੇ ਕੇ ਕੋਈ ਚੀਜ਼ ਦੀ ਘਾਟ ਨਾ ਆਵੇ।

ਗੰਨਿਆਂ ਦੀ ਰਸ ਕੱਢਣ ਵਾਲੇ ਵੇਲਣਾ ਚਲਵਾ ਕੇ ਰਸ ਦੇ ਦੋ ਟਪ ਭਰ ਲਏ। ਇਕ ਦੁੱਧ ਦਾ ਘਾਲਣਾ ਵਿਚ ਪਾ ਕੇ ਸਾਰੀ ਸੰਗਤ ਵਿਚ ਆਪਣੇ ਹੱਥੀਂ ਵਰਤਾਇਆ। ਮਾਤਾ ਜੀ ਜੋੜਾ ਜ਼ਿਆਦਾ ਗਿਲਾਸ ਪੀਵੇ ਸ਼ਾਬਾਸ਼ ਦੇਈ ਜਾਣ। ਖੁਸ਼ੀ ਹੋਈ ਜਾਣ ਸੰਗਤਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਹਜ਼ਾਰਾਂ ਪੁੱਤਰਾਂ ਧੀਆਂ ਦੇ ਮਾਤਾ ਜੀ।



Namdhari Elibrary NamdhariElibrary@gmail.com

# ਭੂਲੇ ਮਾਰਗੁ ਜਿਨਹਿ ਬਤਾਇਆ

—ਸੂਬਾ ਬਲਵਿੰਦਰ ਸਿੰਘ 'ਝੱਲ'



ਉਪਰੋਕਤ ਗੁਰਬਾਣੀ ਦੀ ਪੰਗਤੀ ਤੋਂ ਭਾਵ ਹੈ ਕਿ ਕਿਸੇ ਰਸਤਾ ਭੁੱਲ ਚੁੱਕੇ, ਭਾਵ ਰਸਤੇ ਤੋਂ ਖਿੜਕ ਚੁੱਕੇ ਜਾਂ ਗੁਮਰਾਹ ਹੋਏ ਵਿਅਕਤੀ ਨੂੰ ਸਹੀ ਰਸਤੇ ਦੀ ਦੱਸ ਪਾ ਦੇਣੀ ਅਤੇ ਉਸ ਨੂੰ ਉਸ ਦਾ ਭੁੱਲਿਆ ਹੋਇਆ ਰਸਤਾ ਦੁਬਾਰਾ ਦਿਖਾ ਦੇਣਾ ਅਤੇ ਸਹੀ ਰਸਤੇ ਦਾ ਪਾਂਧੀ ਬਣਾ ਦੇਣਾ।

ਹਰ ਮਨੁੱਖ ਨੂੰ ਦੁਨਿਆਵੀ ਤੌਰ ਤੇ ਵਿਚਰਦਿਆਂ ਹੋਇਆਂ ਕਈ ਵਾਰ ਅਜਿਹੇ ਸਮੇਂ ਵਿੱਚ ਦੀ ਗੁਜਰਨਾ ਪੈਂਦਾ ਹੈ, ਜਦੋਂ ਉਹ ਰਸਤਾ ਭੁੱਲ ਚੁੱਕਾ ਹੁੰਦਾ ਹੈ ਅਤੇ ਆਪਣੀ ਮੰਜ਼ਿਲ ਤੇ ਪਹੁੰਚਣੋਂ ਖਿੜਕ ਜਾਂਦਾ ਹੈ। ਭਾਵ ਕਿ ਆਪਣੇ ਨਿਸ਼ਾਨੇ ਤੋਂ ਖੁੰਝ ਜਾਂਦਾ ਹੈ। ਕਈ ਵਾਰੀ ਇਨਸਾਨ ਨੂੰ ਐਸਾ ਭੁਲੇਖਾ ਹਨੇਰਾ ਹੋਣ ਕਾਰਣ ਵੀ ਪੈ ਜਾਂਦਾ ਹੈ। ਰਸਤਾ ਤਾਂ ਉਸਨੇ ਦੇਖਿਆ ਹੁੰਦਾ ਹੈ ਦਿਨ ਵਿੱਚ, ਪਰ ਕਈ ਵਾਰੀ ਰਾਤ ਨੂੰ ਸਫਰ ਕਰਦੇ ਸਮੇਂ ਵਿਅਕਤੀ ਹਨੇਰੇ ਕਾਰਣ ਉਸ ਸਹੀ ਰਸਤੇ ਤੋਂ ਹੋਰ ਪਾਸੇ ਮੁੜ ਜਾਂਦਾ ਹੈ। ਮਨੁੱਖ ਨੂੰ ਰਸਤੇ ਦੇ ਭੁੱਲ ਜਾਣ ਦਾ ਅਹਿਸਾਸ ਤਾਂ ਹੋ ਜਾਂਦਾ ਹੈ ਪ੍ਰੰਤੂ ਹਨੇਰਾ ਹੋਣ ਕਾਰਣ ਉਸ ਨੂੰ ਸਹੀ ਰਸਤਾ ਦੱਸਣ ਵਾਲਾ ਕੋਈ ਇਨਸਾਨ ਉਥੇ ਮੌਜੂਦ ਨਹੀਂ ਹੁੰਦਾ। ਉਸ ਵੇਲੇ ਵਿਅਕਤੀ ਚਿੰਤਾ ਵਿੱਚ ਫਸ ਜਾਂਦਾ ਹੈ। ਅੱਗੇ ਵੱਧਦਾ ਹੈ ਤਾਂ ਆਪਣੀ ਮੰਜ਼ਿਲ ਤੋਂ ਖਿੜਕਦਾ ਦੂਰ ਚਲਾ ਜਾਂਦਾ ਹੈ, ਪਿੱਛੇ ਮੁੜਦਾ ਹੈ ਤਾਂ ਸਹੀ ਸਹੀ ਰਸਤਾ ਦੱਸਣ ਵਾਲਾ ਕੋਈ ਨਹੀਂ, ਉਸ ਵੇਲੇ ਵਿਅਕਤੀ ਦੀ ਕੀ ਦਸ਼ਾ ਹੁੰਦੀ ਹੈ ਇਸ ਦਾ ਅੰਦਾਜ਼ਾ ਭਲੀ ਭਾਂਤ ਨਹੀਂ ਲਗਾਇਆ ਜਾ ਸਕਦਾ। ਪ੍ਰੰਤੂ ਕਿਸੇ ਪਾਸੇ ਤੋਂ ਅਚਨਚੇਤ ਉਸ ਵੇਲੇ ਅਚਾਨਕ ਜੇਕਰ ਕੋਈ ਸਹੀ ਰਾਹ ਦੱਸਣ ਵਾਲਾ ਇਨਸਾਨ ਮਿਲ ਜਾਵੇ ਉਸ ਵੇਲੇ ਜੋ ਖੁਸ਼ੀ ਜਾਂ ਸੁਖ ਉਸ ਰਾਹ ਭੁੱਲੇ ਵਿਅਕਤੀ ਨੂੰ ਮਿਲਦਾ ਹੈ। ਉਸ ਦੀ ਖੁਸ਼ੀ ਦਾ ਅੰਦਾਜ਼ਾ ਭਲੀ ਭਾਂਤ ਲਾਇਆ ਜਾ ਸਕਦਾ ਹੈ। ਇਨਸਾਨ ਉਸ ਰਾਹ ਰਾਹ ਦੱਸਣ ਵਾਲੇ ਵਿਅਕਤੀ ਦਾ ਧੰਨਵਾਦ ਤੇ ਸ਼ੁਕਰੀਆ ਵੀ ਕਰਦਾ ਹੈ।

ਇਸੇ ਤਰ੍ਹਾਂ ਮਨੁੱਖੀ ਜ਼ਿੰਦਗੀ ਵੀ ਇੱਕ ਐਸਾ ਬਿਖੜਾ ਮਾਰਗ ਹੈ। ਇਸ ਲਈ ਹਰ ਵੇਲੇ ਮਨੁੱਖ ਨੂੰ ਚੁਕੰਨੇ ਅਤੇ ਹੁਸ਼ਿਆਰ ਰਹਿਣਾ ਜਰੂਰੀ ਹੈ। ਇਸ ਪਦਾਰਥ ਵਾਦੀ ਜੁੱਗ ਵਿੱਚ ਇਨਸਾਨ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਸ ਵੇਲੇ ਉਹ ਆਪਣੇ ਸਹੀ ਰਾਹ ਤੋਂ ਭਟਕ ਗਿਆ ਹੈ। ਕਈ ਵਾਰੀ ਇਸ ਦਾ ਅਹਿਸਾਸ ਮਨੁੱਖ ਨੂੰ ਕਾਫੀ ਸਮਾਂ ਬੀਤ ਜਾਣ ਤੇ ਹੁੰਦਾ ਹੈ ਜਦੋਂ ਉਹ ਆਪਣਾ ਕਾਫੀ ਨੁਕਸਾਨ ਕਰਾ ਚੁੱਕਾ ਹੁੰਦਾ ਹੈ। ਸਾਡੇ ਪੂਰਵ ਸਤਿਗੁਰੂ ਸਹਿਬਾਨਾਂ ਵੱਲੋਂ ਦਿੱਤੀ ਗੁਰਬਾਣੀ ਦੀ ਮਹਾਨ ਦੇਣ ਸਾਨੂੰ ਹਰ ਵੇਲੇ ਸਹੀ ਰਸਤੇ ਪ੍ਰਤੀ ਸੁਚੇਤ ਕਰਦੀ ਰਹਿੰਦੀ ਹੈ। ਪ੍ਰੰਤੂ ਮਾੜੇ ਭਾਗਾਂ ਕਰਕੇ ਇਨਸਾਨ ਉਸ ਬਾਣੀ ਦੀ ਨੇੜਤਾ ਕਰਨ ਤੋਂ ਵੀ ਪ੍ਰਹੇਜ ਕਰਦਾ ਹੈ। ਉਸ ਵੇਲੇ ਫਿਰ ਮਨੁੱਖ ਨੂੰ ਸ੍ਰੀਰਧਾਰੀ ਭਾਵ ਕਿ ਦੇਹਧਾਰੀ ਸਤਿਗੁਰੂ ਹੀ ਬਾਹੋਂ ਫੜ ਕੇ ਸਦ ਮਾਰਗ ਦਾ ਪਾਂਧੀ ਬਣਾਉਣ ਵਿੱਚ ਸਹਾਈ ਹੁੰਦਾ ਹੈ। ਅਤੇ ਮਨੁੱਖ ਨੂੰ ਭੁੱਲੇ ਰਸਤੇ ਦਾ ਅਹਿਸਾਸ ਕਰਵਾ ਕੇ ਉਸ ਆਪਣੀ ਮੰਜ਼ਿਲ ਤੇ ਪਹੁੰਚਣ ਲਈ ਪ੍ਰੇਰਦਾ ਹੈ। ਇੱਥੇ ਮੈਂ ਜ਼ਿਕਰ ਕਰਨ ਜਰੂਰੀ ਸਮਝਦਾ ਹਾਂ ਕਿ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਵੇਂ ਕਿਰਪਾ ਕਰਕੇ ਆਪਣੇ ਇੱਕ ਗੁਰਸਿੱਖ ਨੂੰ ਸਹੀ ਰਸਤੇ ਤੇ ਚਲਦੇ ਰਹਿਣ ਲਈ ਪ੍ਰੇਰਿਆ। ਸਮਾਂ ਅੱਜ ਤੋਂ ਲੱਗਭਗ ੪੦ ਜਾਂ ੪੨ ਸਾਲ ਪਹਿਲਾਂ ਦਾ ਹੈ। ਅਫਰੀਕਾ ਦੀ ਧਰਤੀ ਸ਼ਹਿਰ 'ਕਸੂਮੋ' ਦੇ ਨਿਵਾਸੀ ਸ੍ਰ: ਅਮਰ ਸਿੰਘ ਧੰਜਲ ਦੇ ਪ੍ਰਵਾਰ ਨਾਮ ਸਬੰਧਿਤ ਇਹ ਸਾਖੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਹਜ਼ੂਰੀ ਸੇਵਕ ਸੰਤ ਬਲਕਾਰ ਸਿੰਘ ਜੀ ਇਕ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੀ ਕੋਠੀ ਬੈਠੇ ੪੦-੪੨ ਸਾਲ ਬਾਅਦ ਸ੍ਰੀ ਸਤਿਗੁਰੂ ਜੀ ਨੂੰ ਸੁਣਾ ਰਹੇ ਸਨ, ਕਿ ਕਿਵੇਂ ਆਪ ਜੀ ਨੇ ਸ੍ਰ: ਅਮਰ ਸਿੰਘ ਧੰਜਲ ਤੇ ਕ੍ਰਿਪਾ ਕੀਤੀ। ਜੋ ਆਪਣੇ ਰਸਤੇ ਤੋਂ ਭਟਕ ਭਾਵ ਖਿੜਕ ਚੱਲਿਆ ਸੀ। ਅਫਰੀਕਾ 'ਕਸੂਮੋ' ਸ਼ਹਿਰ ਨਿਵਾਸੀ ਸ੍ਰ. ਅਮਰ ਸਿੰਘ ਧੰਜਲ ਨੇ ਨੈਰੋਬੀ ਸੂਬਾ ਦਰਸ਼ਨ ਸਿੰਘ ਜੀ ਨੂੰ ਅਰਜ਼ ਕੀਤੀ ਕਿ ਮੈਂ ਆਪਣੇ ਘਰ ਅਖੰਡ ਪਾਠ ਕਰਵਾਉਣਾ ਚਾਹੁੰਦਾ ਹਾਂ। ਤੁਸੀਂ ਮੈਨੂੰ ਟਾਈਮ ਦਿਓ ਕਿ ਅਖੰਡ ਪਾਠ ਕੀਤਾ ਜਾਵੇ, ਸੂਬਾ ਦਰਸ਼ਨ ਸਿੰਘ ਜੀ ਨੇ ਕਿਹਾ ਅਜੇ ਕੁਝ ਸਮੇਂ ਲਈ ਰੁਝੇਵੇਂ ਹਨ ਥੋੜ੍ਹਾ ਚਿਰ ਰੁਕ ਜਾਓ। ਕੁਝ ਸਮਾਂ ਰੁਕਣ ਤੋਂ ਬਾਅਦ ਫਿਰ ਸ੍ਰ. ਅਮਰ ਸਿੰਘ ਧੰਜਲ ਨੇ ਸੂਬਾ ਜੀ ਨੂੰ ਬੇਨਤੀ ਕੀਤੀ। ਹੁਣ ਤੇ ਅਖੰਡ ਪਾਠ ਕਰ ਦਿਉ, ਸੂਬਾ ਜੀ ਨੇ ਰੁਝੇਵੇਂ ਹੋਣ ਕਰਕੇ



Namdhari Elibrary NamdhariElibrary@gmail.com

ਥੋੜ੍ਹਾ ਸਮਾਂ ਹੋਰ ਰੁਕਣ ਲਈ ਆਖਿਆ। ਆਪ ਸਭ ਜਾਣਦੇ ਹੋ ਕਿ ਵਿਦੇਸ਼ਾਂ ਵਿੱਚ ਹਰ ਇਨਸਾਨ ਦੀ ਜਿੰਦਗੀ ਕਿੰਨੀ ਰੁਝੇਵਿਆਂ ਭਰੀ ਹੁੰਦੀ ਹੈ। ਸ੍. ਅਮਰ ਸਿੰਘ ਧੰਜਲ ਦੇ ਵਾਰ-ਵਾਰ ਬੇਨਤੀ ਕਰਨ ਤੇ ਜਦੋਂ ਅਖੰਡ ਪਾਠ ਕਰਨ ਦਾ ਸਮਾਂ ਨਾ ਮਿਲਿਆ ਤਾਂ ਸ੍. ਅਮਰ ਸਿੰਘ ਧੰਜਲ ਨੇ ਆਪਣੇ ਘਰ ਵਾਪਸ ਆ ਕੇ ਖੁਲਿਆਂ ਕੋਲੋਂ ਅਖੰਡ ਪਾਠ ਕਰਵਾਉਣ ਦੀ ਤਾਰੀਕ ਪੱਕੀ ਕਰ ਦਿੱਤੀ। ਗੁਰਬਾਣੀ ਅਨੁਸਾਰ "ਘਟ-ਘਟ ਕੇ ਅੰਤਰ ਕੀ ਜਾਨਤ" ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਖਿਆ ਕਿ ਮੇਰਾ ਸਿੱਖ ਰਸਤੇ ਤੋਂ ਥਿੜਕ ਚੱਲਿਆ ਹੈ, ਭਾਵ ਆਪਣੇ ਰਸਤੇ ਤੋਂ ਖੁੰਝ ਚੱਲਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਮੇਤ ਅਫਰੀਕਾ ਦਾ ਦੌਰਾ ਰੱਖ ਦਿੱਤਾ। ਟਿਕਟਾਂ ਅਤੇ ਵੀਜ਼ੇ ਦਾ ਪ੍ਰਬੰਧ ਕਰਕੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਿੱਖਾਂ, ਸੇਵਕਾਂ ਸਹਿਤ ਆਣ ਅਫਰੀਕਾ ਦੀ ਧਰਤੀ ਨੂੰ ਭਾਗ ਲਾਏ। ਸ੍ਰੀ ਸਤਿਗੁਰੂ ਜੀ ਦਾ ਡੇਰਾ ਉਸ ਸਮੇਂ ਪ੍ਰਧਾਨ ਸਰਵਨ ਸਿੰਘ ਸੋਖੀ ਦੇ ਘਰ ਨੈਰੋਬੀ ਵਿਖੇ ਲੱਗਾ। ਸੂਬਾ ਦਰਸ਼ਨ ਸਿੰਘ ਨੇ ਨੈਰੋਬੀ ਹਵਾਈ ਅੱਡੇ ਤੇ ਹੀ ਸ੍: ਅਮਰ ਸਿੰਘ ਧੰਜਲ ਦੀ ਸਾਰੀ ਗੱਲਬਾਤ ਦੀ ਅਰਜ਼ ਸ੍ਰੀ ਸਤਿਗੁਰੂ ਜੀ ਨੂੰ ਕਰ ਦਿੱਤੀ ਕਿ ਕਿਸ ਤਰ੍ਹਾਂ ਸ੍: ਅਮਰ ਸਿੰਘ ਧੰਜਲ ਨੇ ਖੁੱਲਿਆਂ ਕੋਲੋਂ ਅਖੰਡ ਪਾਠ ਕਰਵਾਉਣ ਦੀ ਤਰੀਕ ਪੱਕੀ ਕੀਤੀ ਹੈ। ਸ੍ਰੀ ਸਤਿਗੁਰੂ ਜੀ ਦੇ ਅਫਰੀਕਾ ਦੌਰੇ ਸਮੇਂ ਵੱਖ-ਵੱਖ ਇਲਾਕਿਆਂ ਦੀ ਨਾਮਧਾਰੀ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਸਵਾਗਤ ਲਈ ਨੈਰੋਬੀ ਪਹੁੰਚਦੀ ਹੈ। ਸ੍. ਅਮਰ ਸਿੰਘ ਧੰਜਲ ਵੀ ਕਸੂਮੋਂ ਤੋਂ ਨੈਰੋਬੀ ਆਏ ਹੋਏ ਸਨ। ਸ੍ਰੀ ਸਤਿਗੁਰੂ ਜੀ ਆਪਣੇ ਡੇਰੇ ਸ੍. ਸਰਵਨ ਸਿੰਘ ਸੋਖੀ ਦੇ ਘਰ ਸਾਧ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਸੰਤ ਬਲਕਾਰ ਸਿੰਘ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕ ਸਤਿਗੁਰੂ ਜੀ ਨੂੰ ਚੋਰ ਕਰ ਰਹੇ ਸਨ। ਸਾਧ ਸੰਗਤ ਲਾਈਨਾਂ ਦੇ ਵਿੱਚ ਆਪੋ ਆਪਣੀ ਵਾਰੀ ਅਨੁਸਾਰ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਰਹੀ ਸੀ। ਮੱਥਾ ਟੇਣ ਵਾਲਿਆਂ ਦੀ ਕਤਾਰ ਵਿੱਚ ਸ੍: ਅਮਰ ਸਿੰਘ ਧੰਜਲ ਵੀ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਸ੍. ਅਮਰ ਸਿੰਘ ਧੰਜਲ ਨੇ ਆਪਣੀ ਵਾਰੀ ਅਨੁਸਾਰ ਭੇਟਾ ਧਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਚੇਹਰਾ ਉੱਪਰ ਕੀਤਾ ਤਾਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ "ਸਰਦਾਰ ਅਮਰ ਸਿੰਘ ਜੀ, ਸੁਣਿਐ ਤੁਸੀਂ ਖੁਲਿਆਂ ਕੋਲੋਂ ਅਖੰਡ ਪਾਠ ਕਰਵਾਉਣ ਲੱਗੇ ਹੋ" ਤਾਂ ਸ੍. ਅਮਰ ਸਿੰਘ ਧੰਜਲ ਨੇ ਹੱਥ ਜੋੜ ਆਖਿਆ "ਜੀ ਸੱਚੇ-ਪਾਤਸ਼ਾਹ ਜੀ" ਤਾਂ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ "ਕਿ ਤੁਸੀਂ ਉਹਨਾਂ ਨੂੰ ਜਵਾਬ ਦੇ ਦਿਓ ਅਖੰਡ ਪਾਠ ਤੁਹਾਡਾ ਹੁਣ ਅਸੀਂ ਕਰਾਂਗੇ" ਤਾਂ ਸ੍. ਅਮਰ ਸਿੰਘ ਧੰਜਲ ਨੇ ਅੱਗੋਂ ਅਰਜ਼ ਕੀਤੀ ਸੱਚੇ-ਪਾਤਸ਼ਾਹ ਹੁਣ ਉਹਨਾਂ ਕੋਲੋਂ ਟਾਈਮ ਲਿਆ ਹੈ ਉਹਨਾਂ ਨਾਲ ਗੱਲ ਕਰ ਬੈਠੇ ਹਾਂ। ਤਾਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ "ਉਹਨਾਂ ਨੂੰ ਕਹਿ ਦਿਓ ਕਿ ਸਾਡੇ ਸਿੱਖ ਪੰਜਾਬ ਤੋਂ ਆਏ ਨੇ ਉਹ ਸਾਡਾ ਅਖੰਡ ਪਾਠ ਕਰਨਗੇ।" ਫਿਰ ਸ੍. ਅਮਰ ਸਿੰਘ ਧੰਜਲ ਨੇ ਆਖਿਆ ਕਿ ਸੱਚੇ-ਪਾਤਸ਼ਾਹ ਜੀ ਤੁਸੀਂ ਆਪ ਹੀ ਤਾਂ ਆਪਣੀ ਬਾਣੀ 'ਚ ਲਿਖਿਆ ਹੈ ਕਿ "ਬਚਨ ਕਰੇ ਤੇ ਖਿਸਕ ਜਾਏ......। ਕਿ ਮਨੁੱਖ ਨੂੰ ਆਪਣੀ ਕੀਤੀ ਗੱਲ ਤੋਂ ਫਿਰਨਾਂ ਨਹੀਂ ਚਾਹੀਦਾ। ਉਹ ਖੁੱਲੇ ਲੋਕ ਨੇ ਮੈਂ ਬਚਨ ਕਰ ਬੈਠਾ ਹਾਂ ਉਹ ਹੁਣ ਕੀ ਆਖਣਗੇ। ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਰੋਹ ਵਿੱਚ ਆਣਕੇ ਬਚਨ ਕੀਤਾ। "ਸਰਦਾਰ ਜੀ, ਤੁਹਾਡੀ ਹੋਵੇ ਨੌਜਵਾਨ ਲੜਕੀ, ਉਸ ਨੇ ਚੋਰੀ ਚਲੇ ਜਾਣ ਵਾਸਤੇ ਕਿਸੇ ਨਾਲ ਗੱਲ ਕਰ ਲਈ ਹੋਵੇ, ਤੁਹਾਨੂੰ ਲੱਗ ਜਾਏ ਪਤਾ, ਤੇ ਤੁਸੀਂ ਉਸ ਨੂੰ ਸਮਝਾਵੋ ਕਿ ਇਸ ਤਰ੍ਹਾਂ ਨਹੀਂ ਕਰੀਦਾ, ਤਾਂ ਲੜਕੀ ਅਗੋਂ ਆਖੇ ਕਿ ਮੈਂ ਹੁਣ ਬਚਨ ਦੇ ਬੈਠੀ ਹਾਂ, ਤਾਂ ਤੁਸੀਂ ਦੱਸੋਂ ਉਸ ਲੜਕੀ ਨੂੰ ਆਪਣੇ ਬਚਨ ਤੋਂ ਫਿਰ ਜਾਣਾ ਚਾਹੀਦਾ ਹੈ ਕਿ ਨਹੀਂ।" ਸੰਤ ਬਲਕਾਰ ਸਿੰਘ ਜੀ ਦੇ ਦੱਸਣ ਅਨੁਸਾਰ ਸ੍. ਅਮਰ ਸਿੰਘ ਧੰਜਲ ਖਲਾ-ਖੜੋਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਵਾਰ-ਵਾਰ ਅਰਜ਼ਾਂ ਕਰ ਕੇ ਮੁਆਫੀ ਹੀ ਮੰਗੀ ਜਾਵੇ "ਸੱਚੇ-ਪਾਤਸ਼ਾਹ ਜੀ ਮੈਂ ਭੁੱਲ ਗਿਆ ਹਾਂ, ਮੈਂ ਆਪਣੇ ਰਸਤੇ ਤੋਂ ਭਟਕ ਗਿਆ ਹਾਂ ਤੁਸੀਂ ਕ੍ਰਿਪਾ ਕਰ ਕੇ ਮੇਰੀ ਭੁੱਲ ਬਖ਼ਸ਼ ਦਿਓ ਤੇ ਮੇਰੇ ਘਰ ਚੱਲ ਕੇ ਅਖੰਡ ਪਾਠ ਕਰੋ।"

ਨੀਯਤ ਕੀਤੀ ਹੋਈ ਤਾਰੀਕ ਤੇ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕੀਤੀ ਤੇ ਸ੍. ਅਮਰ ਸਿੰਘ ਧੰਜਲ ਦੇ ਘਰ ਕਸੂਮੋ ਦਰਸ਼ਨ ਦੇ ਅਖੰਡ ਪਾਠ ਅਰੰਭ ਕਰਾ ਕੇ ਭੋਗ ਪਾਇਆ ਜਿਸ ਅਖੰਡ ਪਾਠ ਵਿੱਚ ਸੰਤ ਬਲਕਾਰ ਸਿੰਘ ਹਜ਼ੂਰੀ ਸੇਵਕ, ਸੰਤ ਗਿਆਨ ਸਿੰਘ ਵੀਰੋਕੇ ਅਤੇ ਸੰਤ ਦਾਨ ਸਿੰਘ ਆਦਿ ਪਾਠੀ ਲੱਗੇ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਕ੍ਰਿਪਾ ਕਰਕੇ ਰਸਤੇ ਤੋਂ ਭੁੱਲੇ ਭੱਟਕੇ ਆਪਣੇ ਸਿੱਖ ਨੂੰ ਫਿਰ ਗੁਰਮਤਿ ਦੇ ਰਸਤੇ ਦਾ ਪਾਂਧੀ ਬਣਾਇਆ।

ਐਸਾ ਗੁਰੂ ਵਡਭਾਗੀ ਪਾਇਆ॥

*ਪ੍ਰਧਾਨ ਵਿਸ਼ਵ ਨਾਮਧਾਰੀ ਵਿਦਿਅਕ ਜਥਾ*
*ਸ੍ਰੀ ਭੈਣੀ ਸਾਹਿਬ*
*੯੯੧੫੮-੦੪੨੨੫*



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



STOREX
GENUINE SINCE 1935



NIRMAL SINGH

# STOREX BATTERIES

**OFFICE :** *LADOWALI ROAD, JALANDHAR CITY*
*PHONE : 0181-2235623*
**FACTORY :** *D-72, FOCAL POINT, JALANDHAR CITY.*
*MOBILE : 98155-04567, 98723-70077*



Namdhari Elibrary NamdhariElibrary@gmail.com



ਉਸਤਾਦ ਵਿਲਾਈਤ ਖਾਂ ਸਤਿਗੁਰੂ ਜੀ ਉ. ਹਰਭਜਨ ਸਿੰਘ

ਯਾਦਗਾਰੀ ਪਲ

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ

# ਉਸਤਾਦ ਹਰਭਜਨ ਸਿੰਘ ਦਿੱਲੀ, ਯੂ.ਕੇ



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ
ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ



ਸਤਿਗੁਰੂ ਜੀ ਮਠਾੜੂ ਪਰਿਵਾਰ ਤੇ ਬਖਸ਼ਸ਼ਾਂ ਕਰਦੇ ਹੋਏ

# Partap Engineers

**AS ISO 9001 COMPANY**
**Bhagwan Chowk, Ludhiana - 144 003 (India)**
**Tel : 91-161-2533276, 2540209, Fax : 91-161-2533273**

**email : gspartap@glide.net.in**
**website : www.partapexports.com**



Namdhari Elibrary NamdhariElibrary@gmail.com





ਸ. ਹਰਵਿੰਦਰ ਸਿੰਘ
ਪਾਰਟਨਰ

ਸੱਚੇ ਪਾਤਸ਼ਾਹ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਦੀ ਛੱਤਰ ਛਾਇਆ
ਦੇ ਪੰਜਾਹ ਸਾਲ ਸੰਪੂਰਨ ਹੋਣ ਤੇ
ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ
ਹਾਰਦਿਕ ਵਧਾਈਆਂ



ਸਵ. ਸੰਤ ਕਰਤਾਰ ਸਿੰਘ
ਫਾਊਂਡਰ

# FREE INDIA GUN MANUFACTURERS

**High Class Gun Manufacturers**
**Single & Double Barrels**
**12-Bore Guns**

6-Industrial Estate, Ashok Nagar, Jammu Cantt-3, Ph. : 2433810

**SISTER CONCERN : M/S KARTAR SINGH**
**ARMS & AMMUNITION DEALERS**




Namdhari Elibrary NamdhariElibrary@gmail.com

# ਵਰ੍ਹੇ ਪੰਜਾਹ ਕੰਮ ਅਥਾਹ

—ਮਾਸਟਰ ਅਮਰੀਕ ਸਿੰਘ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਪਹਿਲੇ ਹੋਲੇ ਮਹਲੇ ਤੇ ਜਾਣ ਲਈ ਸੰਗਤਾਂ ਵਿਚ ਉਤਸ਼ਾਹ ਦਾ ਅੰਤ ਨਹੀਂ ਸੀ। ਜਿਨ੍ਹਾਂ 'ਵੱਡੇ ਬਾਬਾ ਜੀ' ਦਾ ਸਤਿਗੁਰੂ ਬਣਿਆਂ ਅਜੇ ਦਰਸ਼ਨ ਨਹੀਂ ਸੀ ਕੀਤਾ ਉਹਨਾਂ ਦਾ ਚਾਅ ਵੇਖਿਆ ਹੀ ਬਣਦਾ ਸੀ। ਇਹ ਹੋਲਾ ਰਾਜਸਥਾਨ ਵਿਚ ੫੬ ਆਰ. ਬੀ ਪਿੰਡ ਵਿਚ ਹੋਣਾ ਸੀ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਹੀ ਪਰੰਪਰਾ ਅਨੁਸਾਰ ਨਿਸਚਿਤ ਕਰ ਗਏ ਸਨ। ਪਰ ਕੀਹ ਪਤਾ ਸੀ ਏਸ ਸਮੇਂ ਤਕ ਕਿੰਨੀ ਵੱਡੀ ਤਬਦੀਲੀ ਹੋ ਜਾਣੀ ਹੈ।

ਮੈਂ ਓਦੋਂ ਗੁਰੂ ਹਰੀ ਸਿੰਘ ਮਹਾ ਵਿਦਿਆਲੇ ਵਿਚ ਅਧਿਆਪਕ ਲੱਗਾ ਹੋਇਆ ਸਾਂ। (ਹੁਣ ਵਿਦਿਆਲੇ ਦਾ ਨਾਂ ਸ੍ਰੀ ਗੁਰੂ ਹਰੀ ਸਿੰਘ ਸੀਨੀਅਰ ਸੈਕੰਡਰੀ ਸਕੂਲ ਹੈ)।

ਹੋਲੇ ਦੇ ਪਰਬੰਧਕਾਂ ਦੇ ਹੁਕਮ ਅਨੁਸਾਰ ਵਿਦਿਆਲੇ ਦੇ ਤੀਹ ਚਾਲੀ ਬੱਚੇ ਲੈ ਜਾਣ ਦਾ ਪ੍ਰੋਗਰਾਮ ਬਣਿਆ। ਹੋਲੇ ਤੇ ਪਹੁੰਚਣ ਦਾ ਸਵਾਏ ਰੇਲ ਦੇ ਹੋਰ ਕੋਈ ਸਾਧਨ ਨਹੀਂ ਸੀ। ਸੋ ਸਾਰੇ ਬੱਚਿਆਂ ਨੂੰ ਨਾਲ ਲੈ ਕੇ ਅਸੀਂ ਜੀਵਨ ਨਗਰੋਂ ਪੈਦਲ ਹੀ ਐਲਨਾਬਾਦ ਰੇਲਵੇ ਸਟੇਸ਼ਨ ਤੇ ਪਹੁੰਚੇ। ਮੈਨੂੰ ਪਿਛਲਾ ਵਕਤ ਯਾਦ ਕਰਕੇ ਅੰਦਰ ਡਰ ਜਿਹਾ ਮਹਿਸੂਸ ਹੋ ਰਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੇਲੇ ਤੇ ਵੀ ਇਹ ਬੱਚੇ ਲੈ ਕੇ ਗਿਆ ਸਾਂ ਜਦੋਂ ਇਕ ਬੱਚਾ ਗੱਡੀ ਵਿਚ ਹੀ ਸੁੱਤਾ ਰਹਿ ਗਿਆ ਤੇ ਜੋ ਬੜੀ ਮੁਸ਼ਕਿਲ ਨਾਲ ਧੂਰੀਓਂ ਜਾ ਮਿਲਿਆ ਸੀ।

ਗੱਡੀ ਆਈ ਤੇ ਬੱਚਿਆਂ ਨੂੰ ਲਾਈਨ ਵਿਚ ਖੜਿਆਂ ਕਰ ਕੇ ਲਿਸਟ ਅਨੁਸਾਰ ਇਕ ਡੱਬੇ ਵਿਚ ਹੀ ਜਗਾਹ ਮਿਲਣ ਤੇ ਬਿਠਾਇਆ। ਪੰਜ ਜੱਥੇ ਬਣਾਏ ਹੋਏ ਸਨ। ਜਿਨ੍ਹਾਂ ਦੇ ਪੰਜ ਵਡੇ ਬੱਚੇ ਜਥੇਦਾਰ ਸਨ। ਜਥੇਦਾਰਾਂ ਨੂੰ ਪੱਕੀ ਕੀਤੀ ਕਿ ਸਭ ਦਾ ਖਿਆਲ ਰੱਖਣਾ। ਏਸ ਜਥੇ ਵਿਚ ਹੀ ਉਸਤਾਦ ਹਰਭਜਨ ਸਿੰਘ, ਸੁਰਜੀਤ ਸਿੰਘ ਮੱਤੂ, ਗੁਰਦੇਵ ਸਿੰਘ ਸਰੋਦ, ਗੁਰਦੇਵ ਸਿੰਘ ਕੋਇਲ, ਜੋਗਿੰਦਰ ਸਿੰਘ ਮੁਕਤਾ, ਚਰਨਜੀਤ ਸਿੰਘ ਦਿੱਲੀ, ਸਵਰਗੀ ਗੁਰਭਜਨ ਸਿੰਘ ਨਾਮਧਾਰੀ, ਜਸਵੰਤ ਸਿੰਘ ਜੋਸ਼ ਤੇ ਹੋਰ ਕਈ ਸਨ ਜਿਨ੍ਹਾਂ ਦਾ ਨਾਮ ਯਾਦ ਨਹੀਂ ਰਿਹਾ।

ਜਥੇ ਨੂੰ ਆਪਣੇ ਕੋਲ ਬਿਠਾ ਲਿਆ ਅਤੇ ਅਸੀਂ ਹੋਲੇ ਤੇ ਬੋਲਣ ਵਾਲੇ ਗੀਤਾਂ ਦੀ ਰੀਹਰਸਲ ਕਰਨ ਲੱਗੇ ਪਏ, ਗੱਡੀ ਦੇ ਪਹੀਆਂ ਦੀ ਠੱਕ ਠੱਕ ਦੀ ਆਵਾਜ਼ ਨਾਲ ਤਾਲ ਦੇ ਰਹੀ ਸੀ ਗੀਤ ਸਨ :-

"ਕਿੱਥੋਂ ਦਿਲਦਾਰ ਲੱਭੇ ਹੋਲਿਆ ਮਹੌਲਿਆ
ਉਸਦਾ ਵਿਛੋੜਾ ਸਾਥੋਂ ਜਾਂਵਦਾ ਨ ਝੱਲਿਆ

ਜਾਂ ਫਿਰ

"ਗੁਰੂ ਪ੍ਰਤਾਪ ਸਿੰਘ ਜੀ ਦੀ ਨਿਰਾਲੀ ਸ਼ਾਨ ਵੇਖੀ ਏ।
ਉਹਦੇ ਦਰ ਮੁਰਦਿਆਂ ਅੰਦਰ ਸਰਕਦੀ ਜਾਨ ਵੇਖੀ ਏ।"

ਸਾਰੇ ਬੱਚੇ ਮਗਨ ਹੋਏ ਸੁਣ ਰਹੇ ਸਨ। ਅਜੇ ਪੂਰਾ ਰੰਗ ਨਹੀਂ ਜੀ ਬੱਝਾ ਕਿ ਹਨੂਮਾਨਗੜ੍ਹ ਜੰਕਸ਼ਨ ਆ ਗਿਆ। ਸਫ਼ਰੀ ਮਹਿਫਲ ਖਤਮ ਹੋਈ। ਸਾਰਿਆਂ ਨੂੰ ਆਪਣੇ-ਆਪਣੇ ਜਥੇਦਾਰ ਨਾਲ ਰਹਿਣ ਦੀ ਤਾਕੀਦ ਕੀਤੀ। ਬੱਚਿਆਂ ਨੇ ਆਪਣਾ ਸਾਮਾਨ ਸੰਭਾਲ ਲਿਆ।

ਗੱਡੀ ਪਲੇਟ ਫਾਰਮ ਤੇ ਰੁਕਦਿਆਂ ਹੀ ਬੱਚੇ ਆਪਣੇ ਆਪਣੇ ਜਥੇਦਾਰਾਂ ਨਾਲ ਵਾਰੀ ਵਾਰੀ ਉਤਰ ਗਏ। ਸਾਰਾ ਪਲੇਟ ਫਾਰਮ ਨਾਮਧਾਰੀ ਸੰਗਤ ਨਾਲ ਭਰਿਆ ਪਿਆ ਸੀ। ਜਿਵੇਂ ਸਫੈਦ ਬਸਤਰਾਂ ਵਿਚ ਹੰਸ ਅੱਜ ਰੇਲ ਦਾ ਸਫ਼ਰ ਕਰ ਰਹੇ ਸਨ।

ਕਿਸੇ ਆ ਕੇ ਦੱਸਿਆ ਕਿ ਜਿਸ ਗੱਡੀ ਤੇ ਅਸਾਂ ਚੜ੍ਹਣਾ ਸੀ ਚਲੀ ਗਈ ਹੈ ਤੇ ਹੁਣ ਸ਼ਾਮ ਨੂੰ ਅਗਲੀ ਗੱਡੀ ਜਾਏਗੀ। ਮਰਦੇ ਕੀਹ ਨਾ ਕਰਦੇ। ਹੋਰ ਤਾਂ ਕੋਈ ਸਾਧਨ ਹੀ ਨਹੀਂ ਸੀ। ਸਾਰੀ ਸੰਗਤ ਬੈਂਚਾਂ ਤੇ ਧਰਤੀ ਤੇ ਆਪੋ ਆਪਣੇ ਸਾਥ ਨਾਲ ਸ਼ਾਮ ਦੀ ਗੱਡੀ ਦੀ ਉਡੀਕ ਕਰਨ ਲੱਗੀ। ਇਸੇ ਸੰਗਤ ਵਿਚ ਹੀ ਸਾਡੇ ਪੰਥ ਦੇ ਮਹਾਨ ਪ੍ਰਚਾਰਕ ਤੇ ਕਵੀਸ਼ਰ ਸੰਤ ਜੀਵਨ ਸਿੰਘ ਜੀ ਵੀ ਸਨ। ਆਪਣੇ ਜਥੇ ਸਰਵ ਸ੍ਰੀ ਰਵੇਲ ਸਿੰਘ ਤੇ ਸੁਰਿੰਦਰ ਸਿੰਘ ਹੁਰਾਂ ਨਾਲ।

ਸੰਗਤ ਦੇ ਅਰਜ਼ ਕਰਨ ਤੇ ਪਲੇਟ ਫ਼ਾਰਮ ਤੇ ਹੀ ਦੀਵਾਨ ਸ਼ੁਰੂ ਕਰ ਦਿੱਤਾ। ਉਹਨਾਂ ਕਿਹੜਾ ਸਾਜ਼ ਸੁਰ ਕਰਣੇ ਸਨ। ਆਪ ਹੀ ਸਾਜ਼ ਤੇ ਆਪ ਹੀ ਸਾਜ਼ਿੰਦੇ। ਖੜੇ ਹੋਣ ਦੀ ਹੀ ਦੇਰ ਸੀ। ਸੰਗਤ ਉਹਨਾਂ ਦੇ ਆਲੇ ਦੁਆਲੇ ਬੈਠ ਗਈ। ਜਥੇ ਨੇ ਹੋਲੇ ਦਾ ਹੀ ਪ੍ਰਸੰਗ ਸ਼ੁਰੂ ਕੀਤਾ ਜਿਥੇ ਇਕ 'ਸਿੰਘ' ਦੇ ਘੋੜੇ ਦੇ ਪੌੜ ਨਾਲ ਘੁਮਿਆਰੀ ਦਾ ਬੱਚਾ ਲੱਗ ਕੇ ਮਰ ਗਿਆ ਸੀ



Namdhari Elibrary NamdhariElibrary@gmail.com



*ਮਾਸਟਰ ਅਮਰੀਕ ਸਿੰਘ ਸਤਿਗੁਰੂ ਜੀ ਤੋਂ ਸਨਮਾਨ ਪ੍ਰਾਪਤ ਕਰਦੇ ਹੋਏ*

ਜਿਨ੍ਹੰ ਸਤਿਗੁਰੂ ਰਾਮ ਸਿੰਘ ਜੀ ਨੇ ਫੇਰ ਜ਼ਿੰਦਾ ਕਰ ਦਿੱਤਾ ਸੀ।

ਤਿੰਨ ਵਜੇ ਤਕ ਸੰਤਾਂ ਜੀਵਨ ਸਿੰਘ ਹੁਰਾਂ ਨੇ ਉਹ ਰੰਗ ਬੰਨ੍ਹਿਆ ਕਿ ਨਾਮਧਾਰੀਆਂ ਤੋਂ ਇਲਾਵਾ ਵੀ ਬਹੁਤ ਲੋਕ ਆ ਕੱਠੇ ਹੋਏ। ਸੰਤਾਂ ਦੀ ਵਿਆਖਿਆ ਦਾ ਕੀਹ ਵਰਨਣ ਕਰੀਏ।

ਸੰਤਾਂ ਨੇ ਘੜੀ ਵੇਖ ਕੇ ਪ੍ਰਸੰਗ ਦਾ ਭੋਗ ਪਾਇਆ ਤੇ ਗੱਡੀ ਵੀ ਬਠਿੰਡਾ ਵਲੋਂ ਆ ਗਈ। ਮੈਂ ਮੌਕਾ ਤਾੜ ਕੇ ਬੈਠੀ ਸੰਗਤ ਅੱਗੇ ਬੇਨਤੀ ਕੀਤੀ ਕਿ ਇਹ ਤੁਹਾਡੇ ਹੀ ਬੱਚੇ ਹਨ ਇਹਨਾਂ ਨੂੰ ਗੱਡੀ ਤੇ ਚੜ੍ਹਾਣ ਲਈ ਸਾਡੀ ਮਦਦ ਕਰਿਓ ਤੇ ਪਹਿਲਾਂ ਬੱਚਿਆਂ ਨੂੰ ਚੜ੍ਹਾ ਕੇ ਹੀ ਆਪ ਗੱਡੀ ਤੇ ਚੜ੍ਹਨਾ।

ਸੰਗਤਾਂ ਮੇਰੀ ਅਰਜ਼ ਮੰਨ ਕੇ ਬੱਚਿਆਂ ਨੂੰ ਸੀਟਾਂ ਤੇ ਬਿਠਾ ਕੇ ਹੀ ਆਪ ਬੈਠੀਆਂ।

ਗੱਡੀ ਚੱਲੀ ਤੇ ਸਾਡੇ ਰਾਗੀ ਬੱਚਿਆਂ ਨੇ ਫੇਰ ਆਪਣੇ ਗੀਤਾਂ ਦੀ ਰੀਹਰਸਲ ਸ਼ੁਰੂ ਕਰ ਦਿੱਤੀ।

ਕੁਵੇਲੇ ਹੀ ਗੱਡੀ ਸ੍ਰੀ ਗੰਗਾਨਗਰ ਪਹੁੰਚੀ। ਬੱਚਿਆਂ ਨੂੰ ਨਾਲ ਲੈ ਕੇ ਸਟੇਸ਼ਨੋਂ ਬਾਹਰ ਆਏ ਤਾਂ ਟਰੈਕਟਰ ਟਰਾਲੀਆਂ ਸਾਨੂੰ ਹੋਲੇ ਵਾਲੀ ਥਾਂ ਤੇ ਪਹੁੰਚਾਣ ਲਈ ਖੜੇ ਸਨ। ਬਹੁਤ ਹਨੇਰਾ ਹੋ ਗਿਆ ਸੀ ੫੬-ਆਰ. ਬੀ ਪਹੁੰਚਦਿਆਂ ਨੂੰ।

ਲੰਗਰ ਛੱਕ ਕੇ ਅਸੀਂ ਇਕ ਵੱਡੇ ਤੰਬੂ ਵਿਚ ਆਪਣੇ ਬਿਸਤਰੇ ਵਛਾਏ ਤੇ ਸਾਰੇ ਲੇਟ ਗਏ, ਜਥੇਦਾਰਾਂ ਨੂੰ ਪੁੱਛਿਆ ਸਾਰੇ ਆ ਗਏ ਨੇ। "ਹਾਂ ਜੀ" ਸੁਣ ਕੇ ਵੀ ਮੈਨੂੰ ਯਕੀਨ ਨਾ ਹੋਇਆ ਤੇ ਲੇਟੇ ਬੱਚਿਆਂ ਨੂੰ ਫੇਰ ਗਿਣਿਆ। ਗਿਣਤੀ ਪੂਰੀ ਹੋਣ ਤੇ ਸੁਖ ਦਾ ਸਾਹ ਆਇਆ।

ਤੜਕੇ ਹੀ ਸਭ ਨੂੰ ਉਠਾਇਆ। ਖਾਲੇ ਤੇ ਜਾ ਕੇ ਸਭ ਨੇ ਇਸ਼ਨਾਨ ਕੀਤਾ। ਕੁਝ ਬੱਚਿਆਂ ਨੂੰ ਤੰਬੂ ਵਿਚ ਬਿਠਾ ਕੇ ਬਾਕੀਆਂ ਨੇ ਆਸਾ ਦੀ ਵਾਰ ਕੀਰਤਨ ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਸ੍ਰੀ ਸਤਿਗੁਰੂ ਜੀ ਵਾਰ ਕੀਰਤਨ ਦੇ ਜਥੇ ਨਾਲ ਆਪ ਸਾਥ ਦੇ ਰਹੇ ਸਨ। ਕਿਆ ਨਜ਼ਾਰਾ ਸੀ। "ਤੁਮ ਘਰਿ ਆਵਹੁ ਮੇਰੇ ਮੀਤ" ਸ਼ਬਦ ਤੇ ਪਰਮਾਨ ਦਿੱਤੇ ਜਾ ਰਹੇ ਸਨ। ਗੁਰਬਾਣੀ ਵਿਚੋਂ ਵੀ ਤੇ ਬਾਹਰੋਂ ਵੀ। ਨਾ ਸੁਣਨ ਵਾਲੇ ਚਾਹੁੰਦੇ ਸਨ ਤੇ ਨਾ ਵਾਰੇ ਵਾਲੇ ਹੀ ਚਾਹੁੰਦੇ ਸਨ ਪਰ ਆਖ਼ਰ ਭੋਗ ਤਾਂ ਪੈਣਾ ਹੀ ਸੀ।

ਵਾਰ ਦੇ ਭੋਗ ਤੋਂ ਬਾਦ ਅਸੀਂ ਲੰਗਰ ਛੱਕ ਰਹੇ ਸਾਂ ਕਿ ਪਰਬੰਧਕਾਂ ਵਿਚੋਂ ਇਕ ਸੱਜਣ ਨੇ ਮੈਨੂੰ ਪੁੱਛਿਆ,

"ਸੰਤ ਜੀ ਜੀਵਨ ਨਗਰੋਂ ਵਿਦਿਆਲੇ ਦੇ ਬੱਚਿਆਂ ਨਾਲ ਤੁਸੀਂ ਆਏ ਹੋ?"

"ਹਾਂ ਜੀ ਦੱਸੋ ਕੀ ਹੁਕਮ ਏ।"

"ਅਛਾ। ਸੰਤ ਜੀ ਆਪਣੇ ਜੱਥੇ ਨੂੰ ਨਾਲ ਲੈ ਕੇ ਔਹ ਪਰਬੰਧਕੀ ਤੰਬੂ ਅੱਗੇ ਆ ਜਾਓ ਤੁਹਾਨੂੰ ਸੇਵਾ ਬਾਰੇ ਦੱਸਣਾ ਹੈ।"

ਪਰਬੰਧਕਾਂ ਨੇ ਸਾਨੂੰ ਦੱਸਿਆ ਕਿ ਜੋੜਿਆਂ ਸਾਈਕਲਾਂ ਤੇ ਟਰੈਕਟਰਾਂ, (ਕਾਰਾਂ ਓਦੋਂ ਹੈ ਹੀ ਨਹੀਂ ਸਨ) ਨੂੰ ਖਲਾਹਰਨ ਦਾ ਪਰਬੰਧ ਅਸਾਂ ਹੀ ਕਰਨਾ ਸੀ। ਟਿਕਟਾਂ ਦੀ ਬੋਰੀ ਵਲ ਇਸ਼ਾਰਾ ਕਰਦਿਆਂ ਇਕ ਪਰਬੰਧਕ ਨੇ ਆਖਿਆ, "ਔਹ



Namdhari Elibrary NamdhariElibrary@gmail.com



*ਉਸਤਾਦ ਹਰਭਜਨ ਸਿੰਘ* *ਗੁਰਦੇਵ ਸਿੰਘ ਸਰੋਦ*

ਲਵੋ ਟਿਕਟਾਂ। ਤੇ ਆਓ ਤੁਹਾਨੂੰ ਤੁਹਾਡੀ ਜਗਾਹ ਦੱਸੀਏ।"

"ਏਸੇ ਥਾਂ ਤੁਸਾਂ ਰਾਤ ਦਿਨ ਰਹਿਣਾ ਹੈ ਤੇ ਆਪਣਾ ਸੇਵਾ ਕਾਰਜ ਕਰਨਾ ਹੈ।"

ਅਸੀਂ ਅਪਣਾ ਕਾਰਜ-ਸਥਾਨ ਸੰਭਾਲਿਆ ਹੋਰ ਲੋੜੀਂਦੀਆਂ ਜ਼ਰੂਰਤਾਂ ਲਈ ਪਰਬੰਧਕਾਂ ਨੂੰ ਦੱਸਿਆ।

ਬੱਚੇ ਅੱਗੇ ਹੀ ਟਰੇਂਡ ਸਨ। ਕੋਈ ਅੜਚਨ ਪੇਸ਼ ਨਾ ਆਈ। ਕੁਝ ਬੱਚਿਆਂ ਨੂੰ ਛੱਡ ਕੇ ਸ਼ਾਮ ਦੇ ਦੀਵਾਨ ਵਿਚ ਸਤਿਗੁਰੂ ਜੀ ਦੇ ਦਰਸ਼ਨ ਕੀਤੇ।

ਨੇੜੇ ਦੂਰ ਦੀਆਂ ਸੰਗਤਾਂ ਪਹੁੰਚ ਰਹੀਆਂ ਸਨ ਤੇ ਮੇਲੇ ਦੀ ਰੌਣਕ ਪੈਰੋ ਪੈਰ ਵਧ ਰਹੀ ਸੀ।

ਏਸੇ ਤਰ੍ਹਾਂ ਅਸੀਂ ਵਾਰੀ ਵਾਰੀ ਸਤਿਗੁਰੂ ਜੀ ਦੇ ਦਰਸ਼ਨ ਵੀ ਕਰਦੇ ਰਹੇ ਤੇ ਮੇਲੇ ਦਾ ਆਨੰਦ ਵੀ ਮਾਣਦੇ ਰਹੇ। ਅਗਲੇ ਦਿਨ ਸ਼ਾਮ ਨੂੰ ਦੀਵਾਨ ਤੋਂ ਬਾਦ ਆਪ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਜਿਵੇਂ ਕਿ ਉਹ ਸਵੇਰੇ ਸ਼ਾਮ ਸਾਰੇ ਮੇਲੇ ਦਾ ਪਰਬੰਧ ਆਪ ਵੇਖਦੇ ਤੇ ਜ਼ਰੂਰੀ ਹਦੈਤਾਂ ਵੀ ਦੇਂਦੇ। ਨਾਲ ਮਹਾਰਾਜ ਬੀਰ ਸਿੰਘ, ਭਾਈ ਵਜੀਰ ਸਿੰਘ, ਸ. ਗੁਰਦੇਵ ਸਿੰਘ ਮਾਂਗਟ ਵੀ ਹੁੰਦੇ ਸਨ।

ਸਾਡੇ ਕੈਂਪ ਕੋਲ ਆਪ ਆਏ ਤਾਂ ਮੈਨੂੰ ਸੱਦ ਕੇ ਪੁਛਿਓ ਨੇ, "ਅਮਰੀਕ ਸਿੰਘ ਇਹ ਸਾਰਾ ਕੰਮ ਸੰਭਾਲ ਲੈਣਗੇ ਬੱਚੇ"।

"ਹਾਂ ਸੱਚੇ ਪਾਤਸ਼ਾਹ ਅਸੀਂ ਜ਼ਰੂਰ ਸੰਭਾਲਾਂਗੇ ਆਪ ਜੀ ਦੀ ਕਿਰਪਾ ਸਦਕਾ" ਮੇਰੇ ਬੋਲਣ ਤੋਂ ਪਹਿਲਾਂ ਹੀ ਗੁਰਭਜਨ ਸਿੰਘ ਨੇ ਕਹਿ ਦਿੱਤਾ।

ਹਾਂ ਬਈ ਤੇਰੇ ਤੋਂ ਤਾਂ ਬਹੁਤ ਕੰਮ ਲੈਣਾ ਏ।

ਸੱਚੇ ਪਾਤਸ਼ਾਹ ਨੇ ਜਿਵੇਂ ਭਵਿਖਤ ਵਾਕ ਉਚਾਰਨ ਕਰ ਦਿੱਤੇ। ਸਮਾਂ ਪਾ ਕੇ ਗੁਰਭਜਨ ਸਿੰਘ ਸਤਿਗੁਰਾਂ ਦਾ ਨਿੱਜੀ ਸਕੱਤਰ ਬਣਿਆ। ਦੂਸਰੇ ਦਿਨ ਸਵੇਰੇ ਵਾਰੇ ਵਿਚ ਐਲਾਨ ਹੋਇਆ ਕਿ ਰਾਤ ਨੂੰ ਕਵੀ ਦਰਬਾਰ ਹੋਵੇਗਾ। ਸਾਹਿਤ ਸਭਾ ਦੇ ਕਈ ਨਵੇਂ ਪੁਰਾਣੇ ਮੈਂਬਰ ਵੀ ਆਏ ਹੋਏ ਸਨ। ਰਾਤ ਨੂੰ ਜਮ ਕੇ ਕਵੀ ਦਰਬਾਰ ਹੋਇਆ। ਕਿਸੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਛੋੜੇ ਤੇ ਕਵਿਤਾ ਬੋਲੀ ਕਿਸੇ ਇਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਿਫਤਾਂ ਨੂੰ ਕਾਵਿ ਰੂਪ ਦਿੱਤਾ।

ਉਸਤਾਦ ਹਰਭਜਨ ਸਿੰਘ ਦੇ ਸਕੂਲੀ ਜਥੇ ਨੇ ਵੱਡ ਪ੍ਰਤਾਪੀ ਜੀ ਬਾਰੇ ਗੀਤ ਬੋਲਿਆ-

ਕਿਥੋਂ ਦਿਲਦਾਰ ਲੱਭੇ ਹੋਇਆ ਮਹੌਲਿਆ।
ਓਸ ਦਾ ਵਿਛੋੜਾ ਸਾਥੋਂ ਜਾਂਵਦਾ ਨ ਝੱਲਿਆ।

ਵੱਡ ਪ੍ਰਤਾਪੀ ਜੀ ਦੇ ਵਿਛੋੜੇ ਦਾ ਜ਼ਖਮ ਜਿਵੇਂ ਫੇਰ ਹਰਾ ਹੋ ਗਿਆ। ਫੇਰ ਇਹਨਾਂ ਹੀ ਬੱਚਿਆਂ ਕਵਾਲੀ ਦੀ ਗੀਤ ਨਾਲ ਇਹ ਕਵਿਤਾ ਗਾ ਕੇ ਪੜ੍ਹੀ।

ਗੁਰੂ ਪ੍ਰਤਾਪ ਸਿੰਘ ਜੀ ਦੀ ਨਿਰਾਲੀ ਸ਼ਾਨ ਵੇਖੀ ਏ।
ਉਹਦੇ ਦਰ ਮੁਰਦਿਆਂ ਅੰਦਰ ਸਰਕਦੀ ਜਾਨ ਵੇਖੀ ਏ।

ਸੰਗਤ ਚੁੱਪ ਸੀ ਪਰ ਮਸਤਾਨੇ ਹਾਲੋਂ ਬੇਹਾਲ ਹੋਏ ਪਏ ਸਨ। ਸਭ ਦੀਆਂ ਅੱਖਾਂ ਨਮ ਸਨ। ਰਾਤ ਇਕ ਵਜੇ ਤੱਕ ਕਵੀ ਦਰਬਾਰ ਚੱਲਿਆ। ਬੱਚਿਆਂ ਦੀਆਂ ਮਿੱਠੀਆਂ ਆਵਾਜ਼ਾਂ ਨਾਲ ਸੰਗਤ ਸਰਸ਼ਾਰ ਹੋਈ ਅੱਖਾਂ ਪੂੰਝਦੀ ਇਹਨਾਂ



Namdhari Elibrary NamdhariElibrary@gmail.com

ਬੱਚਿਆਂ ਵਲ ਮੁੜ ਮੁੜ ਕੇ ਵੇਖ ਰਹੀ ਸੀ।

ਤੀਸਰਾ ਦਿਨ ਵੀ ਚੰਗਾ ਬੀਤਿਆ। ਸਾਰਾ ਦਿਨ ਬੱਚਿਆਂ ਨੂੰ ਇਕ ਪਲ ਵੀ ਵਿਹਲ ਨਾ ਮਿਲ ਸਕਿਆ। ਪਰ ਉਂਜ ਕੰਮ ਠੀਕ ਚਲ ਰਿਹਾ ਸੀ।

ਅੰਤਮ ਦਿਨ ਹੋਲੇ ਦਾ ਭੋਗ ਸੀ। ਕਈ ਅਨੰਦ ਕਾਰਜ ਹੋਏ ਤੇ ਅਖੀਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗਤਾਂ ਨੂੰ ਖਲੋ ਕੇ ਦਰਸ਼ਨ ਦਿੱਤੇ। ਆਸਨ ਤੇ ਬੈਠਦੇ ਪਹਿਲਾ ਭਾਸ਼ਨ ਸ਼ੈਦ ਏਥੇ ਹੀ ਦਿੱਤਾ ਜੋ ਕਰੀਬਨ ਏਸ ਤਰ੍ਹਾਂ ਸੀ "ਸਤਿਕਾਰਯੋਗ ਸਾਧ ਸੰਗਤ ਜੀ ਬੜੀ ਵੱਡੀ ਜ਼ਿੰਮੇਵਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮੈਨੂੰ ਸੌਂਪ ਗਏ ਹਨ। ਸਾਰੀ ਸੰਗਤ ਅਰਦਾਸ ਕਰੇ ਕਿ ਮੈਂ ਉਹਨਾਂ ਦੀ ਕਿਰਪਾ ਦੁਆਰਾ ਇਸਨੂੰ ਚੰਗੀ ਤਰ੍ਹਾਂ ਨਿਭਾ ਸਕਾਂ," ਜੋ ਵੀ ਮਾਈ ਭਾਈ ਏਥੇ ਆਏ ਨੇ ਕਿਰਪਾ ਕਰਕੇ ਨਾਮ ਸਿਮਰਨ ਕਰਦੇ ਹੀ ਘਰਾਂ ਤਕ ਜਾਓ। ਹਰ ਵੇਲੇ ਨਾਮ ਜਪੋ। ਇਕ ਘੰਟਾ ਤਾਂ ਜ਼ਰੂਰ ਹੀ ਕਰੋ, ਵੱਡੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਸੀ। ਇਕ ਘੰਟਾ ਨਾਮ-ਸਿਮਰਨ ਕਰਨ ਵਾਲੇ ਦਾ ਮੈਂ ਜ਼ੁੰਮੇਵਾਰ ਹਾਂ। ਸੋ ਨਿਕਾ ਜਿਹਾ ਕੰਮ ਕਰ ਕੇ ਤੁਸੀਂ ਇਕ ਵੱਡੀ ਜ਼ੁੰਮੇਵਾਰੀ ਸਤਿਗੁਰੂ ਜੀ ਤੇ ਪਾ ਸਕਦੇ ਹੋ। ਅੱਛਾ-ਸਾਰਿਆਂ ਨੂੰ ਸਤਿ ਸ੍ਰੀ ਅਕਾਲ।

ਸੰਗਤ ਵਿਚੋਂ ਜੈਕਾਰਿਆਂ ਦੀ ਆਵਾਜ਼ ਆਕਾਸ਼ਾਂ ਤਕ ਗੂੰਜ ਰਹੀ ਸੀ। ਭੋਗ ਪੈ ਗਿਆ ਤੇ ਸੰਗਤ ਆਪਣ ਆਪਣੇ ਠਿਕਾਣੇ ਤੇ ਜਾਣ ਲਈ ਜਾ ਰਹੀ ਸੀ ਧਿਆਨ ਸਭ ਦਾ ਪਿਛਾਂ ਵਲ ਹੀ ਸੀ।

ਏਸ ਮੇਲੇ ਵਿਚ ਬਿਜਲੀ ਦਾ ਸਾਰਾ ਪਰਬੰਧ ਸ. ਗੁਰਦੇਵ ਸਿੰਘ ਮਾਂਗਟ ਤੇ ਸ. ਗੁਰਚਰਨ ਸਿੰਘ ਕਾਕਾ ਕਰ ਰਹੇ ਸਨ, ਮੈਨੂੰ ਇਹ ਯਾਦ ਨਹੀਂ ਰਿਹਾ ਕਿ ਜੈਨਰੇਟਰ ਕਾਹਦੇ ਨਾਲ ਚਲਦਾ ਸੀ, ਪਰ ਹੈਰਾਨਗੀ ਏਸ ਗੱਲ ਦੀ ਹੈ ਕਿ ਸਾਰੇ ਮੇਲੇ ਵਿਚ ਇਕ ਵੇਰਾਂ ਵੀ ਬਿਜਲੀ ਗਈ ਨਹੀਂ ਸੀ। ਅੱਜ ਤਾਂ ਬਿਜਲੀ ਆਉਂਦੀ ਘੱਟ ਏ ਪਰ ਆ ਕੇ ਜਾਂਦੀ ਬਹੁਤ ਜਲਦੀ ਏ।

ਸਾਰਾ ਸਾਮਾਨ ਪ੍ਰਬੰਧਕਾਂ ਨੂੰ ਸੰਭਾਲ ਕੇ ਬੱਚਿਆਂ ਦੀ ਇਕ ਵਾਰ ਫੇਰ ਹਾਜ਼ਰੀ ਲਾਈ ਤੇ ਘਰ ਵਾਪਸ ਜਾਣ ਲਈ ਤਿਆਰੀ ਕਰ ਲਈ, ਮੈਨੂੰ ਯਾਦ ਨਹੀਂ ਰਿਹਾ ਅਸੀਂ ਗੰਗਾ ਨਗਰ ਕਾਹਦੇ ਤੇ ਸਵਾਰ ਹੋ ਕੇ ਪਹੁੰਚੇ।

ਗੱਡੀ ਆਈ ਤੇ ਅਸੀਂ ਆਪਣੀ ਆਪਣੀ ਸੀਟ ਲੈ ਲਈ। ਗਾਰਡ ਨੇ ਵਿਸਲ ਮਾਰੀ ਤੇ ਗੱਡੀ ਚੱਲ ਪਈ ਵਾਪਸ ਹਨੂਮਾਨਗੜ੍ਹ ਨੂੰ। ਬੱਚੇ ਤਾਂ ਰਾਤ ਦੇ ਉਨੀਂਦੇ ਕਰਕੇ ਹੁੰਘਲਾਣ ਲੱਗੇ ਪਰ ਮੇਰੀ ਸੋਚ ਅੱਜ ਦੇ ਭਾਸ਼ਨ ਵੱਲ ਮੁੜ ਮੁੜ ਕੇ ਜਾ ਰਹੀ ਸੀ "ਜ਼ੁੰਮੇਵਾਰੀ" ਸ਼ਬਦ ਵਲ। ਇਹਨਾਂ ਸੱਚੇ ਪਾਤਸ਼ਾਹਾਂ ਤਾਂ ਜ਼ਿੰਮੇਵਾਰੀ ਬਹੁਤ ਚਿਰ ਦੀ ਸੰਭਾਲ ਲਈ ਸੀ। ਜਦੋਂ ੨੬ ਵਸਾਖ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਸਾਨੂੰ ਸਾਰਿਆਂ ਨੂੰ ਸੱਦ ਕੇ ਕੱਠਿਆਂ ਕਰਕੇ ਹੁਕਮ ਕੀਤਾ ਸੀ, "ਸਾਧ ਸੰਗਤ ਜੀ ਹੁਣ ਵੱਡੇ ਕਾਕੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਹੀ ਸਾਰਾ ਪ੍ਰਬੰਧ ਸੰਭਾਲਣਗੇ। ਜਿਹੜਾ ਇਹਨਾਂ ਦੇ ਕਹੇ ਵਿਚ ਨਹੀਂ ਰਹਿ ਸਕਦਾ ਉਹਨੂੰ ਖੁੱਲੀਆਂ ਛੁੱਟੀਆਂ ਨੇ।" ਇਹ ਸੁਣ ਕੇ ਅਸੀਂ ਸਾਰੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਇਕ ਦੂਜੇ ਵਲ ਵੇਖ ਰਹੇ ਸਾਂ ਤੇ ਆਉਂਦੇ ਸਮੇਂ ਵਿਚ ਵਰਤਨ ਵਾਲੇ ਭਾਣੇ ਦਾ ਅਨੁਮਾਨ ਲਾ ਰਹੇ ਸਾਂ ਸੂਬਾ ਵਰਿਆਮ ਸਿੰਘ ਮਾਲ ਵਾਲੇ ਨੇ ਤੇ ਆਪਣੀ ਭਰਵੀਂ ਆਵਾਜ਼ ਵਿਚ ਕਹਿ ਵੀ ਦਿੱਤਾ ਸੀ :

"ਸਾਧ ਸੰਗਤ ਜੀ ਕੋਈ ਭਾਣਾ ਵਰਤਨ ਵਾਲਾ ਜੇ। ਰਜ ਰਜ ਅੱਜ ਹੀ ਦਰਸ਼ਨ ਕਰ ਲਵੋ, ਭਾਣਾ ਵਰਤਨ ਵਾਲਾ ਜੇ!"

ਤੇ ਅੱਜ ਜਦੋਂ ਮੈਨੂੰ ਪੰਜਾਹ ਸਾਲ ਪਹਿਲਾਂ ਦੇ ਕੀਤੇ ਬਚਨ ਯਾਦ ਆਏ ਤਾਂ ਚਾਰ ਅੱਖਰਾਂ ਦੇ ਏਸ ਸ਼ਬਦ "ਜ਼ਿੰਮੇਵਾਰੀ" ਵਿਚੋਂ ਮੈਨੂੰ ਬਹੁਤ ਕੁਝ ਨਜ਼ਰ ਆਇਆ। ਪੱਕੀਆਂ ਸੜਕਾਂ ਆਪ ਬਣਾਨ ਦੀ ਜ਼ਿੰਮੇਵਾਰੀ, ਇਲਾਕੇ ਵਿਚ ਬਾਗ਼ ਲੁਆਣ ਦੀ ਜ਼ਿੰਮੇਵਾਰੀ, ਇਲਾਕੇ ਵਿਚੋਂ ਰੁਸਿਆਂ ਨੂੰ ਮਨਾਣ ਦੀ ਜ਼ੁੰਮੇਵਾਰੀ, ਨੀਵਿਆਂ ਨੂੰ ਓਚਿਆਣ ਦੀ ਜ਼ਿੰਮੇਵਾਰੀ, ਖੇਡਾਂ ਵਿਚ ਹਾਕੀ ਨੂੰ ਸਾਰੀ ਦੁਨੀਆ ਨੂੰ ਜਿਤਾਨ ਦੀ ਜ਼ੁੰਮੇਵਾਰੀ, ਇਲਾਕੇ ਵਿਚ ਵਿਦਿਆ ਪਸਾਰ ਦੀ ਜ਼ੁੰਮੇਵਾਰੀ ਰੁਲਦੇ ਖੁਲਦੇ ਬੱਚਿਆਂ ਨੂੰ ਫੜ ਕੇ ਵੱਡੇ ਵੱਡੇ ਉਸਤਾਦਾਂ ਕੋਲੋਂ ਉਸਤਾਦ ਬਣਾਨਾ ਵੀ ਤਾਂ ਏਸੇ ਜ਼ੁੰਮੇਵਾਰੀ ਵਿਚ ਹੀ ਸ਼ਾਮਲ ਹੈ। ਸ੍ਰੀ ਭੈਣੀ ਸਾਹਿਬ ਦੀ ਕਾਇਆ ਕਲਪ ਕਰਨੀ ਸ੍ਰੀ ਪ੍ਰਤਾਪ ਮੰਦਰ ਉਸਾਰਨਾ, ਰਾਮ ਮੰਦਰ ਦੀ ਮੁੜ ਉਸਾਰੀ ਹਰੀਮੰਦਰ ਦੀ ਮੁੜ ਉਸਾਰੀ, ਸੇਵਕਾਂ ਲਈ ਕੋਠੀਆਂ ਉਸਾਰਨੀਆਂ, ਜੰਗਲਾਂ 'ਚ ਬੈਠਿਆਂ ਨੂੰ ਵਿਸ਼ਾਲ ਬੰਗਲਿਆਂ ਵਿਚ ਬਿਠਾਣਾ। ਸ਼ਹੀਦੀ ਅਸਥਾਨ ਮਾਲੇਰਕੋਟਲਾ ਨੂੰ ਧਰਤੀ ਤੇ ਸਵਰਗ ਦਾ ਨਮੂਨਾ ਬਣਾਨਾ, ਲੁਧਿਆਣੇ ਅੰਮ੍ਰਿਤਸਰ ਦੇ ਸ਼ਹੀਦੀ ਅਸਥਾਨਾਂ ਦੀ ਸਥਾਪਣਾ ਕਰਨੀ ਇਸ ਸੁਭ ਕੁਝ ਵਿਚ ਚਾਰ ਅਖਰੇ ਸ਼ਬਦ ਜ਼ੁੰਮੇਵਾਰੀ ਦੀ ਹੀ ਝਲਕ ਪੈਂਦੀ ਹੈ। ਅੱਜ ਵੀ ਉਹ ਓਸ ਜ਼ਿੰਮੇਵਾਰੀ ਨੂੰ ਬੜੀ ਚੰਗੀ ਤਰ੍ਹਾਂ ਨਿਭਾ ਰਹੇ ਹਨ। ਅੱਜ ਵੀ ਪੰਥ ਦੀ ਨਵੀਂ ਨਵੀਂ ਉਸਾਰੀ ਵਿਚ ਉਹਨਾਂ ਦੀ ਜ਼ਿੰਮੇਵਾਰੀ ਦੀ ਵਚਨ-ਬੱਧਤਾ ਸਾਫ਼ ਨਜ਼ਰ ਆ ਰਹੀ ਹੈ।

ਸ਼ਾਲਾ ਹਜ਼ੂਰ ਇਹ ਵਚਨ ਬੱਧਤਾ-ਸਦਾ ਹੀ ਨਿਭਾਂਦੇ ਰਹਿਣ ਤਾਕਿ ਪੰਥ ਚੜ੍ਹਦੀ-ਕਲਾ ਦੇ ਰਸਤੇ ਤੇ ਚਲਦਾ ਰਹੇ।


Namdhari Elibrary NamdhariElibrary@gmail.com

# ਵੱਡਾ ਜੋਤਸ਼ੀ

*—ਤਾਰਾ ਸਿੰਘ ਅਨਜਾਣ*



ਸੁਰਜੀਤ ਆਪਣੇ ਪਿਤਾ ਦੇ ਮੂੰਹ ਵਲ ਬਿਟ ਬਿਟ ਤੱਕਣ ਲੱਗਾ। ਉਸਨੂੰ ਕਦੀ ਉਸਦੇ ਕਹੇ ਸ਼ਬਦ ਤੇ ਬੇਇਤਬਾਰੀ ਲੱਗਦੀ ਕਦੇ ਸੋਚਦਾ ਕਿ ਸ਼ਾਇਦ ਉਸਨੇ ਗ਼ਲਤ ਸੁਣਿਆ ਹੋਵੇ, "ਚਲ ਸੁਰਜੀਤ ਤੈਨੂੰ ਕਾਲਜ ਦਾਖ਼ਲ ਕਰਵਾ ਆਵਾਂ।"

ਗੱਲ ਇਹ ਨਹੀਂ ਕਿ ਉਹ ਪੜ੍ਹਨਾ ਨਹੀਂ ਸੀ ਚਾਹੁੰਦਾ। ਉਸਦੀ ਤਾਂ ਤਮੰਨਾ ਸੀ ਕਿ ਉਹ ਕਿ ਉਹ ਕਾਲਜ ਤੇ ਯੂਨੀਵਰਸਿਟੀ ਦੀ ਪੜ੍ਹਾਈ ਕਰੇ। ਓਹ ਇਤਿਹਾਸ ਦੀ ਡਿਗਰੀ ਹਾਸਲ ਕਰੇ ਤੇ ਨਾਮਧਾਰੀ ਇਤਿਹਾਸ ਬਾਰੇ ਖੋਜ ਕਰਕੇ ਉਸਨੂੰ ਉਜਾਗਰ ਕਰੇ। ਉਸਨੂੰ ਪਤਾ ਸੀ ਕਿ ਇਸ ਸਬੰਧੀ ਉਹ ਨਿੱਝਕ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕਰ ਸਕਦਾ ਸੀ ਤੇ ਉਹ ਪਰਵਾਨਗੀ ਵੀ ਦੇ ਸਕਦੇ ਸਨ। ਪਰ ਡੁੱਬੀ ਤਾਂ ਜੇ ਸਾਹ ਨਾ ਆਇਆ। ਉਸ ਦੇ ਪਿਤਾ ਸ. ਨਾਮਾ ਸਿੰਘ ਨੇ ੧੯੬੩ ਵਿਚ ਹਾਇਰ ਸੈਕੰਡਰੀ ਪਾਸ ਕਰਦਿਆਂ ਹੀ ਉਸ ਨੂੰ ਪੜ੍ਹਨੋਂ ਹਟਾ ਲਿਆ ਸੀ। ਭਾਵੇਂ ਉਸ ਦੇ ਨੰਬਰ ਬਹੁਤ ਚੰਗੇ ਆਏ ਸਨ ਪਰ ਪਿਤਾ ਨੇ ਸਾਫ ਕਿਹਾ ਸੀ, "ਕਾਕਾ ਹੁਣ ਕੰਮ ਸਿਖ। ਤਖਾਣਾਂ ਦੇ ਪੁੱਤਾਂ ਲਈ ਏਨੀ ਪੜ੍ਹਾਈ ਬੜੀ ਏ। ਆਪਾਂ ਕਿਹੜਾ ਡੀ. ਸੀ. ਲੱਗਣਾ ਏ। ਨਾਲੇ ਮੇਰੀ ਸਮਰਥਾ ਤੈਨੂੰ ਪਤਾ ਏ। ਅਗਲੀਆਂ ਪੜ੍ਹਾਈਆਂ ਦੇ ਖਰਚਾਂ ਦਾ ਅੰਤ ਨਹੀਂ।" ਸੁਰਜੀਤ ਭਾਵੇਂ ਇਹ ਸੁਣ ਕੇ ਉਦਾਸ ਹੋ ਗਿਆ ਸੀ ਪਰ ਪਿਤਾ ਨੂੰ ਕੋਈ ਜਵਾਬ ਵੀ ਨਹੀਂ ਸੀ ਦੇ ਸਕਿਆ। ਉਸ ਨੂੰ ਪਤਾ ਸੀ ਓੜਕ ਬੱਚਾ ਮੂਲਿਆ ਤੂੰ ਹੱਟੀ ਬਹਿਣਾ ਤੇ ਘਾਹੀਆਂ ਦੇ ਪੁੱਤਾਂ ਘਾਹ ਹੀ ਖੋਤਣਾ ਏ ਵਾਂਗ ਉਸ ਦਾ ਭਵਿੱਖ ਵੀ ਬਾਕੀ ਰਾਮਗੜ੍ਹੀਆਂ ਦੇ ਮੁੰਡਿਆਂ ਵਰਗਾ ਸੀ।

ਉਸਨੇ ਆਲੇ ਦੁਆਲੇ ਝਾਤ ਮਾਰੀ, ਕੋਈ ਹੀ ਮਿਸਤਰੀਆਂ ਦਾ ਮੁੰਡਾ ਕਾਲਜ ਗਿਆ ਹੋਵੇਗਾ। ਬਹੁਤੇ ਤਾਂ ਸਤਵੀਂ, ਅਠਵੀਂ ਵਿਚੋਂ ਹੀ ਫੇਲ੍ਹ ਹੋ ਕੇ ਹੱਥ ਸਿੱਧੇ ਕਰਨ ਲੱਗ ਪਏ ਸਨ। ਕੋਈ ਸਾਈਕਲ ਮੁਰੰਮਤ ਕਰਨਾ ਸਿੱਖ ਰਿਹਾ ਸੀ, ਕੋਈ ਗੈਸਾਂ ਦੀ ਦੁਕਾਨ ਤੇ ਸੀ, ਕੋਈ ਕਿਸੇ ਖਰਾਦੀਏ ਕੋਲ ਕਾਲੇ ਮਲੇਸ਼ੀਏ ਦੇ ਕਪੜੇ ਪਾਈ ਸਿਖ ਰਿਹਾ ਸੀ। ਜਿਨ੍ਹਾਂ ਦੀ ਆਪਣੀ ਛੋਟੀ ਮੋਟੀ ਫਰਨੀਚਰ ਬਨਾਉਣ ਦੀ ਦੁਕਾਨ ਸੀ, ਉਹ ਓਥੇ ਹੀ ਤੇਸੇ ਨਾਲ ਸੱਕ ਲਾਹ ਰਿਹਾ ਸੀ। ਕਈ ਪੱਲੇ ਜੋੜੀ ਦਾ ਕੰਮ ਕਰ ਰਹੇ ਸਨ। ਜ਼ੋਰ ਤਾਂ ਲੱਗਦਾ ਹੀ ਸੀ ਖਾਸ ਕਰਕੇ ਜਦੋਂ ਪੱਕੀ ਲੱਕੜ ਰੰਦਣੀ ਪੈਂਦੀ ਸੀ। ਕਈ ਮੁੰਡੇ ਰਾਜਗਿਰੀ ਵਿਚ ਹੱਥ ਸਿੱਧੇ ਕਰ ਰਹੇ ਸਨ। ਉਹਨਾਂ ਨੂੰ ਬਹੁਤਿਆਂ ਹਥਿਆਰਾਂ ਦੀ ਲੋੜ ਨਹੀਂ ਸੀ ਹੁੰਦੀ। ਬਸ ਤੇਸੀ, ਕਾਂਡੀ, ਸਾਹਲ, ਸੂਤ, ਚਪਟੀ, ਲੈਵਲ ਨਾਲ ਗੁਜ਼ਾਰਾ ਚਲਦਾ ਸੀ ਪਰ ਸਾਰਾ ਦਿਨ ਧੁੱਪੇ, ਚੁਮਾਸੇ ਵਿਚ ਬਹੁਤ ਬੁਰਾ ਹਾਲ ਹੁੰਦਾ ਸੀ। ਫਿਰ ਕੰਮ ਵੀ ਦੂਰ ਨੇੜੇ ਸੀ। ਸੁਰਜੀਤ ਆਪਣੇ ਪਿਤਾ ਨਾਲ ਸਲਾਹ ਮੇਲ ਕੇ ਖਰਾਦ ਦਾ ਕੰਮ ਸਿਖਣ ਲੱਗ ਗਿਆ ਤੇ ਛੇਤੀ ਹੀ ਸ਼ੇਪਰ ਉਤੇ ਵੀ ਉਸਨੇ ਹੱਥ ਸਿੱਧੇ ਕਰ ਲਏ। ਪਰ ਪੜ੍ਹਨ ਦੀ ਰੀਝ ਉਸਦੇ ਅੰਦਰ ਕੰਡੇ ਵਾਂਗ ਰੜਕਦੀ ਰਹੀ। ਉਹ ਕੰਮ ਤੋਂ ਫਲੈਰ ਘਰ ਆ ਕੇ ਕਿਤਾਬਾਂ ਪੜ੍ਹਣ ਦਾ ਸ਼ੌਕ ਪੂਰਾ ਕਰ ਲੈਂਦਾ ਸੀ। ਓਹ ਸੋਚਦਾ ਜੇ ਪੜ੍ਹ ਲੈਂਦਾ ਤਾਂ ਨਾਮਧਾਰੀਆਂ ਦਾ ਇਤਿਹਾਸ ਲਿਖਦਾ। ਜਿਵੇਂ ਉਸ ਬਿਨਾਂ ਨਾਮਧਾਰੀ ਇਤਿਹਾਸ ਲਿਖਿਆ ਹੀ ਨਹੀਂ ਸੀ ਜਾਣਾ। ਸਤਿਗੁਰਾਂ ਨੇ ਪਤਾ ਨਹੀਂ ਕਿਸ ਕੋਲੋਂ ਕੀਹ ਕੰਮ ਲੈਣਾ ਸੀ। ਨਾਲੇ ਨਾਮਧਾਰੀ ਸਿੱਖਾਂ ਵਿਚੋਂ ਤਰਨ ਸਿੰਘ ਵਹਿਮੀ, ਇੰਦਰ ਸਿੰਘ ਚਕਰਵਰਤੀ, ਬਿਸ਼ਨ ਸਿੰਘ ਹਿਸਟੋਰੀਅਨ, ਪ੍ਰੀਤਮ ਸਿੰਘ ਕਵੀ ਤੇ ਮਾਸਟਰ ਨਿਹਾਲ ਸਿੰਘ ਕੋਈ ਘੱਟ ਸਿਆਣੇ ਲਿਖਾਰੀ ਸਨ ਜੋ ਉਸ ਅਠਾਰਾਂ ਵੀਹ ਸਾਲ ਦੇ ਉਤੇ ਗੁਣਾ ਪੈਂਦਾ। ਪਰ ਹਰ ਇਕ ਦੀ ਕੁਝ ਕਰਨ ਦੀ ਤਾਂ ਰੀਝ ਹੁੰਦੀ ਹੈ ਜੋ ਸੁਰਜੀਤ ਦੀ ਵੀ ਸੀ। ਖਰਾਦ ਤੇ ਕੰਮ ਕਰਦਾ ਵੀ ਕਈ ਵਾਰ ਓਹ ਏਸੇ ਸੋਚ ਵਿਚ ਡੁੱਬਾ ਰਹਿੰਦਾ। ਉਹ ਪੜ੍ਹੇਗਾ, ਪੁਰਾਣੀਆਂ ਲਿਖਤਾਂ ਖੋਜੇਗਾ, ਪੈਸੇ ਖਰਚ ਕੇ ਇਕੱਠੀਆਂ ਕਰਕੇ ਖੋਜ ਕਾਰਜ ਕਰੇਗਾ ਤੇ ਕਮਾਲ ਦੀ ਰਚਨਾ ਕਰੇਗਾ ਪਰ ਜਦ ਅਚਾਨਕ ਕੋਈ ਚਾਬੀ ਉਸ ਹੱਥੋਂ ਲੋਹੇ ਦੀ ਚਾਦਰ ਤੇ ਡਿੱਗ ਪੈਂਦੀ ਤਾਂ ਉਹ ਤ੍ਰਬਕ ਕੇ ਕੰਮ ਵਿਚ ਸਾਵਧਾਨ ਹੋ ਜਾਂਦਾ।

ਇਕ ਵਾਰ ਸੁਰਜੀਤ ਦਿੱਲੀ ਆਪਣੀ ਭੈਣ ਕੋਲ ਗਿਆ। ਉਸਦਾ ਜੀਜਾ, ਬਲਬ ਟਿਊਬਾਂ ਬਨਾਉਣ ਵਾਲੀ ਵੱਡੀ ਕੰਪਣੀ ਵਿਚ ਉਚੇ ਅਹੁਦੇ ਤੇ ਸੀ। ਉਹਨਾਂ ਘਰ ਕੋਈ ਤਿਲਕਧਾਰੀ ਆਇਆ ਹੋਇਆ ਸੀ। ਉਸਦੀ ਭੈਣ ਨੇ ਕਿਹਾ, "ਸੁਰਜੀਤ ਇਹ ਜੋਸ਼ੀ ਜੀ ਬਹੁਤ ਵੱਡੇ ਜੋਤਸ਼ੀ ਹਨ, ਇਹਨਾਂ ਨੂੰ ਹੱਥ ਵਿਖਾ।"



Namdhari Elibrary NamdhariElibrary@gmail.com

"ਭੈਣ ਮੈਨੂੰ ਨਹੀਂ ਲੋੜ। ਮੇਰੀਆਂ ਹੱਥ ਦੀਆਂ ਲਕੀਰਾਂ ਖਰਾਦਾਂ ਨੇ ਘਸਾ ਦਿੱਤੀਆਂ ਨੇ। ਨਾਲੇ ਇਹ ਕਿਹੜਾ ਲਕੀਰਾਂ ਬਦਲ ਸਕਦੇ ਨੇ।"

"ਬੇਟਾ ਹਮ ਭਾਗਯ ਵਿਧਾਤਾ ਨਹੀਂ। ਹਮ ਤੋਂ ਆਪਣੀ ਵਿਦਿਆ ਕੇ ਆਧਾਰ ਪਰ ਪੜ੍ਹ ਹੀ ਸਕਤੇ ਹੈਂ ਔਰ ਬਤਾ ਸਕਤੇ ਹੈਂ ਕਿ ਕੋਈ ਪ੍ਰੇਸ਼ਾਨ ਨਾ ਹੋ। ਜੋ ਮਿਲ ਰਿਹਾ ਹੈ ਉਸ ਪਰ ਸੰਤੋਸ਼ ਕਰੋ। ਕੋਈ ਉਪਾਏ ਹੋ ਤੋ ਵਹੁ ਭੀ ਬਤਾ ਦੇਤੇ ਹੈਂ, ਆਗੇ ਹਰੀ ਇੱਛਾ।" ਬੀ. ਆਰ ਜੋਸ਼ੀ ਨੇ ਆਪਣੀ ਗੱਲ ਕਹੀ।

ਨਾ ਚਾਹੁੰਦਿਆਂ ਹੋਇਆਂ ਤੇ ਜੋਤਸ਼ ਨੂੰ ਢਕੌਂਸਲਾ ਮੰਨਦਿਆਂ ਹੋਣ ਦੇ ਬਾਵਜੂਦ ਵੀ ਭੈਣ-ਭਣਵਈਏ ਦੇ ਕਿਹਾਂ ਸੁਰਜੀਤ ਨੇ ਪੰਡਿਤ ਜੀ ਅੱਗੇ ਹੱਥ ਕਰ ਦਿੱਤਾ। ਉਸਨੇ ਦੱਸਿਆ ਕਿ ਉਹ ਬਹੁਤ ਅਮੀਰ ਤਾਂ ਨਹੀਂ ਹੋਵੇਗਾ ਪਰ ਰੋਟੀ ਸੌਖੀ ਕਮਾ ਸਕੇਗਾ। ਪਰਿਵਾਰਕ ਜੀਵਨ ਸੁਖੀ ਰਹੇਗਾ। ਵਿਦੇਸ਼ ਜਾ ਕੇ ਟਿਕਾਣਾ ਬਣਾ ਸਕਦਾ ਹੈ।

ਸੁਰਜੀਤ ਨੇ ਸੋਚਿਆ, ਇਹ ਕੋਈ ਖਾਸ ਗੱਲ ਨਹੀਂ। ਸਾਰਾ ਦੁਆਬਾ ਬਾਹਰ ਬੈਠਾ ਹੈ, ਜਿਨ੍ਹਾਂ ਵਿਚ ਰਾਮਗੜ੍ਹੀਏ ਬਹੁਤ ਹਨ, ਸੋ ਜੋਤਸ਼ੀ ਨੇ ਤੁੱਕਾ ਲਾਇਆ ਹੈ।

"ਕੋਈ ਪ੍ਰਸ਼ਨ?"

"ਪੰਡਿਤ ਜੀ ਮੈਨੂੰ ਪੜ੍ਹਾਈ ਬਾਰੇ ਦੱਸੋ। ਅਗੋਂ ਪੜ੍ਹ ਸਕਾਂਗਾ ਕਿ ਨਹੀਂ?"

ਜੋਸ਼ੀ ਜੀ ਨੇ ਸਮਾਂ ਨੋਟ ਕੀਤਾ ਤੇ ਪ੍ਰਸ਼ਨ ਕੁੰਡਲੀ ਤਿਆਰ ਕੀਤੀ। ਉਹਨੂੰ ਬੜੇ ਗਹੁ ਨਾਲ ਪੜ੍ਹ ਕੇ ਉਂਗਲਾਂ ਤੇ ਜਮਾ ਘਟਾ ਕਰ ਕੇ ਕਹਿਣ ਲੱਗਾ,

"ਬੇਟਾ ਗੁੱਸਾ ਮਤ ਕਰਨਾ, ਮੈਨੇ ਜੋ ਹਿਸਾਬ ਲਗਾਇਆ ਹੈ, ਉਸ ਅਨੁਸਾਰ ਤੇਰੇ ਭਾਗਯ ਮੇਂ ਔਰ ਵਿਦਿਆ ਨਹੀਂ ਹੈ।"

ਸੁਰਜੀਤ ਨੂੰ ਇੰਜ ਲਗਾ ਜਿਵੇਂ ਉਸ ਬਿਜਲੀ ਦੀ ਨੰਗੀ ਤਾਰ ਨੂੰ ਛੂਹ ਲਿਆ ਹੋਵੇ। ਉਹ ਯਕਦਮ ਉਠ ਕੇ ਅੰਦਰ ਜਾ ਕੇ ਅੱਖਾਂ ਮਲਣ ਲੱਗ ਪਿਆ।

"ਸੁਰਜੀਤ ਕਿਓਂ ਪਰੇਸ਼ਾਨ ਹੁੰਦਾ ਹੈਂ। ਕੀ ਪੜ੍ਹੇ ਲਿਖੇ ਹੀ ਸੁੱਖ ਲੈਂਦੇ ਹਨ" ਭੈਣ ਨੇ ਆ ਕੇ ਉਸ ਦੇ ਮੋਢੇ ਤੇ ਹੱਥ ਰੱਖ ਕੇ ਕਿਹਾ।

ਉਹ ਵਾਪਸ ਫਲੌਰ ਆ ਗਿਆ ਪਰ ਉਸਨੂੰ ਚੈਣ ਨਹੀਂ ਸੀ। ਇਕ ਦਿਨ ਲੁਧਿਆਣੇ ਗਿਆ ਤੇ ਜੋਤਸ਼ ਦੀਆਂ ਕੁਝ ਕਿਤਾਬਾਂ ਖਰੀਦ ਲਿਆਇਆ। ਪਿਤਾ ਨੇ ਵੇਖ ਕੇ ਕਿਹਾ, "ਰੋਟੀ ਤਾਂ ਕੰਮ ਕਰਿਆਂ ਮਿਲਣੀ ਏ। ਕਿਤਾਬਾਂ ਕੁਝ ਨਹੀਂ ਦੇਣਾ। ਇਹ ਫਜ਼ੂਲ ਖਰਚਾ ਕਿਉਂ? ਉਹ ਚੁੱਪ ਰਿਹਾ।

ਸੁਰਜੀਤ ਕੰਮ ਤਾਂ ਮਿਹਨਤ ਤੇ ਧਿਆਨ ਨਾਲ ਕਰਦਾ ਪਰ ਘਰ ਆ ਕੇ ਜੋਤਸ਼ ਦੀਆਂ ਕਿਤਾਬਾਂ ਪੜ੍ਹਦਾ, ਕਿਹੜਾ ਉਸਦਾ ਵਿਆਹ ਹੋਇਆ ਸੀ। ਮਾਂ ਰੋਟੀ ਪਕਾ ਦੇਂਦੀ ਸੀ। ਖਾ ਕੇ ਮੌਜ ਕਰਦਾ ਸੀ। ਕੋਈ ਹੋਰ ਜ਼ੁੰਮੇਵਾਰੀ ਤਾਂ ਹੈ ਨਹੀਂ ਸੀ।

ਉਹ ਫਿਰ ਦਿੱਲੀ ਜਾ ਕੇ ਤੇ ਜਲੰਧਰੋਂ ਹੋਰ ਚੰਗੀਆਂ ਵੱਡੀਆਂ ਜੋਤਸ਼ ਦੀਆਂ ਕਿਤਾਬਾਂ ਖਰੀਦ ਕੇ ਗਹੁ ਨਾਲ ਪੜ੍ਹ ਕੇ ਆਪਣੀ ਜਨਮ ਕੁੰਡਲੀ ਦੇ ਆਧਾਰ ਤੇ ਜੋਤਸ਼ ਲਾ ਕੇ ਆਪਣੇ ਆਪ ਨੂੰ ਕਹਿਣ ਲੱਗਾ, "ਸੁਰਜੀਤ ਕੋਈ ਗ੍ਰੰਥ ਤੇਰੇ ਪੜ੍ਹਣ ਦਾ ਰਾਹ ਨਹੀਂ ਦਿੰਦਾ। ਨਾ ਹਸਤ ਰੇਖਾ ਗ੍ਰੰਥ, ਨਾ ਜਨਮ ਕੁੰਡਲੀ ਤੇ ਨਾ ਹੀ ਤਾਰਾ ਵਿਗਿਆਨ ਨਾਲ ਸੰਬੰਧਤ। ਸੋ ਬੰਦਾ ਬਣ ਕੇ ਕੰਮ ਨੂੰ ਚੰਬੜ ਜਾ ਤੇ ਘਰ ਵਸਾ ਕੇ ਜ਼ਿੰਦਗੀ ਗੁਜ਼ਾਰ।"

ਉਸਨੂੰ ਹੁਣ, ਪਿਤਾ ਦੇ ਵੀ ਪੜ੍ਹਣੋ ਉਠਾ ਲੈਣ ਤੇ ਗਿਲਾ ਨਹੀਂ ਸੀ। ਉਹ ਸਮਝ ਗਿਆ ਸੀ ਕਿ ਕਰਮਾਂ ਦੇ ਬਲੀਆ, ਰਿਧੀ ਖੀਰ ਤੇ ਹੋ ਗਿਆ ਦਲੀਆ। ਉਹ ਲੱਗ ਕੇ ਕੰਮ ਕਰਦਾ, ਛੁੱਟੀ ਵਾਲੇ ਦਿਨ ਫਿਰ ਤੁਰ ਕੇ ਮਿਲ ਗਿਲ ਕੇ ਸਮਾਂ ਕੱਟਦਾ ਕਦੀ ਦੀਵਾਨ ਸੁਨਣ ਗੁਰਦੁਆਰੇ ਚਲਾ ਜਾਂਦਾ ਤੇ ਬੱਸ।

"ਸੁਰਜੀਤ ਆ ਭੈਣੀ ਸਾਹਿਬ ਚਲੀਏ" ੧੯੬੫ ਵਿਚ ਇਕ ਦਿਨ ਇਕ ਮੁੰਡੇ ਨੇ ਆ ਕੇ ਖਰਾਦ ਤੇ ਖਲੋਤੇ ਨੂੰ ਕਿਹਾ।

"ਉਥੇ ਕੀ ਏ, ਮੇਲਾ ਤਾਂ ਕੋਈ ਹੈ ਨਹੀਂ।"

"ਨਹੀਂ, ਸਤਿਗੁਰੂ ਜੀ ਨੇ ਸਾਰੇ ਨੌਜਵਾਨਾਂ ਦਾ ਸੰਮੇਲਨ ਬੁਲਾਇਆ ਏ, ਨਾਲੇ ਦਰਸ਼ਨ ਕਰਾਂਗੇ, ਨਾਲੇ ਹਾਣੀਆਂ ਨੂੰ ਮਿਲ ਕੇ ਸਾਂਝਾਂ ਵਧਾਵਾਂਗੇ। ਦੇਸ਼ ਦੇ ਹੀ ਨਹੀਂ ਬਾਹਰੋਂ ਵੀ ਨੌਜਵਾਨ ਆਉਣਗੇ।"

ਤੇ ਸੁਰਜੀਤ ਆਪਣੇ ਪਿਤਾ ਕੋਲੋਂ ਇਜਾਜ਼ਤ ਲੈ ਕੇ ਸ੍ਰੀ ਭੈਣੀ ਸਾਹਿਬ ਚਲਾ ਗਿਆ। ਕਿਹੜਾ ਦੂਰ ਸੀ। ਘੰਟੇ-ਡੇਢ ਘੰਟੇ ਦਾ ਬਸ ਦਾ ਪੰਧ ਸੀ।

ਸ੍ਰੀ ਭੈਣੀ ਸਾਹਿਬ ਜਿਹੜਾ ਵੀ ਨੌਜਵਾਨ ਆਉਂਦਾ, ਸ੍ਰੀ ਸਤਿਗੁਰੂ ਜੀ ਉਸਨੂੰ ਬੜੀ ਅਪਨਤ ਨਾਲ ਬੁਲਾਉਂਦੇ, ਪਰਬੰਧਕਾਂ ਨੂੰ ਉਸਦੇ ਡੇਰੇ ਤੇ ਲੰਗਰ ਪਾਣੀ ਦਾ ਪ੍ਰਬੰਧ ਕਰਨ ਲਈ ਹੁਕਮ ਕਰਦੇ, ਉਸ ਦੇ ਸਫਰ ਦਾ ਹਾਲ ਚਾਲ ਪੁੱਛਦੇ ਤਾਂ ਉਸਦੀ ਥਕਾਵਟ ਲਹਿ ਜਾਂਦੀ। ਉਹ ਮੱਥਾ ਟੇਕ ਖੀਵਾ ਹੋ ਜਾਂਦਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਦੇ ਬਚਨ ਹੀ ਨਹੀਂ, ਮੁਸਕਰਾਹਟ ਤੇ ਤੱਕਣੀ ਵੀ ਕਮਾਲ ਦੀ ਸੀ। ਸਾਰੇ ਕੇਵਲ ਇਹ ਨਹੀਂ ਸਨ ਸਮਝਦੇ ਕਿ ਉਹ ਉਹਨਾਂ ਦੇ ਸਤਿਗੁਰੂ ਜੀ ਹਨ ਸਗੋਂ ਇਹ ਸਮਝਦੇ ਸਨ ਕਿ ਇਹ ਮੇਰਾ ਸਤਿਗੁਰੂ ਹੈ, ਮੇਰਾ ਕਿਨਾ ਧਿਆਨ ਰੱਖਦਾ ਹੈ।

ਮਰਿਯਾਦਾ, ਇਤਿਹਾਸ, ਪੰਥਕ ਗਤੀਵਿਧੀਆਂ ਬਾਰੇ



Namdhari Elibrary NamdhariElibrary@gmail.com

ਇਸ ੧੯੬੫ ਈ. ਦੇ ਪਹਿਲੇ ਵਿਦਿਅਕ ਸੰਮੇਲਨ ਵਿਚ ਬਹੁਤ ਸਾਰੀਆਂ ਵਿਚਾਰਾਂ ਹੋਈਆਂ। ਨਾਮਧਾਰੀ ਵਿਦਵਾਨਾਂ ਨੇ ਸ਼ੰਕੇ ਨਵਿਰਤ ਕੀਤੇ। ਕੋਈ ਗੱਲ ਅੜ ਜਾਂਦੀ ਤਾਂ ਸਤਿਗੁਰੂ ਖੁਦ ਕਿਰਪਾ ਕਰਦੇ।

ਸੱਚੇ ਪਾਤਸ਼ਾਹ, ਸਤਿਗੁਰੂ ਜੀ ਹਰ ਨੌਜਵਾਨ ਨੂੰ ਆਪਣੀ ਨਿਕਟਤਾ ਦਾ ਮਾਣ ਬਖਸ਼ਦੇ। ਕੁਝ ਪ੍ਰਸ਼ਨ ਪੁੱਛਦੇ ਜਿਵੇਂ, ਨਾਮਧਾਰੀ ਬਾਣਾ ਸਦਾ ਪਹਿਣਦਾ ਹੈਂ, ਸੋਧ ਰਖਦਾ ਹੈਂ, ਚਾਹ ਕਾੜ੍ਹੀ, ਕੋਕਾ ਕੋਲਾ ਪੀਂਦਾ ਏਂ ਆਦਿ। ਆਪ ਜੀ ਉਸਨੂੰ ਹੋਰ ਚੰਗਾ ਬਨਣ ਲਈ ਪ੍ਰੇਰਦੇ। ਉਹ ਪ੍ਰਵਾਨ ਕਰ ਕੇ ਜਾਂਦਾ ਕਿ ਕੀ ਛੱਡੇਗਾ, ਕੀ ਕਰ ਕੇ।

ਸੁਰਜੀਤ ਬੈਠਾ ਸੋਚ ਰਿਹਾ ਸੀ ਕਿ ਉਹ ਬਾਣਾ ਨਾਮਧਾਰੀ ਹੀ ਰੱਖਦਾ ਸੀ। ਅੰਮ੍ਰਿਤ ਵੇਲੇ ਨਾਮ ਸਿਮਰਨ ਕਰਦਾ ਸੀ। ਪੰਜ ਬਾਣੀਆਂ ਦਾ ਪਾਠ ਵੀ ਕਰਦਾ ਸੀ, ਸੋ ਸੱਚੇ ਪਾਤਸ਼ਾਹ ਜੀ ਤਾਂ ਉਂਜ ਹੀ ਖੁਸ਼ ਹੋਣਗੇ। ਸੋ ਮੈਂ ਕੁਝ ਮੰਗ ਲਾਂ ਗਾ ਜੇ ਖੈਰ ਪੈ ਜਾਏ।

ਉਸ ਦੀ ਵਾਰੀ ਆਈ। ਉਹ ਪੂਰੇ ਆਦਰ ਨਾਲ ਮੱਥਾ ਟੇਕ ਕੇ ਹੱਥ ਜੋੜ ਕੇ ਸਨਮੁਖ ਬੈਠ ਗਿਆ। ਪੁੱਛੀਆਂ ਗੱਲਾਂ ਦਾ ਉੱਤਰ ਦਿੱਤਾ ਤੇ ਅਰਜ਼ ਕੀਤੀ, "ਜੀ ਮੇਰੀ ਇਕ ਤਮੰਨਾ ਹੈ"

ਸੱਚੇ ਪਾਤਸ਼ਾਹ ਹੱਥ ਹਿਲਾਇਆ ਜਿਵੇਂ ਕਿਹਾ ਹੋਵੇ, "ਮੈਂ ਸੁਣਿਆ ਨਹੀਂ"।

"ਮੁੰਡਾ ਆਂਹਦਾ ਹੈ, ਮੇਰੀ ਇਕ ਤਮੰਨਾ ਹੈ, ਤੁਸੀਂ ਕਹਿੰਦੇ ਹੋ ਸੁਣਿਆ ਨਹੀਂ," ਕੋਲੋਂ ਪੰਡਿਤ ਗੋਪਾਲ ਸਿੰਘ ਜੀ ਨੇ ਕਿਹਾ।

"ਨਾਮਧਾਰੀ ਬਾਣਾ ਰੱਖੇ। ਇਸਦੀਆਂ ਸਭ ਤਮਨਾਂ ਪੂਰੀਆਂ ਹੋਣਗੀਆਂ" ਸਤਿਗੁਰੂ ਜੀ ਵਿਗਸ ਪਏ।

ਫਿਰ ਵੀ ਸੁਰਜੀਤ ਨੇ ਕਿਹਾ, "ਜੀ ਮੈਂ ਪੜ੍ਹਨਾ ਚਾਹੁੰਦਾ ਹਾਂ।"

"ਕਾਕਾ ਸਤਿਗੁਰੂ ਜੀ ਤਾਂ ਸਭ ਤਮਨਾ ਪੂਰੀਆਂ ਕਰ ਰਹੇ ਹਨ। ਬਚਨ ਮਨ, ਮੱਥਾ ਟੇਕ, ਜਾਹ ਤੇ ਮੌਜਾਂ ਕਰ", ਪੰਡਿਤ ਜੀ ਨੇ ਕਿਹਾ

ਸੁਰਜੀਤ ਉਠਿਆ ਝੋਲੀਆਂ ਭਰ ਕੇ। ਉਸਦੇ ਪੈਰ ਭੁੰਜੇ ਨਾ ਲੱਗਣ। ਉਹ ਘਰ ਆ ਗਿਆ। ਜੂਨ ਦੇ ਦਿਨ ਸਨ। ਉਹ ਖਰਾਦ ਤੇ ਖਲੋਤਾ ਸੋਚਣ ਲੱਗਾ ਕਰਮਾਂ ਵਿਚ ਵਿਦਿਆ ਤਾਂ ਹੈ। ਵੇਖੋ ਕਿਵੇਂ ਕਿਰਪਾ ਹੁੰਦੀ ਹੈ।

ਜੁਲਾਈ ਵਿਚ ਸਵੇਰੇ ਨਿਤਨੇਮ ਕਰਕੇ, ਇਕ ਦਿਨ ਉਹ ਆਪਣੇ ਪਿਤਾ ਸ. ਨਾਮਾ ਸਿੰਘ ਕੋਲ ਆ ਕੇ ਬੈਠਾ ਹੀ ਸੀ ਕਿ ਉਸ ਕਿਹਾ "ਕੀ ਕਰਨਾ ਹੁੰਦਾ ਏ?

"ਜੀ ਖਰਾਦ ਤੇ ਸ਼ੇਪਰ ਤੇ ਕੰਮ ਕਰਨਾ"

"ਕੰਮ ਤਾਂ ਸਾਰੀ ਉਮਰ ਕਰਨਾ ਹੈ, ਪੜ੍ਹਣ ਦੀ ਉਮਰ ਇਹੀ ਹੈ। ਮੈਂ ਗੱਲ ਕਰ ਲਈ ਹੈ, ਤਿਆਰ ਹੋ ਤੈਨੂੰ ਰਾਮਗੜ੍ਹੀਆ ਕਾਲਜ ਫਗਵਾੜੇ ਦਾਖਲ ਕਰਵਾ ਆਵਾਂ,"

ਉਹ ਬਿੱਟ ਬਿੱਟ ਤਕਣ ਲੱਗਾ। ਉਸਨੂੰ ਸੁੱਝੇ ਕੁਝ ਨਾ। ਖੁਸ਼ੀ ਵਿਚ ਅੱਖਾਂ ਸੇਜਲ ਹੋ ਗਈਆਂ। ਉਸਨੇ ਅੰਦਰ ਜਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਅੱਗੇ ਜਾ ਕੇ ਹੱਥ ਜੋੜ ਕੇ ਕਿਹਾ, "ਤੂੰ ਧੰਨ ਹੈਂ, ਤੇਰੇ ਬਚਨ ਅੱਗੇ ਸਭ ਜੋਤਸ਼ ਫੇਲ੍ਹ, ਤੂੰ ਵੱਡਾ ਜੋਤਸ਼ੀ। ਧੰਨ ਤੂੰ," ਉਹ ਤਿਆਰ ਹੋ ਕੇ ਪਿਤਾ ਨਾਲ ਫਗਵਾੜੇ ਦੀ ਬੱਸ ਵਿਚ ਬੈਠ ਗਿਆ।

*੧੨੦ ਫੇਜ਼-੨ ਅਰਬਨ ਅਸਟੇਟ*
*ਡੁਗਰੀ ਲੁਧਿਆਣਾ*

## ਗੁਰ ਪਰਉਪਕਾਰੀ

ਪਹਿਲੇ ਪਹਿਰ ਉਠ ਕੇ,
ਗੁਰ ਨਾਮ ਧਿਆਇਆ।
ਦੂਜੇ ਪਹਿਰ ਜਾਇ ਕੇ,
ਗੁਰ ਦਰਸ਼ਨ ਪਾਇਆ।
ਤੀਜੇ ਪਹਿਰ ਸਾਧ ਸੰਗਤ ਨੂੰ,
ਸੀਸ ਨਿਵਾਇਆ।
ਚੌਥੇ ਪਹਿਰ ਦੀਵਾਨ ਵਿਚ,
ਹਰੀ ਨਾਮ ਧਿਆਇਆ।
ਧੰਨ ਗੁਰੂ ਜਗਜੀਤ ਹੈ,
ਜਿਨ ਕਿਰਪਾ ਧਾਰੀ।
ਸੰਤ ਖ਼ਾਲਸਾ ਗੁਰੂ ਦਾ,
ਪੰਥ ਨਾਮਧਾਰੀ।
ਉਜਵਲ ਛਬੀ ਜਿਸ ਦੀ,
ਗੁਰ ਪਰਉਪਕਾਰੀ।
ਸਾਧ ਸੰਗਤ ਗੁਰਦੇਵ ਤੋਂ,
ਮੈਂ ਸਦ ਬਲਿਹਾਰੀ।
ਰਖੀਂ ਪੈਜ ਦਾਸ ਦੀ,
ਮੈਂ ਕੀਟ ਭਿਖਾਰੀ।
ਗੁਰੂ-ਘਰ ਦਾ ਮੰਗਤਾ,
ਗੁਰ ਵੱਡ ਉਪਕਾਰੀ।
ਗੁਰ ਦਾਤਾ ਗੁਣ ਨਿਧਾਨ,
ਹੈ ਕਲਾਧਾਰੀ,
ਮਸਤਕ ਉਤੇ ਹੱਥ ਧਰ,
ਗੁਰ ਪੈਜ ਸਵਾਰੀ

*—ਪ੍ਰੋ. ਕਿਰਪਾਲ ਸਿੰਘ ਕਸੇਲ*


Namdhari Elibrary NamdhariElibrary@gmail.com



# ਯੋਜਨਾ ਬਿਅੰਤ ਹੈ ਲਿਆਇਆ ਜਗਜੀਤ ਗੁਰ

ਯੋਜਨਾ ਅਨੇਕ ਲੈ ਕੇ ਆਇਆ ਜਗਜੀਤ ਗੁਰ
ਵੱਡ ਪ੍ਰਤਾਪੀ ਸਤਿਗੁਰੂ ਜੀ ਹੁਕਮ ਦੇ ਕੇ
ਨਾਮਧਾਰੀ ਪੰਥ ਲੜ ਲਾਇਆ ਜਗਜੀਤ ਗੁਰ
ਸਭ ਤੋਂ ਪਹਿਲਾਂ ਕੈਰੋਂ, ਜਿਹੇ ਦੂਰ ਹਟੇ ਲੀਡਰਾਂ ਨੂੰ
ਬਾਜੇ ਖਾਨੇ ਹੋਲੇ ਤੇ ਬੁਲਾਇਆ ਜਗਜੀਤ ਗੁਰ।
ਜੀਵਨ ਨਗਰ ਦੇ ਇਲਾਕੇ 'ਚ ਵਿਰੋਧੀਆਂ ਨੂੰ
ਗੁਰੂ ਘਰ ਵੱਲ ਪਰਤਾਇਆ ਜਗਜੀਤ ਗੁਰ।
ਰੇਤਲੇ, ਕੰਡਿਆਲੇ, ਖੜੌਂਪਿਆਂ ਦੇ ਰਾਹਾਂ ਉੱਤੇ
ਜਾਲ ਪੱਕੀ ਸੜਕਾਂ ਦਾ ਵਿਛਾਇਆ ਜਗਜੀਤ ਗੁਰ।
ਮਸਤਾਨ ਗੜ ਵਾਲੇ ਰਕਬੇ ਰਸਾਤਲੀ ਨੂੰ
ਟਰੈਕਟਰਾਂ ਦੇ ਨਾਪ ਪਧਰਾਇਆ ਜਗਜੀਤ ਗੁਰ।
ਟਿੱਬੇ ਵਾਲੇ ਬੇ ਅਬਾਦ ਖੂਹ ਤਾਈਂ ਭਾਗ ਲਾਇਆ
ਮਾਰੂਥਲ ਵਿਚ ਬਾਗ ਲਾਇਆ ਜਗਜੀਤ ਗੁਰ।
ਦੇ ਕੇ ਹੁਕਮ ਇਲਾਕੇ ਦੇ ਕਈ ਸਿਖਾਂ ਪਾਸੋਂ
ਕਿੰਨੂਆਂ ਤੇ ਅੰਗੂਰਾਂ ਨੂੰ ਲਵਾਇਆ ਜਗਜੀਤ ਗੁਰ।
ਕਾਰੋਬਾਰੀ ਲੋਕਾਂ ਨੂੰ ਦੇ ਉਤਸ਼ਾਹ ਭਾਰੀ
ਮਿੱਲਾਂ ਵਰਕਸ਼ਾਪਾਂ ਨੂੰ ਚਲਵਾਇਆ ਜਗਜੀਤ ਗੁਰ।
ਗੁਰੂ ਹਰੀ ਸਿੰਘ ਵਿਦਿਆਲੇ ਨਾਲ ਇਕ ਵਡਾ
ਕਾਲਜ ਵੀ ਬਣਵਾਇਆ ਜਗਜੀਤ ਗੁਰ।
ਦਰਜਨਾਂ ਹੀ ਜਗ੍ਯਾ ਵਰਨੀਆਂ ਨੂੰ ਚਾਲੂ ਕਰ
ਭਜਨ ਦਾ ਪ੍ਰਵਾਹ ਚਲਵਾਇਆ ਜਗਜੀਤ ਗੁਰ।
ਹਾਕੀ ਦੇ ਖਿਡਾਰੀ ਨਾਮਧਾਰੀ ਸਾਰੇ ਬੱਚਿਆਂ ਨੂੰ
ਨਾਮਧਾਰੀ ਵਰਦੀ 'ਚ ਰੁਸ਼ਨਾਇਆ ਜਗਜੀਤ ਗੁਰ।
ਨਰਸਰੀ ਸੰਗੀਤਕਾਰਾਂ ਯੁਵਕਾਂ ਦੀ ਬਣਾਉਣ ਹਿਤ
ਬਾਗ ਛੋਟੇ ਬੱਚਿਆਂ ਦਾ ਲਾਇਆ ਜਗਜੀਤ ਗੁਰ।
ਬੇ ਹਿਸਾਬ ਖਰਚ ਤੇ ਖੇਚਲਾਂ ਸਹਾਰ ਕਰ
ਸੰਗੀਤ ਸਿਖਿਆਰਥੀ ਅਪਨਾਇਆ ਜਗਜੀਤ ਗੁਰ।
ਆਓ ਭੈਣੀ ਸਾਹਿਬ ਦੀ ਤਕੀਏ ਨੁਹਾਰ ਅਜ
ਕਿਵੇਂ ਪ੍ਰੀਵਰਤਨ ਕਰਵਾਇਆ ਜਗਜੀਤ ਗੁਰ।
ਲੈ ਕੇ ਰਾਮ ਸਰ ਅਕਾਲ ਬੁੰਗੇ ਤਕ ਸਾਰਾ
ਨਕਸ਼ਾ ਆਧੁਨਿਕ ਬਦਲਾਇਆ ਜਗਜੀਤ ਗੁਰ।
ਨਵਾਂ ਰੂਪ ਲੰਗਰ ਤੇ ਬਿਧ ਸ਼ਾਲਾ ਤਾਈਂ ਦੇ ਕੇ
ਗਊਆਂ ਵਾਲਾ ਥਾਂ ਵੀ ਸਾਜਇਆ ਜਗਜੀਤ ਗੁਰ।
ਨੇਕ ਲੋੜਵੰਦਾਂ ਪਰਵਾਰਾਂ ਨੂੰ ਵਖ-ਵਖ ਘਰ ਦੇ ਕੇ
ਸ੍ਰੀ ਭੈਣ ਸਾਹਿਬ 'ਚ ਵਸਾਇਆ ਜਗਜੀਤ ਗੁਰ।
ਸ਼ਕਤੀ ਅਥਾਹ ਦੇ ਕੇ ਚੰਦ ਕੌਰ ਮਹਿਲਾਂ ਤਾਈਂ
ਨਵੀਆਂ ਉਸਾਰੀਆਂ ਕਰਵਾਈਆਂ ਜਗਜੀਤ ਗੁਰ
ਰਾਈਆਂ ਨਗਰ ਵਿਚ ਰਾਮ ਹਰੀ ਸਤਿਗੁਰੂ ਦਾ
ਜਨਮ ਅਸਥਾਨ ਰੁਸ਼ਨਾਇਆ ਜਗਜੀਤ ਗੁਰ।
ਜਪ ਪ੍ਰਯੋਗ ਨੂੰ ਅਖੰਡਤਾ ਦਾ ਰੂਪ ਦਿਤਾ।
ਸਦਾ ਬ੍ਰਤ ਭਜਨ ਦਾ ਵੀ ਲਾਇਆ ਜਗਜੀਤ ਗੁਰ।
ਸਵਾ ਲਖ ਪਾਠ ਗੁਰੂ ਦਰਸਨਾ ਲਈ ਜਾਰੀ ਰਖੇ
ਹੁਕਮ ਤਾਕੀਦੀ ਹੈ ਲਾਇਆ ਜਗਜੀਤ ਗੁਰ।
ਅਟਲ ਪ੍ਰਤਾਪੀ ਦੀ ਸਦੀਵੀਂ ਯਾਦ ਰਖਣ ਨੂੰ
ਸਿਮ੍ਰਤੀ ਮੰਦਰ ਚਮਕਾਇਆ ਜਗਜੀਤ ਗੁਰ।
ਗੁਰੂ ਪ੍ਰਤਾਪ ਅਕਾਡਮੀ ਨੂੰ ਜਾਰੀ ਕਰ
ਵਿਦਿਆ ਦਾ ਕੇਂਦਰ ਬਣਾਇਆ ਜਗਜੀਤ ਗੁਰ।
ਨਵੇਂ ਹੀ ਅਕਾਰ ਦਾ ਸਾਕਾਰ ਕੀਤਾ ਰਾਮ ਸਰ
ਅਠਵਾਂ ਅਜੂਬਾ ਇਹ ਦਿਖਾਇਆ ਜਗਜੀਤ ਗੁਰ।
ਗਿਣ ਕੋਈ ਸਕਦਾ ਨ ਚਲ ਰਹੀਆਂ ਯੋਜਨਾ ਜੋ
ਜਿਨ੍ਹਾਂ ਤਾਈਂ ਪ੍ਰਤੱਖ ਹੈ ਚਲਾਇਆ ਜਗਜੀਤ ਗੁਰ।
ਕਹਿਣਾ ਅਖੀਰ ਏਹੋ ਬਣ ਹਰਿ ਆਤਮਾ ਨੂੰ
ਯੋਜਨਾ ਬਿਅੰਤ ਹੈ ਲਿਆਇਆ ਜਗਜੀਤ ਗੁਰ।

*—ਸੰਤ ਆਤਮਾ ਸਿੰਘ ਸਨਖਤਰਾ*



Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ
## ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



ਸੁਰਜੀਤ ਸਿੰਘ ਜੀਤ ਸਤਿਗੁਰੂ ਜੀ ਦੀ ਹਜ਼ੂਰੀ ਵਿਚ

# ਜੱਗ ਦੀ ਜਿੱਤ

ਹੋਣੀ ਆਉਣ ਤੋਂ ਪਹਿਲਾਂ
ਉਸ ਦਾ ਸੁਆਗਤ ਕਰਾਂਗਾ ਮੈਂ।
ਤੜਫ ਤੜਫ ਮਰੇ
ਅਰਮਾਨ ਅੱਜ ਤੱਕ
ਵਿਚ ਸਕੂਨ ਦੇ ਮਰਾਂਗਾ ਮੈਂ।
ਗੁਰਬੱਤ ਵਿਚ ਗਰੀਬੀ ਦੀ ਸੱਟ ਖਾਧੀ
ਪਿਠ 'ਚ ਦੌਲਤ ਦੀ ਛੁਰੀ ਖਾਧੀ
ਹੁਣ ਆਰਾਮ ਨਾਲ ਮਰਾਂਗਾ ਮੈਂ।
ਰਹੀ ਹਰ ਤੜਫ, ਨਫਰਤ, ਨਿੰਦਿਆ
ਮੇਰੇ ਦੁਆਰੇ
ਅੰਤ ਸੰਤੋਖ ਨੂੰ ਆਂਗਣ ਕਰਾਂਗਾ ਮੈਂ।
ਇਹ ਵੀ ਕੋਈ ਜ਼ਿੰਦਗੀ ਸੀ
ਹਰ ਦੁੱਖ ਮੇਰੇ ਦੁਆਰੇ
ਵਸਲੇ ਯਾਰ ਜ਼ਰੂਰ ਕਰਾਂਗਾ ਮੈਂ।
ਨਾ ਯਾਰ ਮਿਲਿਆ,
ਨਾ ਖੁਦਾਈ ਮਿਲੀ
ਨਾ ਲੋਕਾਈ ਦਾ ਸੰਗ ਹੋਇਆ,
ਸਿਰਫ ਜੋ ਮਿਲੀ ਗੁਰੂ ਦੀ ਪ੍ਰੀਤ
ਪ੍ਰਤੀਤ ਨਾਲ ਦਿਲ ਭਰ ਮਰਾਂਗਾ ਮੈਂ।
ਆਖਰ ਸਬਰ, ਸੰਤੋਖ ਨੂੰ ਰੱਖ ਪੱਲੇ
ਸ਼ਰਧਾ, ਬੁੱਧੀ, ਗਿਆਨ ਸੱਚੀ ਪ੍ਰੀਤ ਨਾਲ
ਸ੍ਰੀ ਸਤਿਗੁਰੂ ਜੀ ਦਾ ਜੱਸ ਕਰਾਂਗਾ ਮੈਂ।

—ਸੁਰਜੀਤ ਸਿੰਘ ਜੀਤ

**South Asia Cultural Heritage Centre (U.K.)**
'The Sutlej' 36 Margery Park Road, Forest Gate, London E7 9JY
Tel/Fax: 020 8503 0692 , Mobile: 07985511095


Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

## ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀ ਛੱਤਰ ਛਾਇਆ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਵਰਿਆਮ ਦੇ ਵਿਸ਼ੇਸ਼ ਅੰਕ ਦੀਆਂ ਹਾਰਦਿਕ ਵਧਾਈਆਂ



# ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ

**ਸੁਖਦੇਵ ਸਿੰਘ 'ਸੰਧੂ'**
ਪ੍ਰਧਾਨ, ਪ੍ਰਬੰਧਕ ਕਮੇਟੀ।

**ਹਰਮੀਤ ਸਿੰਘ 'ਸੰਧੂ'**
ਚੇਅਰਮੈਨ, ਮਹਾਂਵਿਦਿਆਲਾ ਸੁਸਾਇਟੀ

**ਡਾ. ਬੂਟਾ ਸਿੰਘ 'ਵਿਰਕ'**
ਪ੍ਰਿੰਸੀਪਲ

**ਜਸਵੰਤ ਸਿੰਘ**
ਉਪ-ਪ੍ਰਧਾਨ, ਪ੍ਰਬੰਧਕ ਕਮੇਟੀ।

**ਰਛਪਾਲ ਸਿੰਘ**
ਜਨਰਲ ਸਕੱਤਰ, ਪ੍ਰਬੰਧਕ ਕਮੇਟੀ

**ਸਮੂਹ ਸਟਾਫ ਅਤੇ ਵਿਦਿਆਰਥੀ**



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ
ਛੱਤਰ ਛਾਇਆ ਦੇ ਪੰਜਾਹ ਸਾਲ
ਨਾਮਧਾਰੀ ਪੰਥ ਦੇ ਸਰਬ ਪੱਖੀ ਵਿਕਾਸ ਦਾ ਕਾਲ

ਵਧਾਈਆਂ ! ਵਧਾਈਆਂ !





ਜਥੇਦਾਰ ਸੇਵਾ ਸਿੰਘ ਨਾਮਧਾਰੀ
ਸਰਸਵਤੀ ਗਾਰਡਨ ਨਵੀਂ ਦਿੱਲੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ
ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ
ਅਵਸਰ ਤੇ ਹਾਰਦਿਕ ਵਧਾਈਆਂ





(ਸੰਤ) ਬਲਬੀਰ ਸਿੰਘ 'ਰਾਗੀ'
ਅਤੇ ਪਰਿਵਾਰ

ਬਸਤੀ ਬੂਰੇ ਖਾਂ, ਸੋਢਲ ਰੋਡ, ਜਲੰਧਰ।



Namdhari Elibrary NamdhariElibrary@gmail.com

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



ਗੁਰਦੀਪ ਸਿੰਘ ਪ੍ਰਧਾਨ ਪੰਜਾਬ ਕਾਨੂੰਗੋ ਐਸੋਸੀਏਸ਼ਨ, ਆਪਣੇ ਸਪੁੱਤਰ ਰਾਜਬੀਰ ਸਿੰਘ ਗਿੱਲ ਪਹਿਲਵਾਨ ਬਾਬਤ ਸਤਿਗੁਰੂ ਜੀ ਤੋਂ ਆਸ਼ੀਰਵਾਦ ਲੈਂਦੇ ਹੋਏ।



## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ

### ਦੀਪ ਸਿੰਘ ਸਕੱਤਰ

ਨਾਮਧਾਰੀ ਗੁਰਦੁਆਰਾ
ਬਸਤੀ ਬੂਰੇ ਖਾਂ, ਪ੍ਰੀਤ ਨਗਰ
ਸੋਡਲ ਰੋਡ, ਜਲੰਧਰ



Namdhari Elibrary NamdhariElibrary@gmail.com

# ਨਾਮਧਾਰੀ ਹਾਕੀ ਦੀ ਸੰਖੇਪ ਵਾਰਤਾ

*—ਰਛਪਾਲ ਸਿੰਘ*

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਦੇ ਸਾਰੇ ਪਹਿਲੂਆਂ ਦਾ ਵਰਣਨ ਕਰਨਾ ਸਮੁੰਦਰ ਨੂੰ ਕੁੱਜੇ ਵਿਚ ਪਾਉਣ ਦੇ ਬਰਾਬਰ ਹੈ, ਪਰ ਫਿਰ ਵੀ ਅਸੀਂ ਸ੍ਰੀ ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਕਾਲ ਵਿਚ ਖੇਡਾਂ ਦੇ ਖੇਤਰ ਵਿਚ ਹੋਈਆਂ ਸਫਲਤਾਵਾਂ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕਰਾਂਗੇ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਹੋਰ ਖੇਡਾਂ ਦੇ ਨਾਲ-ਨਾਲ ਹਾਕੀ, ਬੈਡਮਿੰਟਨ, ਰੱਸਾਕਸ਼ੀ ਅਤੇ ਵਾਲੀਬਾਲ ਵਿਚ ਵਿਸ਼ੇਸ਼ ਦਿਲਚਸਪੀ ਹੈ। ਹਾਕੀ ਪਹਿਲਾਂ ਸਤਿਗੁਰੂ ਜੀ ਆਪਣਾ ਸ਼ੌਕ ਪੂਰਾ ਕਰਨ ਲਈ ਆਪ ਹੀ ਆਪਣੇ ਸੇਵਕਾਂ ਨਾਲ ਖੇਡਦੇ ਰਹੇ, ਪਰ ਸੰਨ ੧੯੭੭ ਵਿਚ ਨਾਮਧਾਰੀ ਹਾਕੀ ਨੂੰ ਵਿਸ਼ਵ ਪੱਧਰ ਤੇ ਲਿਆਉਣ ਲਈ ਇਕ ਖਾਸ ਯੋਜਨਾ ਉਲੀਕੀ ਗਈ। ਇਸ ਯੋਜਨਾ ਅਧੀਨ ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸ੍ਰੀ ਜੀਵਨ ਨਗਰ (ਸਿਰਸਾ, ਹਰਿਆਣਾ) ਦੇ ੧੦-੧੨-ਸਾਲ ਦੇ ਲਗਭਗ ੨੦ ਲੜਕਿਆਂ ਦੀ ਚੋਣ ਕੀਤੀ ਗਈ। (ਵਰਣਨ ਯੋਗ ਹੈ ਕਿ ਇਹ ਸਾਰੇ ਲੜਕੇ ਕੇਵਲ ਦੋ ਪਿੰਡਾਂ ਜੀਵਨ ਨਗਰ ਅਤੇ ਸੰਤ ਨਗਰ ਦੇ ਹੀ ਸਨ) ਇਹਨਾਂ ਵਾਸਤੇ ਚੰਗੀ ਖੁਰਾਕ ਅਤੇ ਵਧੀਆ ਟਰੇਨਿੰਗ ਵਾਸਤੇ ਮਿਹਨਤੀ ਕੋਚਾਂ ਦਾ ਇੰਤਜ਼ਾਮ ਕੀਤਾ ਗਿਆ। ਕੋਚਾਂ ਦੀ ਮਿਹਨਤ ਬੱਚਿਆਂ ਦੀ ਲਗਨ ਅਤੇ ਸੱਚੇ ਪਾਤਸ਼ਾਹ ਜੀ ਦੀ ਬਖਸ਼ਿਸ਼ ਸਦਕਾ ਇਨ੍ਹਾਂ ਬੱਚਿਆਂ ਨੇ ਪਹਿਲਾ ਟੂਰਨਾਮੈਂਟ ਜਿੱਤਿਆ, ਜੋ ਮਿੰਨੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਦੇ ਨਾਂ ਤੇ ਜਲੰਧਰ ਵਿਚ ੧੯੭੯ ਵਿਚ ਹੋਇਆ ਸੀ ਅਤੇ ਜਿਸ ਵਿਚ ਦੇਸ਼ ਭਰ ਦੇ ਰਾਜਾਂ ਦੀਆਂ ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ ਸੀ।

ਇਸ ਵਧੀਆ ਸ਼ੁਰੂਆਤ ਤੋਂ ਬਾਅਦ ਫਿਰ ਇਸ ਟੀਮ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਸਬ ਜੂਨੀਅਰ ਤੋਂ ਬਾਅਦ ਜੂਨੀਅਰ, ਜੂਨੀਅਰ ਤੋਂ ਬਾਅਦ ਸੀਨੀਅਰ ਅਤੇ ਫਿਰ ਇੰਟਰਨੈਸ਼ਨਲ ਟੂਰਨਾਮੈਂਟ ਜਿੱਤ ਕੇ ਹਾਕੀ ਖੇਡ ਜਗਤ ਵਿਚ ਆਪਣੀ ਧਾਂਕ ਜਮਾਈ।

ਹਿੰਦੁਸਤਾਨ ਦੇ ਏ ਗ੍ਰੇਡ ਦੇ ਟੂਰਨਾਮੈਂਟਾਂ ਵਿਚ ਘੱਟ ਤੋਂ ਘੱਟ ਸੈਮੀਫਾਈਨਲ ਸਟੇਜ ਤੱਕ ਪਹੁੰਚਣਾ ਇਨ੍ਹਾਂ ਵਾਸਤੇ ਮਾਮੂਲੀ ਗੱਲ ਸੀ। ਇਨ੍ਹਾਂ ਵਿਚੋਂ ਬਹੁਤੇ ਤਾਂ ਦੋ-ਦੋ ਵਾਰ ਜਾਂ ਤਿੰਨ-ਤਿੰਨ ਵਾਰ ਜਿੱਤੇ ਵੀ ਸਨ ਜਿਵੇਂ :-

੧) ਮਹਾਰਾਜਾ ਰਣਜੀਤ ਸਿੰਘ ਗੋਲਡ ਕੱਪ, ਅੰਮ੍ਰਿਤਸਰ —ਦੋ ਵਾਰੀ
੨) ਸੰਜੇ ਗਾਂਧੀ ਮੈਮੋਰੀਅਲ ਹਾਕੀ ਟੂਰਨਾਮੈਂਟ, ਦਿੱਲੀ —ਤਿੰਨ ਵਾਰੀ
੩) ਲਾਲ ਬਹਾਦਰ ਸ਼ਾਸਤਰੀ ਹਾਕੀ ਟੂਰਨਾਮੈਂਟ, ਨਵੀਂ ਦਿੱਲੀ — ਇਕ ਵਾਰ
੪) ਅਬਦੁਲ ਗਫ਼ਾਰ ਖਾਨ ਹਾਕੀ ਟੂਰਨਾਮੈਂਟ, ਦਿੱਲੀ —ਇਕ ਵਾਰ
੫) ਕੰਵਰ ਦਿਗਵਿਜੇ ਸਿੰਘ ਬਾਬੂ ਮੈਮੋਰੀਅਲ ਹਾਕੀ ਟੂਰਨਾਮੈਂਟ, ਲਖਨਊ —ਇਕ ਵਾਰ
੬) ਇੰਦਰਾ ਗਾਂਧੀ ਗੋਲਡ ਕੱਪ, ਜੰਮੂ —ਇਕ ਵਾਰ
੭) ਗੁਰੂ ਨਾਨਕ ਦੇਵ ਹਾਕੀ ਗੋਲਡ ਕੱਪ, ਰਾਏਪੁਰ (ਐਮ. ਪੀ.) —ਇਕ ਵਾਰ
੮) ਬੰਬੇ ਗੋਲਡ ਕੱਪ, ਮੁੰਬਈ —ਇਕ ਵਾਰ
੯) ਸਰ ਸ਼ਾਦੀ ਲਾਲ ਹਾਕੀ ਟੂਰਨਾਮੈਂਟ, ਮੰਡੀ (ਹਿਮਾਚਲ ਪ੍ਰਦੇਸ਼) —ਤਿੰਨ ਵਾਰੀ
੧੦)ਆਲ ਇੰਡੀਆ ਹਾਕੀ ਗੋਲਡ ਕੱਪ ਗੋਰਖਪੁਰ (ਯੂ. ਪੀ) —ਦੋ ਵਾਰੀ
੧੧)ਸੀਨੀਅਰ ਨਹਿਰੂ ਹਾਕੀ ਟੂਰਨਾਮੈਂਟ, ਦਿੱਲੀ (ਕੇਵਲ ਸੈਮੀਫਾਈਨਲ ਤੱਕ —ਤਿੰਨ ਵਾਰੀ
੧੨)ਭਾਰਤ ਦਾ ਮਿੰਨੀ ਉਲੰਪਿਕ ਦੇ ਨਾਂ ਨਾਲ ਜਾਣਿਆ ਜਾਂਦਾ ਕਿਲ੍ਹਾ ਰਾਏਪੁਰ (ਲੁਧਿਆਣਾ) ਦਾ ਗੋਲਡ ਕੱਪ —ਦੋ ਵਾਰੀ

ਦੇਸ਼ ਵਿਚ ਆਪਣੀ ਲੋਕ ਪ੍ਰਿਅਤਾ ਦੀ ਅਤੇ ਕਲਾ ਦੀ ਧਾਂਕ ਜਮਾਉਣ ਤੋਂ ਬਾਅਦ ਸ੍ਰੀ ਉਦੇ ਸਿੰਘ ਜੀ ਨੇ ਸੰਨ ੧੯੮੯ ਵਿਚ ਟੀਮ ਦਾ ਯੂਰਪ ਦੇ ਦੌਰੇ ਦਾ ਪ੍ਰੋਗਰਾਮ ਬਣਾਇਆ, ਜਿਸ ਵਿਚ ਇੰਗਲੈਂਡ ਅਤੇ ਸਪੇਨ ਦੇ ਦੇਸ਼ ਸ਼ਾਮਿਲ ਸਨ। ਇਸ ਦੌਰੇ ਦੇ ਪ੍ਰੋਗਰਾਮ ਵਿਚ ਦੋ ਟੂਰਨਾਮੈਂਟ ਤੋਂ ਇਲਾਵਾ ਕੁੱਲ ੨੩ ਮੈਚ ਲੋਕਲ ਕਲੱਬਾਂ ਦੇ ਨਾਲ ਖੇਡੇ ਗਏ। ਇਨ੍ਹਾਂ ਟੂਰਨਾਮੈਂਟਾਂ ਵਿਚ ਇਕ ਟੂਰਨਾਮੈਂਟ ਸਤਿਗੁਰੂ ਪ੍ਰਤਾਪ ਸਿੰਘ ਮੈਮੋਰੀਅਲ ਹਾਕੀ ਟੂਰਨਾਮੈਂਟ, ਲੰਡਨ ਜਿੱਤੀ ਅਤੇ ੨੩ ਲੋਕਲ ਕਲਬਾਂ ਦੇ ਮੈਚਾਂ ਵਿਚੋਂ ਇਕ ਮੈਚ ਹਾਰਿਆ, ਇਕ


Namdhari Elibrary NamdhariElibrary@gmail.com

ਬਰਾਬਰ ਖੇਡਿਆ ਅਤੇ ਬਾਕੀ ੨੧ ਮੈਚ ਜਿੱਤੇ। ਸੰਨ ੧੯੯੧ ਵਿਚ ਹਾਕੀ ਟੀਮ ਦਾ ਕੀਨੀਆ ਦੇ ਦੌਰੇ ਦਾ ਪ੍ਰੋਗਰਾਮ ਬਣਾਇਆ ਗਿਆ, ਜਿਸ ਵਿਚ ਕੁਝ ਕੁ ਪ੍ਰਦਰਸ਼ਨੀ ਮੈਚਾਂ ਤੋਂ ਇਲਾਵਾ ਕੀਨੀਆ ਹਾਕੀ ਗੋਲਡ ਕੱਪ ਟੂਰਨਾਮੈਂਟ ਵਿਚ ਭਾਗ ਲਿਆ ਅਤੇ ਫਾਈਨਲ ਵਿਚ ਸ਼ੀਬਾ ਕਲੱਬ, ਨੈਰੋਬੀ ਨੂੰ ਹਰਾ ਕੇ ਟੂਰਨਾਮੈਂਟ ਜਿੱਤ ਲਿਆ।

ਨਾਮਧਾਰੀ ਹਾਕੀ ਟੀਮ ਦਾ ਇਕ ਮੈਂਬਰ ਦੀਦਾਰ ਸਿੰਘ ੧੯੯੨ ਦੀ ਬਾਰਸੀਲੋਨਾ ਉਲੰਪਿਕ ਵਾਸਤੇ ਚੁਣੀ ਗਈ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। ਸੰਨ ੧੯੯੨ ਵਿਚ ਹੀ ਟੀਮ ਦਾ ਦੂਜਾ ਯੂਰਪ ਦਾ ਦੌਰਾ ਰੱਖਿਆ ਗਿਆ ਜਿਸ ਵਿਚ ਇੰਗਲੈਂਡ, ਹਾਲੈਂਡ ਅਤੇ ਬੈਲਜੀਅਮ ਦੇ ਦੇਸ਼ ਸ਼ਾਮਿਲ ਸਨ। ਇਨ੍ਹਾਂ ਵਿਚ ਇੰਗਲੈਂਡ ਅਤੇ ਹਾਲੈਂਡ ਵਿਚ ਇਕ-ਇਕ ਟੂਰਨਾਮੈਂਟ ਖੇਡਿਆ ਗਿਆ ਅਤੇ ਬੈਲਜੀਅਮ ਵਿਚ ਤਿੰਨ ਮੈਚ ਖੇਡੇ ਗਏ। ਟੂਰਨਾਮੈਂਟਾਂ ਵਿਚ ਇੰਗਲੈਂਡ ਵਿਚ ਸਤਿਗੁਰੂ ਪ੍ਰਤਾਪ ਸਿੰਘ ਹਾਕੀ ਗੋਲਡ ਕੱਪ ਲੰਡਨ ਜਿੱਤਿਆ ਅਤੇ ਹਾਲੈਂਡ ਵਿਚ ਖੇਡੇ ਗਏ ਟੂਰਨਾਮੈਂਟ ਵਿਚ ਨਾਮਧਾਰੀ ਹਾਕੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਮੈਚਾਂ ਵਿਚ ਦੋ ਮੈਚ ਜਿੱਤੇ ਅਤੇ ਇਕ ਮੈਚ ਬਰਾਬਰ ਰਿਹਾ। ਇਸ ਟੀਮ ਨੇ ਸਿੱਖ ਮਰਿਆਦਾ ਵਿਚ ਰਹਿ ਕੇ ਏ ਕਲਾਸ ਹਾਕੀ ਖੇਡੀ ਅਤੇ ਸਾਰੇ ਸਿੱਖ ਜਗਤ ਵਿਚ ਨਾਮਧਾਰੀ ਪੰਥ ਦਾ ਸਤਿਕਾਰ ਹੋਰ ਵਧਾਇਆ। ਇਸ ਤੋਂ ਬਾਅਦ ਫਿਰ ਸ੍ਰੀ ਉਦੇ ਸਿੰਘ ਜੀ ਨੇ ਕਾਫੀ ਲੰਬੇ ਅਰਸੇ ਬਾਅਦ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਫਿਰ ਉਸੇ ਹੀ ਪੱਧਰ ਦੀ ਟੀਮ ਤਿਆਰ ਕਰਨ ਦਾ ਉਪਰਾਲਾ ਕੀਤਾ। ਸੰਨ ੧੯੯੭ ਵਿਚ ਨਾਮਧਾਰੀ ਹਾਕੀ ਅਕੈਡਮੀ, ਸ੍ਰੀ ਭੈਣੀ ਸਾਹਿਬ, ਲੁਧਿਆਣਾ ਕਾਇਮ ਕਰਕੇ ਫਿਰ ਲਗਭਗ ੩੦ ਕੁ ਬੱਚਿਆਂ ਦੀ ਚੋਣ ਕੀਤੀ ਅਤੇ ਮਿਹਨਤ ਸ਼ੁਰੂ ਕੀਤੀ।

ਇਨ੍ਹਾਂ ਬੱਚਿਆਂ ਨੇ ਵੀ ਬਹੁਤ ਥੋੜੇ ਸਮੇਂ ਵਿਚ ਹੀ ਵੱਡੀਆਂ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੰਨ ੨੦੦੦ ਵਿਚ ਹੀ ਪੰਜਾਬ ਸਟੇਟ ਸਕੂਲ ਜੂਨੀਅਰ ਹਾਕੀ ਪ੍ਰਤੀਯੋਗਤਾ ਅਤੇ ਰਮੇਸ਼ ਚੰਦਰ ਯਾਦਗਾਰੀ ਸਬ-ਜੂਨੀਅਰ ਹਾਕੀ ਟੂਰਨਾਮੈਂਟ ਜਲੰਧਰ ਜਿੱਤ ਲਈਆਂ ਹਨ। ਜਵਾਹਰ ਲਾਲ ਨਹਿਰੂ ਜੂਨੀਅਰ ਹਾਕੀ ਟੂਰਨਾਮੈਂਟ ਦਿੱਲੀ ਵਿਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸਬ-ਜੂਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਹੈਦਰਾਬਾਦ ਵਿਚ ਸੈਮੀਫਾਈਨਲ ਵਿਚ ਪ੍ਰਵੇਸ਼ ਕੀਤਾ। ਇਸ ਤੋਂ ਇਲਾਵਾ ਹਰਪਾਲ ਸਿੰਘ ਏਥਨਜ਼ (ਗਰੀਸ) ਉਲੰਪਿਕ ੨੦੦੪ ਵਾਸਤੇ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। ਇਸ ਨੂੰ ਫਿਰ ਪਾਕਿਸਤਾਨ ਦੇ ਵਿਰੁੱਧ ਭਾਰਤੀ ਟੀਮ ਵੱਲੋਂ ਅੱਠ ਮੈਚਾਂ ਦੀ ਟੈਸਟ ਲੜੀ ਖੇਡਣ ਦਾ ਮਾਣ ਵੀ ਪ੍ਰਾਪਤ ਹੋਇਆ। ਇਸੇ ਹੀ ਅਕੈਡਮੀ ਦੇ ਦੀਦਾਰ ਸਿੰਘ ਚੈਂਪੀਅਨ ਟਰਾਫੀ ੨੦੦੩ (ਹਾਲੈਂਡ) ਅਤੇ ਏਸ਼ੀਆ ਕੱਪ ੨੦੦੪ ਵਿਚ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ।

ਨਾਮਧਾਰੀ ਸਪੋਰਟਸ ਅਕੈਡਮੀ ਦੇ ਖਿਡਾਰੀ ਜੂਨੀਅਰ ਵਰਗ ਵਿਚ ਵੀ ਆਪਣਾ ਪੂਰਾ ਯੋਗਦਾਨ ਪਾ ਰਹੇ ਹਨ। ਅਜਮੇਰ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਬੰਗਲਾ ਦੇਸ਼ ਵਿਚ ਹੋਏ ਸਬ-ਜੂਨੀਅਰ ਏਸ਼ੀਆ ਕੱਪ ਵਿਚ ਭਾਰਤੀ ਟੀਮ ਦੇ ਮੈਂਬਰ ਹੋਣ ਦਾ ਮਾਣ ਪ੍ਰਾਪਤ ਕੀਤਾ। ਗੁਰਚਰਨ ਸਿੰਘ ਜੂਨੀਅਰ ਟੀਮ ਵਿਚ ਜੋ ਕਿ ਮਿਸਰ ਵਿਚ ਜੂਨੀਅਰ ਟੂਰਨਾਮੈਂਟ ਖੇਡਣ ਗਈ ਸੀ ਆਪਣਾ ਥਾਂ ਬਣਾਇਆ।

ਚੰਡੀਗੜ੍ਹ ਵਿਖੇ ਖੇਡੀ ਗਈ ੨੩ ਸਤੰਬਰ ਤੋਂ ੧ ਅਕਤੂਬਰ ੨੦੦੪ ਤੱਕ ਸੀਨੀਅਰ ਗੁਰਮੀਤ ਮੈਮੋਰੀਅਲ ਹਾਕੀ ਟੂਰਨਾਮੈਂਟ ਵਿਚ ਨਾਮਧਾਰੀ ਇਲੈਵਨ ਦੇ ਬੈਨਰ ਹੇਠ ਖੇਡ ਕੇ ਇਸ ਟੀਮ ਨੇ ਸੈਮੀਫਾਈਨਲ ਸਟੇਜ ਵਿਚ ਪ੍ਰਵੇਸ਼ ਕੀਤਾ ਅਤੇ ਨਾਮੀ ਪੰਜਾਬ ਪੁਲਿਸ ਦੀ ਟੀਮ ਤੋਂ ਮਾਤਰ ਇਕ ਗੋਲ ਨਾਲ ਹਾਰੀ।

ਇਸ ਟੀਮ ਨੂੰ ਪਹਿਲੀ ਟੀਮ ਦੇ ਪੱਧਰ ਤੋਂ ਵੀ ਉੱਚਾ ਚੁਕਣ ਦੇ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਉਮੀਦ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਇਹ ਟੀਮ ਜਲਦੀ ਹੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੱਲਾਂ ਮਾਰੇਗੀ।

ਜੁਲਾਈ ੨੦੦੭ ਵਿਚ ਕੈਲੀਫੋਰਨੀਆ (ਅਮਰੀਕਾ) ਵਿਖੇ CALI-CUP ਉਤੇ ਕਬਜ਼ਾ ਕਰਕੇ ਸਮੂਚੇ ਸਿੱਖ ਜਗਤ ਦਾ ਮਾਣ ਵਧਾਇਆ। ਪੂਰੀ ਗੁਰਸਿੱਖ ਮਰਿਆਦਾ ਵਿਚ ਰਹਿ ਕੇ ਖੇਡਣਾ ਵੀ ਸਾਰੇ ਸਿੱਖਾਂ ਵਾਸਤੇ ਇਕ ਮਾਣ ਵਾਲੀ ਗੱਲ ਹੈ।

ਹੁਣੇ ਹੁਣੇ ਜੁਲਾਈ, ੨੦੦੯ ਵਿਚ ਸਰੀ (ਕੈਨੇਡਾ) ਵਿਖੇ ਟੂਰਨਾਮੈਂਟ ਜਿੱਤ ਕੇ ਨਾਮਧਾਰੀ ਹਾਕੀ ਟੀਮ ਨੇ ਆਪਣੀਆਂ ਅੰਤਰਰਾਸ਼ਟਰੀ ਪ੍ਰਾਪਤੀਆਂ ਵਿਚ ਹੋਰ ਇਜ਼ਾਫਾ ਕੀਤਾ ਹੈ।

ਇਥੇ ਇਹ ਗੱਲ ਖਾਸ ਤੌਰ ਤੇ ਵਰਣਨ ਯੋਗ ਹੈ ਕਿ ਸ੍ਰੀ ਉਦੇ ਸਿੰਘ ਜੀ ਦੇ ਇਸ ਉਦਮ ਅਤੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੁਣ ਤਕ ਤਕਰੀਬਨ ਦਰਜਨ ਤੋਂ ਵਧ ਖਿਡਾਰੀ ਭਾਰਤੀ ਹਾਕੀ ਟੀਮ ਵਲੋਂ ਖੇਡ ਚੁੱਕੇ ਹਨ ਜਦਕਿ ਦੋ ਦਰਜਨ ਤੋਂ ਵਧ ਖਿਡਾਰੀ ਸਿਰਫ ਇਸ ਖੇਡ ਦਾ ਸਦਕਾ ਵਧੀਆ ਵਧੀਆ ਵਿਭਾਗਾਂ ਜਿਵੇਂ ਭਾਰਤ ਪੈਟਰੋਲੀਅਮ, ਇੰਡੀਅਨ ਆਇਲ, ਪੰਜਾਬ ਪੁਲਿਸ, ਹਰਿਆਣਾ ਪੁਲਿਸ ਅਤੇ ਆਇਲ ਐਂਡ ਨੇਚੁਰਲ-ਗੈਸ ਕਮਿਸ਼ਨ (ONGC), ਪੰਜਾਬ ਬਿਜਲੀ ਬੋਰਡ, ਏਅਰ ਇੰਡੀਆ ਅਤੇ ਇੰਡੋ-ਤਿਬਤ ਬਾਰਡਰ ਪੁਲੀਸ ਵਿਚ ਨੌਕਰੀਆਂ ਲੈ ਚੁੱਕੇ ਹਨ।


Namdhari Elibrary NamdhariElibrary@gmail.com

# Namdhari Hockey Team (Achievements)

Namdhari Hockey Academy was started in 1997 with the Blessings & Guidance of His Holiness Shri Satguru Jagjit Singh Ji, the spiritual head of Namdhari Sikhs.

The first team coming out of this coaching programme earned laurels in India and Europe with their performance and it was considered one of the best teams in the country. The Academy is coaching 70 Junior & Senior players who are playing the major All India Tournaments all over the country. All these players are sponsored by Namdhari Seeds.

Namdhari Hockey Academy is the first private organization to have its own Astro Turf in Sri Bhaini Sahib which is being used to train our players as well as to host National level Tournaments. This year one group of National Championship was organized by us on this Astro Truf. We also sponsored and organized Punjab Junior & Sub-Junior Championship.

In the last two years performance, the team has been note worthy in the Indian Hockey sector. Probably Namdhari Hockey Academy is producing maximum players at the National level players presently.

## Domestic Tournaments

Won The Gurmit Memorial Hockey Tournament held at Chandigarh in 2007

Won the Maharaja Ranjit Singh Hockey Tournament held at Delhi 2007

Won The Lal Bahadur Shastri Hockey Tournament held at Delhi in 2007

Runners-up in the Jawaharlal Nehru Hockey Tournament held at Delhi in 2007

Runners-up in the Scindia Gold Cup in 2007 & 2009

Got Third Place in the K.D. Singh Babu Hockey Tournament held at Lucknow in 2007 & 2009

## International Tournaments

In the year 2005, Namdhari Hockey Team played in Cal Cup where this was most popular team, we finished 3rd behind Argentina Champion Club.

In the year 2007 Namdhari Hockey Team played in Cal Cup and won the tournament.

In the year 2008, Namdhari Hockey Team played in Cal Cup and won the tournament.

Winners of Surrey Cup, 2009 held at Surrey, BC, CANADA



Namdhari Elibrary NamdhariElibrary@gmail.com

# Namdhari Seeds

Namdhari Seeds was formed by the inspiration and guidance of His Holiness Sri Satguru Jagjit Singh Ji, the Supreme Spiritual Head of Namdhari Sikhs. He has been showing the path of spiritualism, peace, vegetarianism, old traditional classical music and other activities for social reforms in the society for last many decades.

Namdhari Seeds was started by the leadership of (Thakur) Uday Singh Ji in 1985 at Urgahalli, Bidadi Hobli in Bangalore District for contract production of vegetable & flower seeds for export from India. In the due course of time, a separate division was created for Research & Development of hybrid vegetable seeds, suitable for India agro-climatic conditions. Later on Namdhari Seeds Pvt. Ltd., was formed for domestic marketing of developed products.

With the intensification of plant pathology wing in R & D Namdhari Seeds are breeding vegetable hybrids with multiple disease resistance. Apart from higher yield and disease resistance major efforts are being directed towards value addition in the form of bioaesthetics, keeping quality, taste etc.

Namdhari Seeds has also achieved considerable success in International market. Our joint venture Namdhari Malik Seed Company in Bangladesh has become a leader in vegetable seed industry. Our operations in Thailand are growing and we are expanding our product range with extensive research and marketing efforts. Our representatives have been successful in opening new avenues for our products in Vietnam, Indonesia and other South east Asian countries. Our latest efforts in Middle east and Egypt, Jordan, Saudi Arabia with superior products. We are breeding and testing our products in the Mediterranean countries and Eastern Europe besides Asia.

Namdhari Seeds Quality Control Laboratory has been accredited by International Seed Testing Association (ISTA)

Please visit www.namdhariseeds.com to know.



Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜੀ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਪ੍ਰਸਿਧ ਖਿਡਾਰੀ
ਸ. ਪਰਗਟ ਸਿੰਘ ਨਾਲ ਵਿਚਾਰ ਵਿਮਰਸ਼ ਕਰਦੇ ਹੋਏ।



ਸਰੀ ਕਪ-੨੦੦੯ (ਕੈਨੇਡਾ) ਜਿੱਤਣ ਤੋਂ ਬਾਅਦ ਟਰਾਫੀ ਦੇ ਨਾਲ ਨਾਮਧਾਰੀ ਹਾਕੀ ਟੀਮ।



Namdhari Elibrary NamdhariElibrary@gmail.com

## ਨਾਮਧਾਰੀ ਹਾਕੀ ਟੀਮ ਵਲੋਂ

### ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤਿ ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੋਂ ਕੋਟਿ ਕੋਟਿ ਪ੍ਰਨਾਮ



ਮਹਾਰਾਜਾ ਰਣਜੀਤ ਸਿੰਘ ਹਾਕੀ ਟੂਰਨਾਮੈਂਟ ਨਵੀਂ ਦਿੱਲੀ ੨੦੦੭
ਜਿੱਤਣ ਤੋਂ ਬਾਅਦ ਨਾਮਧਾਰੀ ਹਾਕੀ
ਟੀਮ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ।


Namdhari Elibrary NamdhariElibrary@gmail.com





ਨਾਮਧਾਰੀ ਸੀਡਜ਼ ਦੇ ਰਾਈਆਂ (ਨਜ਼ਦੀਕ ਸ੍ਰੀ ਭੈਣੀ ਸਾਹਿਬ)
ਸਥਿਤ ਫਾਰਮ ਤੇ ਸ. ਪ੍ਰਕਾਸ਼ ਸਿੰਘ ਬਾਦਲ,
ਮੁੱਖ ਮੰਤਰੀ ਪੰਜਾਬ ਨੂੰ ਜਾਣਕਾਰੀ ਦਿੰਦੇ ਹੋਏ
ਕੰਪਨੀ ਦੇ ਜਰਨਲ ਮੈਨੇਜਰ ਸ. ਰਛਪਾਲ ਸਿੰਘ



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਸੱਚੇ ਪਾਤਸ਼ਾਹ ਜੀ ਦੀ
ਛੱਤਰ ਛਾਇਆ ਦੇ ਪੰਜਾਹ ਸਾਲ
ਸੰਪੂਰਨ ਹੋਣ ਤੇ ਵਰਿਆਮ ਦੇ
ਵਿਸ਼ੇਸ਼ ਅੰਕ ਦੀਆਂ
ਹਾਰਦਿਕ ਵਧਾਈਆਂ



# NAMDHARI AGENCIES



**Balwinder Singh**

***Deals in :***
***Raddo Alloy,***
***Roots Micro Alloy,***
***Wheel, Horn, Wheel,***
***Duro Tyre, King Tyre***

(Ph.) 0181-5182605 (M) 98721-02817 (R) 0181-5014817
Shop No. 167, Namdhari Complex, Sehdev Market, Jalandhar City



Namdhari Elibrary NamdhariElibrary@gmail.com

# ਸੁਖ ਸਾਗਰੁ ਗੁਰਦੇਉ ਹੈ

—ਕੁਲਵੰਤ ਕੌਰ (ਕੁੱਕੂ)

ਬੀਬੀ ਕੁਲਵੰਤ ਕੌਰ, ਸਤਿਗੁਰੂ ਜੀ ਦੇ ਅਤਿ ਪਿਆਰੇ ਮਿੱਤਰ, ਸਖਾ ਸਿੱਖ ਸੇਵਕ ਸਵ. ਪ੍ਰੀਤਮ ਸਿੰਘ ਕਵੀ ਜੀ ਦੀ ਸਪੁਤਰੀ ਹਨ। ਕਵੀ ਜੀ ਅੰਤਲੇ ਸਮੇਂ ਸ੍ਰੀ ਭੈਣੀ ਸਾਹਿਬ ਹੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਰਹੇ। ਉਸ ਸਮੇਂ ਦੀਆਂ ਅਨਗਿਣਤ ਯਾਦਾਂ 'ਚੋਂ ਬੀਬੀ ਜੀ ਨੇ ਸੰਪਾਦਕ ਵਰਿਆਮ ਦੀ ਬੇਨਤੀ ਤੇ ਸੰਖੇਪ ਰੂਪ ਵਿਚ ਹੀ ਕੁੱਝ ਲਿਖਿਆ ਹੈ—

ਇਹ ਗੱਲ ੧੯੮੪ ਦੀ ਹੈ। ਜਦੋਂ ਇੰਦਰਾ ਗਾਂਧੀ ਦੇ ਮਰਨ ਉਪਰੰਤ ਦੰਗੇ ਹੋਏ ਸਨ। ਅਸੀਂ ੩੧ ਅਕਤੂਬਰ ਤੋਂ ਲੈ ਕੇ ੧੦ ਨਵੰਬਰ ਤੱਕ ਘਰ ਵਿੱਚ ਹੀ ਬੰਦ ਰਹੇ, ਤੇ ੧੧ ਤਾਰੀਖ ਨੂੰ ਥੋੜ੍ਹਾ ਮਹੌਲ ਸ਼ਾਂਤ ਹੋਇਆ ਤਾਂ ਹਵਾਈ ਜਹਾਜ਼ ਰਾਹੀਂ ਕੂੰਤਰ ਤੋਂ ਚੰਡੀਗੜ੍ਹ ਆ ਗਏ, ਮੈਂ ਤੇ ਮੇਰੇ ਤਿੰਨੋਂ ਬੱਚੇ, ਨਾਲ ਕਿਸਾਨ ਜੀ ਦਾ ਹੋਣ ਵਾਲਾ ਦਾਮਾਦ ਵੀ ਸੀ ਜੇਹੜਾ ਕਿ ਸਾਡੇ ਕੋਲ ਕੰਮ ਸਿੱਖਣ ਲਈ ਗਿਆ ਸੀ। ਸਾਨੂੰ ਆਪਣੇ ਪ੍ਰੀਵਾਰ ਨਾਲੋਂ ਉਸ ਦੀ ਜ਼ਿਆਦਾ ਚਿੰਤਾ ਸੀ, ਕਿਉਂਕਿ ਉਹ ਸਾਡੇ ਕੋਲ ਅਮਾਨਤ ਸੀ। ਅਸੀਂ ਬੜੇ ਡਰੇ ਤੇ ਭਰੇ ਮਨ ਨਾਲ, ਸਭ ਕੁਝ ਲੁਟਾ ਕੇ, ਸ੍ਰੀ ਭੈਣੀ ਸਾਹਿਬ ਲਈ ਤੁਰ ਪਏ ਸਾਂ। ਚੰਡੀਗੜ੍ਹ ਤੋਂ ਅਸੀਂ ਬੱਸ ਵਿਚ ਬੈਠ ਆਪਣੇ ਆਪ ਨੂੰ ਬੜਾ ਧੀਰਜ ਬੰਧਾ ਰਹੇ ਸਾਂ। ਪਰ ਜਿਵੇਂ-ਜਿਵੇਂ ਭੈਣੀ ਸਾਹਿਬ ਨੇੜੇ ਆ ਰਿਹਾ ਸੀ ਮੇਰਾ ਮਨ ਉਛਲ ਕੇ ਪੈ ਰਿਹਾ ਸੀ, ਬੜਾ ਆਪਣੇ ਆਪ ਨੂੰ ਰੋਕ ਕੇ ਰੱਖ ਰਹੀ ਸਾਂ, ਪਰ ਕਿਥੇ! ਏਹੋ ਜਹੇ ਸਮੇਂ ਇਹ ਰੁਕੇ ਹੀ ਨਾ।

ਦੁਪਹਿਰ ਦਾ ਨਿਤਨੇਮ ਹੋ ਰਿਹਾ ਸੀ ਜਦੋਂ ਅਸੀਂ ਪਹੁੰਚੇ। ਜਾ ਛੋਟੀ-ਛੋਟੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਪਰ, ਮਨ ਕਾਬੂ ਵਿਚ ਹੀ ਨਾ ਆਵੇ, ਦਿਲ ਕਰੇ ਚਰਨਾਂ ਤੇ ਸਿਰ ਰੱਖ ਕੇ ਰੱਜ ਕੇ ਰੋ ਲਵਾਂ, ਪਰ ਇਹ ਹੋ ਨਾ ਸਕਿਆ। ਫਟਾ-ਫਟਾ ਮੱਥਾ ਟੇਕ ਕੇ ਵਾਪਸ ਪੁਰਬਾ ਜੀ ਦੇ ਘਰ ਆ ਗਈ, ਗਰੀਬ ਨਿਵਾਜ ਜੀ ਨੇ ਦੇਖ ਲਿਆ ਸੀ। ਉਹਨਾਂ ਪੁਰਬਾ ਜੀ ਨੂੰ ਕਿਹਾ, ਕੂੰਤਰ ਤੋਂ ਗੁੱਡੀ ਆਈ ਹੈ, ਉਸ ਨੂੰ ਲੈ ਕੇ ਆਉ, ਉਸ ਨੂੰ ਪੁਛੀਏ ਉਥੇ ਕਿਤੇ ਜਾਨੀ ਨੁਕਸਾਨ ਤਾਂ ਨਹੀਂ ਹੋਏ।

ਮੈਂ ਕਾਕੇ ਨੂੰ ਲੈ ਸ੍ਰੀ ਚਰਨਾਂ ਵਿਚ ਹਾਜ਼ਰ ਹੋਈ, ਜਦੋਂ ਪਾਤਸ਼ਾਹ ਜੀ ਮੈਨੂੰ ਪੁੱਛਣ ਕੁਝ ਕਾਕਾ ਮੈਨੂੰ ਬੋਲਣ ਨਾ ਦੇਵੇ, ਕਿਉਂ ਕਿ ਉਸ ਨੇ ਉਹ ਸਾਰਾ ਮੰਜ਼ਰ ਦੇਖਿਆ ਸੀ, ਥੋੜ੍ਹੀ ਸੰਭਾਲ ਹੋਣ ਕਰਕੇ ਉਹ ਬਹੁਤ ਡਰ ਗਿਆ ਸੀ।

ਗਰੀਬ ਨਿਵਾਜ਼ ਜੀ ਹੁਕਮ ਕੀਤਾ ਇਸ ਨੂੰ ਸੌਂ ਜਾਣ ਦਿਉ ਫੇਰ ਗੱਲ ਕਰ ਲਵਾਂਗੇ। ਉਸ ਨੂੰ ਮੈਂ ਕਮਰੇ ਵਿਚ ਲਿਜਾ ਕੇ ਸੁਆ ਦਿੱਤਾ ਤੇ ਫੇਰ ਸਾਰੇ ਹਾਲਾਤ ਬਾਰੇ ਦੱਸਿਆ। ਹੁਕਮ ਹੋਇਆ ਫਿਕਰ ਨਹੀਂ ਕਰਨਾ, ਤੂੰ ਹੁਣ ਆਪਣੇ ਘਰ ਆ ਗਈ ਏਂ, ਤੇਰੇ ਪਿਤਾ ਜੀ ਠੀਕ-ਠਾਕ ਨੇ, ਹੁਣ ਉਹ ਤੇਰੇ ਨਾਨਕੇ ਗਏ ਨੇ, ਕਲ੍ਹ ਤੱਕ ਆ ਜਾਣਗੇ।

ਮੇਰੀ ਜਾਨ ਵਿਚ ਜਾਨ ਆਈ, ਕਿ ਸਾਡੇ ਘਰ ਸੱਭ ਠੀਕ-ਠਾਕ ਹੈ। ਅਗਲੇ ਦਿਨ ਹੀ ਪਿਤਾ ਜੀ ਆ ਗਏ, ਉਹ ਸਾਨੂੰ ਦੇਖ ਬੜੇ ਖੁਸ਼ ਹੋਏ ਕਿ ਮੇਰੇ ਬੱਚੇ ਸਹੀ ਸਲਾਮਤ ਨੇ, ਉਹਨਾਂ ਨੂੰ ਸੱਭ ਤੋਂ ਵਧ ਇਹ ਖੁਸ਼ੀ ਸੀ ਕਿ ਅਸੀਂ ਸ੍ਰੀ ਭੈਣੀ ਸਾਹਿਬ ਆ ਗਏ ਹਾਂ। ਕਹਿਣ ਲੱਗੇ ਚਲੋ ਮੇਰਾ ਫਿਕਰ ਮੁੱਕਾ ਕਿ ਤੂੰ ਸਹੀ ਟਿਕਾਣੇ ਆ ਲੱਗੀ ਏਂ।

ਸ੍ਰੀ ਸਤਿਗੁਰੂ ਜੀ ਨੇ ਬੜੀ ਕ੍ਰਿਪਾ ਕੀਤੀ ਕਿ ਸਾਡੇ ਵਰਗੇ ਅਨੇਕਾਂ ਪ੍ਰੀਵਾਰਾਂ ਨੂੰ ਆਪਣੇ ਸ੍ਰੀ ਚਰਨਾਂ ਨਾਲ ਲਾ ਰਖਿਆ। ਜਿੰਨੀ ਦੇਰ ਪੂਰੀ ਅਮਨ ਸ਼ਾਂਤੀ ਨਾ ਹੋਈ, ਤਦੋਂ ਤੱਕ ਸੱਭ ਪ੍ਰੀਵਾਰ ਸ੍ਰੀ ਭੈਣੀ ਸਾਹਿਬ ਹੀ ਰਹੇ।

ਮੇਰੇ ਤੇ ਮੇਰੇ ਬੱਚਿਆਂ ਤੇ ਵਿਸ਼ੇਸ਼ ਕ੍ਰਿਪਾ ਕਰਦੇ ਰਹੇ। ਜਦੋਂ ਬਾਹਰ ਜਾਣਾ ਫਾਰਮ ਤੇ, ਜਾਂ ਨਹਿਰ ਤੇ, ਤਾਂ ਸਾਨੂੰ ਆਗਿਆ ਹੋਣੀ ਨਾਲ ਚਲੋ। ਬੇਟੀਆਂ ਤਾਂ ਖੇਡਦੀਆਂ ਰਹਿੰਦੀਆਂ, ਪਰ ਕਾਕੇ ਦਾ ਮਨ ਨਹੀਂ ਸੀ ਲਗਦਾ ਸੋ ਪਾਤਸ਼ਾਹ ਜੀ ਦੇ ਨਾਲ ਫਾਰਮ ਤੇ ਚਲੇ ਜਾਣਾ। ਫਾਰਮ ਦੇ ਇਕ ਵਾਹਣ ਵਿਚ ਟਹਿਲਦਿਆਂ ਸਤਿਗੁਰੂ ਜੀ ਨੇ, ਸਾਡੇ ਨਾਲ ਆਏ ਡਾ. ਹਰਨਾਮ ਸਿੰਘ ਜੋ ਉਸ ਵੇਲੇ ਹਾਰਟੀਕਲਚਰ ਬਜ਼ੋਰਾ ਵਿਚ ਸਰਕਾਰੀ ਮੁਲਾਜ਼ਮ ਸਨ ਨੂੰ ਪੁਛਿਆ ਕਿ ਤੁਸੀਂ ਕਿਵੇਂ-ਕਿਵੇਂ ਆਏ। ਉਸਨੇ ਦਸਣਾ ਸ਼ੁਰੂ ਕਰ ਦਿਤਾ, ਕਿ ਇਹਨਾਂ ਕੋਲ ਤਾਂ ਉਸ ਵੇਲੇ ਪੈਸੇ ਦਾ ਕੋਈ ਇੰਤਜ਼ਾਮ ਨਹੀਂ ਸੀ। ਇਹਨਾਂ ਨੂੰ ਮੈਂ ਹੀ ਟਿਕਟਾਂ ਲੈ ਕੇ ਦਿੱਤੀਆਂ ਸਨ। ਹਜ਼ੂਰ ਨੇ ਪੁਛਿਆ ਕਿੰਨੇ ਪੈਸੇ ਲੱਗੇ ਟਿਕਟ ਤੇ, ਤਾਂ ਕਹਿਣ ਲੱਗੇ ਕੇ ਜੀ ਕੋਈ ੧੫੦੦ ਰੁਪੈ, ਹੋਰ ਵੀ ਬੜੇ ਬਚਨਬਿਲਾਸ ਕਰਦੇ ਰਹੇ। ਜਦੋਂ ਕੋਠੀ ਵਾਪਸ ਆਏ ਤਾਂ ਗਰੀਬ ਨਿਵਾਜ ਜੀ ਮੋਰ ਨੂੰ ਪ੍ਰਸਾਦਾ ਛਕਾਉਣ ਲਗ ਪਏ ਉਸ ਮੋਰ ਦੇ ਸਿਰ ਤੇ ਕਲਗੀ ਨਹੀਂ ਸੀ ਬਸ ਇਕ ਹੀ ਮਾੜੀ ਜਹੀ ਪੂੰਛੀ ਜਹੀ ਸੀ।

ਪਾਤਸ਼ਾਹ ਜੀ ਹੱਸ ਕੇ ਮੈਨੂੰ ਕਹਿੰਦੇ ਦੇਖ ਏਸਦੀ ਕਲਗੀ ਵੀ ਪਤਾ ਨਹੀਂ ਕੌਣ ਲੈ ਗਿਆ ਹੈ। ਤੂੰ ਫਿਕਰ ਨਾ ਕਰ ਸਭ ਠੀਕ ਹੋਏਗਾ। ਨਾਲ ਹੀ ਹੁਕਮ ਕੀਤਾ ਉਸ ਨੂੰ ੧੫੦੦ ਰੁਪੈ ਆਪਾਂ ਦੇ ਦਈਏ, ਮੈਂ ਪੁਰਬੇ ਨੂੰ ਕਹਿੰਦਾ ਹਾਂ। ਉਹ ਤੈਨੂੰ ਪੈਸੇ ਦੇ ਦੇਵੇ, ਜੇ ਉਹ ਪੁੱਛੇ ਤਾਂ ਮੇਰਾ ਜ਼ਿਕਰ ਨਹੀਂ ਕਰਨਾ,


Namdhari Elibrary NamdhariElibrary@gmail.com



*ਸਤਿਗੁਰੂ ਜਗਜੀਤ ਸਿੰਘ ਜੀ* *ਪ੍ਰੀਤਮ ਸਿੰਘ ਕਵੀ ਜੀ*

ਕਹਿਣਾ ਮੇਰੇ ਰਿਸ਼ਤੇਦਾਰ ਦੇ ਗਏ ਸਨ।

ਪਿਤਾ ਜੀ ਦੀ ਨੇੜਤਾ ਸਤਿਗੁਰੂ ਜੀ ਨਾਲ ਬਚਪਨ ਤੋਂ ਸੀ। ਇਹ ਨੇੜਤਾ ਦੇਖਣ ਦਾ ਅਵਸਰ ਮੈਂ ਉਹਨਾਂ ਦੇ ਪਿਛਲੇ ਦਿਨਾਂ ਵਿਚ ਨਾਲ ਰਹਿ ਕੇ ਦੇਖਿਆ ਜਦੋਂ ਸਤਿਗੁਰੂ ਜੀ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਲੈ ਆਏ। ਕਿੰਨਾ ਪਿਆਰ ਤੇ ਸਤਿਕਾਰ ਸਤਿਗੁਰੂ ਜੀ ਉਹਨਾਂ ਨੂੰ ਦੇਂਦੇ ਰਹੇ। ਸ਼ੁਰੂ ਸ਼ੁਰੂ ਵਿਚ ਆਇਆਂ ਨੂੰ ਹਾਲੇ ਤਿੰਨ ਚਾਰ ਦਿਨ ਹੀ ਹੋਏ ਸਨ, ਤਾਂ ਅਰਜ਼ ਕੀਤੀ ਕਿ ਗਰੀਬ ਨਿਵਾਜ ਜੀ ਮੈਂ ਘਰ ਚਲੇ ਜਾਵਾਂ? ਸਤਿਗੁਰੂ ਜੀ ਹੁਕਮ ਕੀਤਾ ਇਹ ਘਰ ਮੈਂ ਤੇਰੇ ਲਈ ਬਨਾਇਆ ਹੈ। ਇਸ ਨੂੰ ਚੁਕ ਕੇ ਲੈ ਜਾ ਤੇ ਚਲਾ ਜਾ। ਪਾਤਸ਼ਾਹ ਤਾਂ ਦਰਸ਼ਨ ਦੇ ਕੇ ਚਲੇ ਗਏ, ਮਗਰੋਂ ਬੜਾ ਪਛਤਾਵਾ ਲੱਗਾ ਕਿ, ਹੁਣ ਕੀ ਕਰਾਂ? ਇਹ ਮੈਂ ਠੀਕ ਨਹੀਂ ਕੀਤਾ। ਅਗਲੇ ਦਿਨ ਮੈਨੂੰ ਕਹਿਣ ਲਗੇ ਪੁੱਤਰ ਜੀ ਅੱਜ ਮੇਰੀ ਅਰਜ ਤੁਸੀਂ ਕਰੋ, ਮੈਂ ਤੇਰੇ ਭਰਾਵਾਂ ਨੂੰ ਮਿਲ ਆਵਾਂ ਉਹਨਾਂ ਨੂੰ ਰੋਂਦੇ ਛਡਕੇ ਆਇਆ ਹਾਂ।

ਸੋ ਅਗਲੇ ਦਿਨ ਮੈਂ ਅਰਜ਼ ਕੀਤੀ, ਤਾਂ ਹੁਕਮ ਹੋਇਆ ਇਹ ਤਾਂ ਠੀਕ ਹੋਇਆ ਨਾ, ਕਿ ਜਾ ਆਵਾਂ, ਰਛਪਾਲ ਨੂੰ ਹੁਕਮ ਹੋਇਆ ਕਿ ਕੱਲ ਕਵੀ ਜੀ ਨੂੰ ਦਿੱਲੀ ਭੇਜ ਦਿਉ, ਨਾਲ ਹੀ ਹੁਕਮ ਕੀਤਾ—ਆਉਣ ਦਾ ਬੰਦੋਬਸਤ ਨਾਲ ਹੀ ਕਰ ਦੇਣਾ ਕੋਈ ਮੁਸ਼ਕਲ ਨਾ ਆਵੇ।

ਸਤਿਗੁਰੂ ਜੀ ਏਸੇ ਤਰ੍ਹਾਂ ਉਹਨਾਂ ਨੂੰ ਬੜਾ ਪਿਆਰ ਸਨੇਹ ਦਿੰਦੇ ਰਹਿੰਦੇ ਸਨ। ਇਕ ਵਾਰੀ ਅਮਰੀਕਾ ਦੇ ਦੌਰੇ ਤੇ ਜਾਣਾ ਸੀ। ਰਾਤ ਨੂੰ ਕੋਈ ਅੱਠ ਕੁ ਵਜੇ ਦਰਸ਼ਨ ਦੇਣ ਆਏ ਤਾਂ, ਪਿਤਾ ਜੀ ਪ੍ਰਸ਼ਾਦ ਛੱਕ ਕੇ ਲੰਮੇ ਪੈ ਗਏ ਸਨ, ਮੈਨੂੰ ਪੁੱਛਿਆ ਕਵੀ ਜੀ ਸੌਂ ਗਏ।

ਮੈਂ ਕਿਹਾ ਨਹੀਂ ਜੀ ਹੁਣੇ ਆਪਣੇ ਕਮਰੇ ਵਿਚ ਗਏ ਨੇ, ਮੈਂ ਹੁਣੇ ਉਹਨਾਂ ਨੂੰ ਉਠਾਉਂਦੀ ਹਾਂ। ਕਹਿਣ ਲੱਗੇ ਨਹੀਂ ਮੈਂ ਆਪੇ ਉਠਾਵਾਂਗਾ। ਸਤਿਗੁਰੂ ਜੀ ਨੇ ਦੋਵਾਂ ਬਾਂਹਾਂ ਤੋਂ ਫੜ ਕੇ ਉਹਨਾਂ ਨੂੰ ਉਠਾ ਕੇ ਜੱਫੀ ਪਾ ਕੇ ਪਿਆਰ ਕੀਤਾ ਤੇ ਨਾਲ ਹੀ ਬਚਨ ਕੀਤਾ ਕਿ ਮੈਂ ਸਵੇਰੇ ਸਵਖਤੇ ਹੀ ਚਲੇ ਜਾਣਾ ਏ, ਸੋ ਤੁਹਾਨੂੰ ਮਿਲਣ ਆਇਆ ਹਾਂ।

ਦਰਸ਼ਨ ਦੇ ਕੇ ਹਾਲੇ ਰਛਪਾਲ ਜੀ ਦੇ ਘਰ ਕੋਲ ਹੀ ਗਏ ਸਨ ਕੇ ਫੇਰ ਵਾਪਸ ਆ ਗਏ, ਅੱਗੇ ਬਰਾਂਡੇ ਵਿਚ ਹਮਰਾਹੀ ਜੀ ਬੈਠੇ ਸਨ। ਉਹਨਾਂ ਨੂੰ ਹੁਕਮ ਹੋਇਆ ਕੇਹਰ, ਕਵੀ ਜੀ ਨੂੰ ਆਖੀਂ ਕੇ ਜਿੰਨੇ ਦਿਨ ਲਈ ਮੈਂ ਜਾ ਰਿਹਾ ਹਾਂ ਉਨੇ ਦਿਨ ਬਜ਼ੁਰਗਾਂ ਕੋਲ ਉਹ ਜਾਇਆ ਕਰਨ। ਅਗਲੇ ਦਿਨ ਜਦੋਂ ਉਠੇ ਨਾਸ਼ਤਾ ਪਾਣੀ ਛੱਕ ਕੇ ਬੈਠੇ ਤਾਂ ਮੈਨੂੰ ਕਹਿਣ ਲੱਗੇ ਪੁੱਤਰ ਜੀ ਚਲੋ, ਚਲੀਏ ਬਜ਼ੁਰਗਾਂ ਕੋਲ, ਤਾਂ ਮੈਂ ਕਿਹਾ ਤੁਸੀਂ ਚਲੇ ਜਾਉ ਤਾਂ ਕਹਿਣ ਲੱਗੇ ਤੂੰ ਵਾਹਵਾ ਗੱਲਾਂ ਕਰ ਲੈਂਦੀ ਹੈਂ, ਮੈਨੂੰ ਤਾਂ ਹੁਣ ਕੋਈ ਗੱਲ ਨਹੀਂ ਆਉਂਦੀ। ਉਹਨਾਂ ਦੀਆਂ ਸਤਿਗੁਰੂ ਜੀ ਪ੍ਰਤੀ ਯਾਦਾਂ ਤਾਂ ਬਹੁਤ ਨੇ, ਪਰ ਮੈਂ ਏਨੀਆਂ ਕੁ ਹੀ ਲਿਖੀਆਂ ਨੇ, ਬਾਕੀ ਫੇਰ ਸਹੀ।


Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਭਿੰਨ ਪਹਿਲੂ

*—ਗੁਰਸੇਵ ਸਿੰਘ ਢਿੱਲੋਂ*



ਪਿਆਰ ਦੇ ਸੋਮੇ, ਧੀਰਜ ਦੇ ਸਮੁੰਦਰ, ਨਿਮਰਤਾ ਦੇ ਸਾਗਰ, ਸੁੱਚ ਸੋਧ, ਸਾਦਗੀ ਦੀ ਮੂਰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ, ਇਸ ਕਲਯੁੱਗ ਦੇ ਭਿਆਨਕ ਸੜਦੇ ਬਲਦੇ ਯੁੱਗ ਵਿਚ ਨਾਮ ਦੀ ਠੰਡ ਵਰਤਾਉਣ ਦੀ ਕਿਰਪਾ ਕੀਤੀ। ਆਪਣੇ ਸਿੱਖਾਂ ਦੇ ਮਨ ਵਿਚੋਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਚੂਰ ਚੂਰ ਕਰਕੇ, ਉਨ੍ਹਾਂ ਦੇ ਮਨਾਂ ਅੰਦਰ ਨਾਮ ਰੂਪੀ ਜੋਤ ਜਗਾਈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਨਿੰਦਿਆ, ਚੁਗਲੀ, ਬੁਰਿਆਈ ਅਤੇ ਨਸ਼ਿਆਂ ਤੋਂ ਰਹਿਤ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ, ਸਤਿਗੁਰੂ ਜੀ ਨੇ ਆਪਣੇ ੫੦ ਸਾਲਾ ਗੁਰਗੱਦੀ ਕਾਲ ਸਮੇਂ ਜੋ ਵੀ ਧਾਰਮਿਕ, ਸਮਾਜਿਕ ਅਤੇ ਹੋਰ ਖੇਤਰਾਂ ਵਿਚ ਕਿਰਪਾ ਬਖਸ਼ਸ਼ ਕੀਤੀ ਉਸ ਦਾ ਵੇਰਵਾ ਦੇਣ ਵਾਸਤੇ ਇਕ ਤੁਛ ਜਿਹਾ ਉਪਰਾਲਾ ਕਰ ਰਿਹਾ ਹਾਂ। ਸਤਿਗੁਰੂ ਜੀ ਨੇ ਕੁਝ ਮਹੱਤਵਪੂਰਨ ਇਤਿਹਾਸਕ ਥਾਵਾਂ ਨੂੰ ਨਵਾਂ ਰੂਪ ਬਖਸ਼ਿਆ ਉਨ੍ਹਾਂ ਵਿਚੋਂ ਮੁੱਖ ਥਾਵਾਂ ਦਾ ਜ਼ਿਕਰ ਕਰ ਰਿਹਾ ਹਾਂ।

**ਸਦਾ-ਵਰਤ ਲੰਗਰ** :- ਸਦਾ-ਵਰਤ ਲੰਗਰ ਤੋਂ ਭਾਵ ਸਦਾ ਵਰਤਣ ਵਾਲਾ ਲੰਗਰ ਜੋ ਹਰ ਸਮੇਂ ਹੀ ਚੱਲਦਾ ਰਹੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਤੋਂ ਲੈ ਕੇ ਲੰਗਰ, ਸੰਗਤ, ਪੰਗਤ ਇਹ ਗੁਰਮਤਿ ਅਨੁਸਾਰ ਪ੍ਰੰਪਰਾ ਚੱਲੀ ਆ ਰਹੀ ਹੈ। ਸ੍ਰੀ ਸਤਿਗੁਰੂ ਜੀ ਨੇ ਆਪਣੀ ਕ੍ਰਿਪਾ ਬਖਸ਼ਿਸ਼ ਦੁਆਰਾ, ਇਸ ਸਦਾ-ਵਰਤ ਲੰਗਰ ਦੀ ਇਮਾਰਤ ਦੀ ਨਵ-ਉਸਾਰੀ ਕਰਵਾਈ ਹੈ। ਅਤੇ ਇਸ ਨੂੰ ਚਾਰ ਚੰਨ ਲਾਏ ਹਨ। ਇਸ ਲੰਗਰ ਵਿਚ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਤਪ ਅਸਥਾਨ ਹੈ। ਜੋ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਕ੍ਰਿਪਾ ਬਖਸ਼ਿਸ਼ ਦੁਆਰਾ ਨਵੇਂ ਰੂਪ ਵਿਚ ਤਿਆਰ ਕਰਵਾਇਆ ਹੈ।

**ਰਾਮ ਮੰਦਰ** :- ਰਾਮ ਮੰਦਰ ਤੋਂ ਭਾਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪੁਰਾਤਨ ਮੰਦਰ ਜੋ ਕਿ ਪਹਿਲਾ ਚੌਰਸ ਅਕਾਰ ਦਾ ਸੀ, ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮੰਦਰ ਨੂੰ ਹੁਣ ਨਵੇਂ ਰੂਪ ਵਿਚ ਬਣਾਉਣ ਦੀ ਕ੍ਰਿਪਾ ਕੀਤੀ ਹੈ। ਹੁਣ ਇਹ ਮੰਦਰ ਗੋਲ ਅਕਾਰ ਦਾ ਬਣਾਇਆ ਗਿਆ ਹੈ। ਇਥੇ ਹਰ ਸੰਗਰਾਂਦ ਮਨਾਈ ਜਾਂਦੀ ਹੈ। ਅਤੇ ਸੰਗਰਾਂਦ ਵਾਲੇ ਦਿਨ ਪਾਠਾਂ ਦੇ ਭੋਗ ਪਾਏ ਜਾਂਦੇ ਹਨ। ਸੰਗਤਾਂ ਬੈਠ ਕੇ ਨਾਮ ਸਿਮਰਨ ਕਰਦੀਆਂ ਹਨ।

**ਗਊਸ਼ਾਲਾ** :- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗਊ ਮਾਤਾ ਦੇ ਨਾਲ ਬੇਹੱਦ ਪ੍ਰੇਮ ਹੈ। ਇਸ ਦਾ ਅੰਦਾਜ਼ਾ ਅਸੀਂ ਇਥੋਂ ਲਾ ਸਕਦੇ ਹਾਂ ਕਿ ਗਊਆਂ ਦੀ ਸਾਂਭ ਸੰਭਾਲ ਵਾਸਤੇ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਿਚ ਬਹੁਤ ਸੁੰਦਰ ਗਊਸ਼ਾਲਾ ਤਿਆਰ ਕਰਵਾਈ ਹੈ। ਜਿਸ ਵਿਚ ਬਹੁਤ ਹੀ ਸੁੰਦਰ ਵੱਖ-ਵੱਖ ਕਿਸਮ ਦੀਆਂ ਗਊਆਂ ਰੱਖੀਆਂ ਗਈਆਂ ਹਨ। ਗਊਆਂ ਨਾਲ ਆਪ ਜੀ ਦਾ ਕਿੰਨਾ ਮੋਹ ਹੈ ਇਹ ਗੱਲ ਆਪ ਜੀ ਦੇ ਪਵਿੱਤਰ ਬਚਨਾਂ ਤੋਂ ਸਪੱਸ਼ਟ ਹੋ ਜਾਂਦੀ ਹੈ :

"ਮੈਂ ਗਊ ਨਾਲ ਹਿਸਾਬ ਨਹੀਂ ਕਰਦਾ;
ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ"

ਆਪ ਜੀ ਦੀ ਕਿਰਪਾ ਸਦਕਾ ਹਰਿਆਣਾ ਨਸਲ ਦੀ ਇਕ ਗਊ ਨੇ ੬੪ ਪੌਂਡ ਰੋਜ਼ਾਨਾ ਅਤੇ ਸਾਹੀਵਾਲ ਨਸਲ ਦੀ ਨੌ ਲੱਖੀ ਨੇ ੭੪ ਪੌਂਡ ਦੁੱਧ ਰੋਜ਼ਾਨਾ ਦੁੱਧ ਦੇ ਕੇ ਭਾਰਤ ਭਰ 'ਚੋਂ ਅੱਵਲ ਆਉਣ ਤੇ ਭਾਰਤ ਦੀ ਨੀਮ ਸਰਕਾਰੀ ਸੰਸਥਾ ਗੋਵਰਧਨ ਸਮਿਤੀ ਨੇ ੧੯੬੪ ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ "ਗੋਪਾਲ ਰਤਨ" ਦੀ ਉਪਾਧੀ ਭੇਟ ਕਰਕੇ ਸਨਮਾਨ ਦਿੱਤਾ ਸੀ ਇਹ ਸਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਬਖਸ਼ਿਸ਼ ਹੈ।

**ਬਿਰਧਸ਼ਾਲਾ** :- ਆਪ ਜੀ ਦੀ ਕ੍ਰਿਪਾ ਨਾਲ ਸ੍ਰੀ ਭੈਣੀ ਸਾਹਿਬ ਬਿਰਧਾਂ ਦੀ ਸੇਵਾ ਸੰਭਾਲ ਵਾਸਤੇ ਇਕ ਬਹੁਤ ਸੁੰਦਰ ਬਿਰਧਸ਼ਾਲਾ ਤਿਆਰ ਕਰਵਾਈ ਗਈ ਹੈ। ਜਿਸ ਵਿਚ ਚੱਲਣ ਤੋਂ ਅਸਮਰਥ ਬਜ਼ੁਰਗਾਂ ਦਾ ਸਤਿਗੁਰੂ ਜੀ ਖਾਸ ਖਿਆਲ ਰੱਖਦੇ ਹਨ। ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਕੋਈ ਤੰਗੀ ਪਰੇਸ਼ਾਨੀ ਨਹੀਂ ਆਉਂਦੀ, ਆਪ ਉਚੇਚੇ ਤੌਰ ਤੇ ਬਜ਼ੁਰਗਾਂ ਨੂੰ ਦਰਸ਼ਨ ਦੇਣ ਵਾਸਤੇ ਕਿਰਪਾ ਕਰਦੇ ਹਨ। ਉਨ੍ਹਾਂ ਦੀਆਂ ਦਵਾਈਆਂ ਜਾਂ ਹੋਰ ਲੋੜਵੰਦ ਸਮਾਨ ਸਮੇਂ ਸਮੇਂ ਅਨੁਸਾਰ ਆਪ ਜੀ ਦੀ ਕ੍ਰਿਪਾ ਨਾਲ ਮਿਲਦਾ ਹੈ। ਗੁਰਬਾਣੀ ਦਾ ਵਾਕ ਹੈ :

"ਸਤਿਗੁਰ ਮੇਰੇ ਕੀ ਵਡਿਆਈ,
ਪ੍ਰਗਟ ਭਈ ਹੈ ਸਭਨੀ ਥਾਈਂ"

**ਰਾਮਸਰ ਸਰੋਵਰ** :- ਰਾਮਸਰ ਸਰੋਵਰ ਦਾ ਪੁਰਾਤਨ ਇਤਿਹਾਸ ਤ੍ਰੇਤੇ ਯੁੱਗ ਨਾਲ ਸਬੰਧ ਰੱਖਦਾ ਹੈ, ਇਸ ਜਗ੍ਹਾ ਉਤੇ ਤ੍ਰੇਤੇ ਯੁੱਗ ਦੇ ਮਾਲਕ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਕਿਰਪਾ ਕਰਕੇ ਚਰਨ ਪਾਏ ਸਨ। ਅਤੇ ਇਸ ਜਗ੍ਹਾ ਉਤੇ ਹਵਨ ਕੀਤੇ ਕਰਵਾਏ ਸਨ। ਪਹਿਲਾਂ ਇਸ ਸਰੋਵਰ ਦੀ ਨੁਹਾਰ ਕੁਝ ਹੋਰ ਸੀ। ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕਰਕੇ ਇਸ ਸਰੋਵਰ ਦੀ ਕਾਇਆ ਕਲਪ ਕੀਤੀ ਹੈ।


Namdhari Elibrary NamdhariElibrary@gmail.com

ਆਪ ਜੀ ਨੇ ਸਿੱਖਾਂ ਸੇਵਕਾਂ ਨਾਲ ਆਪ ਮੋਹਰੀ ਹੋ ਕੇ ਇਸ ਸਰੋਵਰ ਦੀ ਸੇਵਾ ਕੀਤੀ। ਅਤੇ ਸਿੱਖਾਂ ਨੂੰ ਸੇਵਾਕਰਨ ਦੀ ਜਾਚ ਦੱਸੀ। ਇਹ ਸਰੋਵਰ ਹੇਠਾਂ ਤੋਂ ਲੈ ਕੇ ਉਪਰ ਤੱਕ ਅੱਠ ਨੁੱਕਰ ਵਾਲਾ ਹੈ। ਇਸ ਵਿਚ ਪਾਣੀ ਬਾਹਰੋਂ ਨਹੀਂ ਪਾਇਆ ਜਾਂਦਾ ਸਗੋਂ ਧਰਤੀ ਵਿਚੋਂ ਹੀ ਪਾਣੀ ਆਉਂਦਾ ਹੈ। ਇਸ ਸਰੋਵਰ ਵਿਚ ਇਸ਼ਨਾਨ ਕਰਕੇ ਲੱਖਾਂ ਸ਼ਰਧਾਲੂਆਂ ਦੇ ਦੁੱਖ ਦੂਰ ਹੁੰਦੇ ਹਨ। ਸੰਗਮਰਮਰ ਅਤੇ ਹੋਰ ਸੁੰਦਰ ਪੱਥਰ ਲਾ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸਰੋਵਰ ਨੂੰ ਬਹੁਤ ਸੁੰਦਰ ਬਣਾਇਆ ਹੈ। ਅਤੇ ਇਸਦੇ ਆਲੇ ਦੁਆਲੇ ਫੁੱਲ ਪਾਰਕ ਬਹੁਤ ਸੁੰਦਰ ਬਣੇ ਹੋਏ ਹਨ।

**ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ** :- ਇਸ ਅਕੈਡਮੀ ਵਿਚ ਸਤਿਗੁਰੂ ਜੀ ਕਿਰਪਾ ਕਰਕੇ ਬੱਚਿਆਂ ਨੂੰ ਗੁਰਮੁਖੀ ਅੱਖਰ ਸਿਖਾਉਣ ਵਾਸਤੇ ਬਖਸ਼ਿਸ਼ ਕਰਦੇ ਹਨ। ਹੋਰਨਾਂ ਤਾਲੀਮਾਂ ਤੋਂ ਬਿਨਾਂ ਰਾਗ ਵਿੱਦਿਆ, ਖੇਡਾਂ, ਤਬਲਾ, ਕੰਪਿਊਟਰ ਸਿਖਲਾਈ ਸ਼ੁੱਧ ਗੁਰਬਾਣੀ ਸਿੱਖਿਆ, ਬੱਚਿਆਂ ਨੂੰ ਦਿੱਤੀ ਜਾਂਦੀ ਹੈ। ਗੁਰਮੁੱਖੀ ਬਾਣਾ ਸਾਰੇ ਬੱਚੇ ਪਹਿਨਦੇ ਹਨ। ਅਤੇ ਉਨ੍ਹਾਂ ਨੂੰ ਗੁਰਮਤਿ ਇਤਿਹਾਸ ਗੁਰਮਤਿ ਅਸੂਲਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਸਤਿਗੁਰੂ ਜੀ ਇਨ੍ਹਾਂ ਬੱਚਿਆਂ ਵੱਲ ਅਤੇ ਸਕੂਲ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ।

**ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ** :- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਰੀਬਾਂ ਦੀ ਸਹਾਇਤਾ ਵਾਸਤੇ, ਰੋਗੀਆਂ ਦੇ ਇਲਾਜ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਅਪੋਲੋ ਹਸਪਤਾਲ ਲੁਧਿਆਣਾ ਵਿਖੇ ਤਿਆਰ ਕਰਵਾਇਆ ਜਿਸ ਵਿਚ ਬਹੁਤ ਉਚ ਸਹੂਲਤਾਂ ਮਰੀਜ਼ਾਂ ਨੂੰ ਦਿੱਤੀਆਂ ਗਈਆਂ ਹਨ। ਉਚ ਕੋਟੀ ਦੇ ਡਿਗਰੀਆਂ ਪ੍ਰਾਪਤ ਡਾਕਟਰ ਇਥੇ ਮਰੀਜ਼ਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਇਹ ਇਕ ਬਹੁਤ ਵੱਡੀ ਸਤਿਗੁਰੂ ਜੀ ਦੀ ਕ੍ਰਿਪਾ ਬਖਸ਼ਸ਼ ਹੈ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

**ਸਾਹਿਤ ਸਿਰਜਣਾ** :- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਜਿਹੜੇ ਸਾਹਿਤ ਦੀ ਸਿਰਜਣਾ ਹੋਈ ਉਹ ਇਸ ਤਰ੍ਹਾਂ ਹੈ :-

**ਸੰਤ ਇੰਦਰ ਸਿੰਘ ਚੱਕਰਵਰਤੀ ਦੀਆਂ ਪੁਸਤਕਾਂ** : ਅੜਬੰਗੀ, ਪਹਿਲਾ ਮਰਣ ਕਬੂਲ, ਅਟੱਲ ਪ੍ਰਤਾਪੀ, ਖੰਡੇ ਦਾ ਅੰਮ੍ਰਿਤ ਕਿਸਨੇ ਬਣਾਇਆ ਆਦਿ।

**ਪ੍ਰੋ. ਕਿਰਪਾਲ ਸਿੰਘ ਕਸੇਲ** :- ਜੈਸਾ ਸਤਿਗੁਰੂ ਸੁਣੀਦਾ, ਚਾਲੀਸਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਤਵਾਰੀਖ ਸੰਤ ਖਾਲਸਾ, ਨਾਮਧਾਰੀ ਸਤਿਗੁਰੂ ਮਹਿਮਾ ਆਦਿ ਪੁਸਤਕਾਂ ਹਨ।

**ਸੰਤ ਤਰਨ ਸਿੰਘ ਵਹਿਮੀ** :- ਪੰਜ ਨਿਰਣੇ, ਸਾਫ ਪਾਣੀ, ਇੱਛਾ ਪੂਰਕ, ਸੋਰਠ ਬੀਜਾ ਗੁਰ ਪ੍ਰਕਾਸ਼, ਸਚਹੁ ਓਰੈ ਸਭਕੋ, ਇਤਿਹਾਸਕ ਕਾਵਿ ਸੰਗ੍ਰਹਿ ਨੰਦੇੜੋਂ ਬਾਅਦ ਦਸਮ ਗੁਰੂ, ਜੱਸ ਜੀਵਨ ੬ ਭਾਗ, ਸੁਹੇਵਾ ਸਾਹਿਬ ਆਦਿ ਪੁਸਤਕਾਂ ਹਨ।

**ਸੰਤ ਪ੍ਰੀਤਮ ਸਿੰਘ ਕਵੀ** :- ਕਵੀ ਜੀ ਨੇ ਸ੍ਰੀ ਜੀਵਨ ਨਗਰ, ਭੈਣੀ ਸਾਹਿਬ, ਬੀਤੇ ਦੀਆਂ ਪੈੜਾਂ ੧੩ ਭਾਗ, ਸਤਿਗੁਰੂ ਜਗਜੀਤ ਸਿੰਘ ਇਕ ਪਰਿਵਰਤਨ, ਸੂਬਾ ਸਾਹਿਬ ਸਿੰਘ, ਗਿਆਨੀ ਰਤਨ ਸਿੰਘ, ਇਸਤਰੀਆਂ ਦਾ ਮੁਕਤੀ ਦਾਤਾ, ਆਦਿ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ।

**ਸੰਤ ਆਤਮਾ ਸਿੰਘ ਸਨਖਤਰਾ** :- ਨਾਨਕ ਰਾਜ, ਸਿੱਖ ਗੁਰੂ ਪ੍ਰੰਪਰਾ, ਮੇਰੀ ਜ਼ਿੰਦਗੀ ਦਾ ਸਫਰਨਾਮਾ ਆਦਿ।

**ਮਾਸਟਰ ਨਿਹਾਲ ਸਿੰਘ** :- ਬਾਲ ਸਿੱਖਿਆ, ਬਾਈਕਾਟ, ਬੇਅੰਤ ਲੀਲਾ, ਵਿੱਦਿਅਕ ਪੋਥੀ, ਚੋਜੀ ਪ੍ਰੀਤਮ, ਰਤਨ ਮਾਲਾ, ਦਾਨੇ ਤੇ ਮਸਤਾਨੇ, ਮਾਤਾਵਾਂ ਸਤਿਗੁਰੂ ਰਾਮ ਸਿੰਘ, ਤੋਪਾ ਗਰਜਦੀਆਂ ਗਈਆਂ, ਕੂਕਿਆਂ ਦਾ ਪੰਥ ਨਿਰਾਲਾ ਅਧੂਰੀ ਕਹਾਣੀ ਆਦਿ। ਹੋਰ ਬਹੁਤ ਸਾਰੀਆਂ ਸਾਹਿਤਕ ਸਿਰਜਣਾਵਾਂ ਸਤਿਗੁਰੂ ਜੀ ਨੇ ਪ੍ਰਕਾਸ਼ਕ ਕਰਵਾਈਆਂ।

ਅੰਤ ਵਿਚ ਮੈਂ ਇਹ ਕਹਾਂਗਾ-

"ਸੱਚੇ ਹੈ ਸੱਚ ਹੀ ਕਹੋਂਗੇ ਸਤਿਗੁਰੂ ਜਗਜੀਤ ਸਿੰਘ
ਆਜ ਹੈ ਕੱਲ ਭੀ ਰਹੋਂਗੇ ਸਤਿਗੁਰੂ ਜਗਜੀਤ ਸਿੰਘ"
ਆਪਣੇ-ਆਪਣੇ ਪਾਪ ਧੋ ਲੋ ਪਿਆਸ ਕਾ ਕਰ ਲੋ ਇਲਾਜ
"ਗੰਗਾ ਹੈ ਬਹਿਤੇ ਰਹੋਂਗੇ ਸਤਿਗੁਰੂ ਜਗਜੀਤ ਸਿੰਘ"।

## ਕਬਿੱਤ / *—ਗੁਰਸੇਵ ਸਿੰਘ ਢਿੱਲੋਂ*

(੧)

ਇਹੋ ਵਰ ਮੰਗਾਂ, ਮੰਗ ਮੰਗਦਿਆਂ ਸੰਗਾਂ
ਕੱਟੋ ਜਮਾ ਵਾਲਾ ਫੰਧਾ, ਜਗਜੀਤ ਗੁਰ ਪਿਆਰਿਓ।

ਤੁਸੀਂ ਗੁਰੂ ਹਮ ਬਾਲ, ਤੁਸੀਂ ਦੀਨਾਂ ਤੇ ਦਿਆਲ,
ਕਰੋ ਨਦਰਿ ਨਿਹਾਲ ਜਗਜੀਤ ਗੁਰ ਪਿਆਰਿਓ।

ਤੁਸੀਂ ਰਿੱਧ ਸਿੱਧ ਦਾਤੇ, ਤੁਸੀਂ ਮਾਰਗ ਦਿਖਾਤੇ,
ਤੁਸੀਂ ਪਿੰਗਲੇ ਤਰਾਤੇ, ਜਗਜੀਤ ਗੁਰ ਪਿਆਰਿਓ।

ਗੁਰ ਸੇਵਕ ਨੂੰ ਚਾਹੋ ਸਦਾ, ਗਲ ਨਾਲ ਲਾਵੋ ਸਦਾ,
ਭੁੱਲਾਂ ਬਖਸ਼ਾਵੋ ਸਦਾ, ਜਗਜੀਤ ਗੁਰ ਪਿਆਰਿਓ।

(੨)

ਤੁੱਟ ਤੁੱਟ, ਰੁੱਠ ਰੁੱਠ, ਫੇਰ ਹੋਏ ਇਕ ਮੁੱਠ,
ਮੇਰੇ ਉਤੇ ਕਰੀਂ ਸਦਾ ਮਿਹਰ ਮਿਹਰਾਂ ਵਾਲਿਆਂ।

ਮਨ ਮਤਿ, ਗੁਰਮਤਿ ਹੋਵੇ ਮੇਰੀ ਸਤਿਗੁਰ
ਛੱਡ ਦੇਵਾਂ ਕੂੜ ਹੇਰ ਫੇਰ ਮਿਹਰਾਂ ਵਾਲਿਆ।

ਗੁਰਸੇਵਕ ਉਚਾਰੇ ਲੱਖਾਂ ਤਰੇ ਤੇਰੇ ਦੁਆਰੇ
ਕਰੀ ਨਾ ਤੂੰ ਹੁਣ ਬਹੁਤੀ ਦੇਰ ਮਿਹਰਾਂ ਵਾਲਿਆ।

ਅਗਿਆਨਤਾ ਦਾ ਨਾਸ ਕਰ, ਗਿਆਨ ਪ੍ਰਕਾਸ਼ ਕਰ
ਜ਼ਿੰਦਗੀ 'ਚ ਕਰਦੇ ਸਵੇਰ ਮਿਹਰਾਂ ਵਾਲਿਆਂ।


Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾਂ ਮੱਤਿ ਗੁਰੂਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂਕਾਲ ਦੀ ਅਰਧ ਸ਼ਤਾਬਦੀ ਤੇ ਸਾਧ ਸੰਗਤ ਨੂੰ ਵਧਾਈਆਂ।



# SANGAM FURNITURE

**Amrik Singh**



72/1, Timber Block-2,
W.H.S., Kirti Nagar, Main Road,
Satguru Ram Singh Marg,
New Delhi-110015
Ph : 25431137, Cell : 9810264389





Namdhari Elibrary Namdhari Elibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



VMT
VISHKARMA MACHINE TOOLS
ISO 9001 : 2008 CERTIFIED



## Simlifying O.D.C. transportation

VMT **VISHKARMA MACHINE TOOLS**

**H.O.: A-6, Ph-II, Maya Puri, Indl. Area New Delhi-110064**
**Phone : 011-4185097, 011-41845098**
**Fax : 011-45596896 Website : www.vmt.co.in**
**E-mail : vishkarma6@hotmail.com, Sales@vmt.com.in**



NamdhariElibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਥਾਨਾ ਮੱਤਿ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



Manmeet
PROPERTY CAMPUS (REGD.)

C-1/25, Sector-15, Rohini, Delhi-110089
Ph.: 27291077, 27294901, Mobile : 9811253199

Manmeet Singh
9811253199

Sale
Purchase
Finance

OUR ADVISE MATTERS

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਾਲ ਦੀ ਅਰਧ
ਸ਼ਤਾਬਦੀ ਦੇ ਅਵਸਰ ਤੇ ਹਾਰਦਿਕ ਵਧਾਈਆਂ

dhf®

Dynamic Hydrofab

Specialize in :

Hydraulic Cylinders
Tipping Cylinders
Power Packs
Broaching Machines

Tel. : 011-65161841
Telefax : 011-27834388
Mob. : 93501-84284
e-mail : dhf@dfh.in
e-mail : dhfdelhi@gmail.com
web : www.dhf.in



ਪਰਗਟ ਸਿੰਘ ਬਾਜਵਾ

Dynamic Hydrofab

B-195, Libaspur Road, Samaipur, Delhi-110042



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤਿ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



Ballowal

Assa Singh
Bakshish Singh



Shop No. 4, L.S.C., D.D.A. Market, Furniture Block,
Kirti Nagar, New Delhi-110015
Ph.: 45071991, 9811266781, 9899865151



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ





Harbhajan Singh

Harbhajan Singh
Maninder Singh

SE

SPICK ENTERPRISES

*Spares of Electric Motor, Exhaust fan, Pumps Kit & Geyser*

I-7 Kailash Park, Najafgarh Road,
New Delhi-110015
Phone : 2541 4044, Mobile : 9811071779




Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾਂ ਮੱਤਿ ਗੁਰੂਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂਕਾਲ ਦੀ ਅਰਧ ਸ਼ਤਾਬਦੀ ਤੇ ਸਾਧ ਸੰਗਤ ਨੂੰ ਵਧਾਈਆਂ।







Harjeet Singh

# Quick Property Dealer

**Sale, Purchase, Renting & Collaboration**

**ON COMMISION BASIS**

**WZ-77, SANT GARH, (OPP. SHIV MODERN S.SEC. SCHOOL), TILAK NAGAR, NEW DELHI-110018**



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ





Ph : 27831104
27832105
9891063925

Gurmeet Singh Aulakh
Bhagwant Singh Aulakh

# Namdhari Timber

Spl. In : Malaysian Sall Pine Wood
Ply Wood & All Imported Truck Body Wood.

Aw-25, Sanjay Gandhi Transport Nagar, Delhi- 110042
8/116 Ramesh Nagar, New Delhi-110015



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤਿ
ਗੁਰੂ ਕਾਲ ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



# Dharam Singh & Sons

**Builders & Approved Government Contractors**

**Phone : 5930146, Resi. : 5930409**

**Specialists in:**

**Building, Road Work, Instt. of Tank Pump & All Kinds of Petrol Pump Work**



**Mohinder Singh**

**Res. & Office:**
**1-C/142, Namdhari Colony,**
**Ramesh Nagar, N. Delhi-15**





Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤਿ ਗੁਰੂ ਕਾਲ ਦੇ
ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



# MALHOTRA TOOLS

Tin No. 07890311498

**Mfg. of Hoisery Machine Parts**

**And Injection Moulding Die And Injection Mouding Job Work**



**1C-160 Namdhari Colony Ramesh Nagar New Delhi-15**

M: Jasbir Singh (989162-6699), Pardeep Singh (92136-46376)



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤਿ ਗੁਰੂ ਕਾਲ ਦੇ ਪੰਜਾਹ ਸਾਲ
ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



HAZARA Tin No. 07820306153
ENTERPRISES

Manufectors :
Fan Parts and Heat Convector
Also Hellozen Heater Spare parts

IC-139, Namdhari Colony
Ramesh Nagar, New Delhi-15

Cell :
092500-81995, 011-45088711



Namdhari Elibrary NamdhariElibrary@gmail.com




ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਨੂੰ ਸ਼ਾਨਾ ਮੱਤੇ ਗੁਰੂ ਕਾਲ ਦੇ ਪੰਜਾਹ ਸਾਲ
ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ

# SATGURU
# Trailer Transport

**Fleet Owners & Transport Contractors**
**Specialists for ODC All Over India**

340, Apsara Complex, 3rd Floor, Delhi U.P. Border
P.O. Chikamberpur, Distt Ghaziabad - 201006 (U.P.)

Ph: 0120-2893865, 2623676,
Fax: 0120-2893864
Dubey Mobile:
9310204222, 981020422

Branch Office :
Swamy Complex, Madanayakanahalli 19km
Tumkur Road, Bangalore -562123
Phones : 080-23711179, 23710187
Fax : 080-23718116
Mobile : 09448762816, 09343979740,
09880979740
Reliance Phone : 080-32909092





Harjeet Singh Vridi
9810106272
9310106272





Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਨਾ ਮੱਤੇ ਗੁਰੂ ਕਾਲ
ਦੇ ਪੰਜਾਹ ਸਾਲ ਸੰਪੂਰਨ ਹੋਣ ਤੇ ਕੋਟਿ ਕੋਟਿ ਪ੍ਰਣਾਮ



# DHANJAL

AUTOMOTIVE BODY BUILDERS AND FABRICATORS

Since 1956

**: HEAD OFFICE :**

**18B, Gokhale Market, New Delhi- 110054**

**BRANCH OFFICE :**

**CW-84, Sanjay Gandhi Transport Nagar,**
**New Delhi-110042**

**BRANCH OFFICE :**

**C.8 Lane No.8 Burari Road Saroop Nagar,**
**New Delhi 110042**

**Tel. : 00191-1127812125 , 0091-1123913289**
**00919868300009, 00919212003031**
**00919810050515**

e-mailinfo@dhanjals.com





Namdhari Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਦੀ ਛੱਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਵਲੋਂ ਆਰੰਭ ਕੀਤੀ ਗਈ ਸਸਤੇ ਅਤੇ ਸਾਮੂਹਕ ਅਨੰਦ ਕਾਰਜਾਂ ਦੀ ਸ਼ਤਾਬਦੀ ਮਨਾਉਂਦਿਆਂ, ਇਤਿਹਾਸਕ ਪਿੰਡ ਖੋਟੇ ਵਿਚ ੧੫੦ ਜੋੜਿਆਂ ਦੇ ਅਨੰਦ ਕਾਰਜ ਦਾ ਦ੍ਰਿਸ਼।

Namdhari Elibrary NamdhariElibrary@gmail.com

Registered No. PB 0016 (2009-2011) WARIAM Ladowali Road, Jalandhar- 14400
Regd. RNI No. 26453/75 September 200




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289

Namdhari Elibrary namdharielibrary@gmail.com